# ਸੈਂਟਰ ਫਾਰ ਡਿਸਟੈਂਸ ਐਂਡ ਆਨਲਾਈਨ ਐਜੂਕੇਸ਼ਨ
# ਪੰਜਾਬੀ ਯੂਨੀਵਰਸਿਟੀ, ਪਟਿਆਲਾ

ਕਲਾਸ : ਬੀ.ਏ. ਭਾਗ ਪਹਿਲਾ (ਧਰਮ ਅਧਿਐਨ) ਸਮੈਸਟਰ ਪਹਿਲਾ

ਪੇਪਰ : ਸਿੱਖ ਧਰਮ ਯੂਨਿਟ ਨੰ: 1

ਮਾਧਿਅਮ : ਪੰਜਾਬੀ

ਪਾਠ ਨੰ.

***ਇਤਿਹਾਸਕ ਪੱਖ ਅਤੇ ਸਿੱਖ ਧਰਮ ਗ੍ਰੰਥ***

*1.1 ਗੁਰੂ ਨਾਨਕ ਦੇਵ ਜੀ, ਜੀਵਨ ਤੇ ਸਿੱਖਿਆਵਾਂ*

*1.2 ਗੁਰਿਆਈ ਦੀ ਪਰੰਪਰਾ*

*1.3 ਸੰਗਤ*

*1.4 ਪੰਗਤ/ਲੰਗਰ*

*1.5 ਗੁਰੂ ਗ੍ਰੰਥ ਸਾਹਿਬ : ਮੁੱਢਲੀ ਜਾਣਕਾਰੀ*

*1.6 ਜਪੁਜੀ ਸਾਹਿਬ : ਮੁੱਢਲੀ ਜਾਣਕਾਰੀ*

*1.7 ਬਾਰਹਮਾਹ ਮਾਝ : ਮੁੱਢਲੀ ਜਾਣਕਾਰੀ*

**Department website : www.pbidde.org**

# ਬੀ.ਏ. ਭਾਗ ਪਹਿਲਾ ਧਰਮ ਅਧਿਐਨ
## ਸਮੈਸਟਰ–ਪਹਿਲਾ
## ਪੇਪਰ–*ਪਹਿਲਾ* (ਸਿੱਖ ਧਰਮ)

| | |
|---|---|
| **For Regular Students**<br>**Maximum Marks : 100**<br>**External Examination : 75 Marks**<br>**Internal Assessment : 25 Marks** | **Time Allowed : 3 Hours**<br>**Pass Marks : 35%** |

### ਪੇਪਰ ਸੈਟਰ ਲਈ ਹਦਾਇਤਾਂ
### (ਡਿਸਟੈਂਸ ਐਜੂਕੇਸ਼ਨ ਅਤੇ ਪ੍ਰਾਈਵੇਟ ਵਿਦਿਆਰਥੀਆਂ ਲਈ)

1. ਪ੍ਰਸ਼ਨ ਪੱਤਰ ਤਿੰਨ ਹਿੱਸਿਆਂ ਵਿੱਚ ਵੰਡਿਆ ਜਾਵੇਗਾ। ੳ, ਅ ਅਤੇ ੲ। ੳ ਸੈਕਸ਼ਨ ਦੇ ਪ੍ਰਸ਼ਨ ਪੱਤਰ ਦਾ ਪੇਪਰ ਸੈਟਰ ਚਾਰ ਪ੍ਰਸ਼ਨਾਂ ਵਿਚ ਏ ਅਤੇ ਬੀ ਸੈਕਸ਼ਨ ਦਾ ਸਿਲੇਬਸ ਕਵਰ ਕਰੇਗਾ। ਚਾਰ ਪ੍ਰਸ਼ਨਾਂ ਵਿਚੋਂ ਵਿਦਿਆਰਥੀ ਦੋ ਪ੍ਰਸ਼ਨ ਹੱਲ ਕਰਨਗੇ ਤੇ ਹਰੇਕ ਪ੍ਰਸ਼ਨ ਸਾਢੇ ਬਾਰਾਂ ਨੰਬਰ ਦਾ ਹੋਵੇਗਾ। (12.5 X 2 = 25)

2. ਸੈਕਸ਼ਨ ਅ ਵਿੱਚ ਸਾਰੇ ਸਿਲੇਬਸ ਵਿਚੋਂ ਸੱਤ ਪ੍ਰਸ਼ਨ ਪੁੱਛੇ ਜਾਣਗੇ ਅਤੇ ਵਿਦਿਆਰਥੀਆਂ ਲਈ 7 ਪ੍ਰਸ਼ਨਾਂ ਵਿਚੋਂ 5 ਦਾ ਉੱਤਰ ਦੇਣਾ ਲਾਜ਼ਮੀ ਹੋਵੇਗਾ ਤੇ ਹਰੇਕ ਪ੍ਰਸ਼ਨ 6 ਅੰਕਾਂ ਦਾ ਹੋਵੇਗਾ। (5X6 =30)

3. ੲ ਸੈਕਸ਼ਨ ਵਿਚੋਂ ਸਾਰੇ ਪ੍ਰਸ਼ਨ ਜ਼ਰੂਰੀ ਹੋਣਗੇ। ਪ੍ਰੀਖਿਅਕ ਵੱਲੋਂ ਛੋਟੇ ਉਤਰਾਂ ਵਾਲੇ 15 ਪ੍ਰਸ਼ਨ ਪੁੱਛੇ ਜਾਣਗੇ ਅਤੇ ਹਰੇਕ ਪ੍ਰਸ਼ਨ 3 ਅੰਕਾਂ ਦਾ ਹੋਵੇਗਾ। (15 X 3 = 45)

### ਪਰੀਖਿਆਰਥੀ ਲਈ ਹਦਾਇਤਾਂ

ਵਿਦਿਆਰਥੀਆਂ ਨੇ ਭਾਗ ੳਦੇ ਚਾਰ ਪ੍ਰਸ਼ਨਾਂ ਵਿਚੋਂ ਦੋ ਪ੍ਰਸ਼ਨਾਂ ਦੇ ਉਤਰ ਦੇਣੇ ਹੋਣਗੇ। ਪ੍ਰਸ਼ਨ ਪੱਤਰ ਦੇ ਭਾਗ ਅ ਵਿਚੋਂ ਸੱਤ ਪ੍ਰਸ਼ਨਾਂ ਵਿਚੋਂ ਪੰਜ ਪ੍ਰਸ਼ਨਾਂ ਦੇ ਉਤਰ ਦੇਣੇ ਹੋਣਗੇ। ਭਾਗ ੲ ਦੇ ਸਾਰੇ ਪ੍ਰਸ਼ਨਾਂ ਦਾ ਉਤਰ ਦੇਣਾ ਲਾਜ਼ਮੀ ਹੋਵੇਗਾ ਜਿਸ ਵਿੱਚ ਵਿਦਿਆਰਥੀ 15 ਛੋਟੇ ਪ੍ਰਸ਼ਨਾਂ ਦੇ ਉਤਰ ਦੇਣਗੇ।

### ਭਾਗ (ੳ)

### ਇਤਿਹਾਸਿਕ ਪੱਖ ਅਤੇ ਸਿੱਖ ਧਰਮ ਗ੍ਰੰਥ

1. ਗੁਰੂ ਨਾਨਕ ਦੇਵ ਜੀ, ਜੀਵਨ ਤੇ ਸਿਖਿਆਵਾਂ
2. ਗੁਰਿਆਈ ਦੀ ਪਰੰਪਰਾ
3. ਸੰਗਤ ਅਤੇ ਪੰਗਤ
4. ਗੁਰੂ ਗ੍ਰੰਥ ਸਾਹਿਬ੍ ਮੁਢਲੀ ਜਾਣਕਾਰੀ
5. ਜਪੁਜੀ ਸਾਹਿਬ੍ ਮੁਢਲੀ ਜਾਣਕਾਰੀ
6. ਬਾਰਹ ਮਾਹ ਮਾਝ੍ ਮੁਢਲੀ ਜਾਣਕਾਰੀ

### (ਭਾਗ ਅ)

### ਸ਼ਹਾਦਤ ਪਰੰਪਰਾ ਅਤੇ ਪ੍ਰਭਾਵ ਅਤੇ ਸਿਖ ਸੰਸਥਾਵਾਂ

1. ਸ਼ਹਾਦਤ ਦਾ ਸੰਕਲਪ

2. ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਅਤੇ ਪ੍ਰਭਾਵ
3. ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਅਤੇ ਪ੍ਰਭਾਵ
4. ਗੁਰਦੁਆਰਾ
5. ਮੀਰੀ ਪੀਰੀ
6. ਖਾਲਸਾ

**ਭਾਗ (ੲ)**

**ਸਾਰੇ ਪ੍ਰਸ਼ਨ ਜ਼ਰੂਰੀ ਹਨ।**

ਸੰਖੇਪ ਉੱਤਰਾਂ ਵਾਲੇ ਪੰਦਰਾਂ ਪ੍ਰਸ਼ਨ

RECOMMENDED READINGS


1. ਗੰਡਾ ਸਿੰਘ, ਤੇਜਾ ਸਿੰਘ, *ਸਿੱਖ ਇਤਿਹਾਸ, ਭਾਗ 1*,ਪੰਜਾਬੀ ਯੂਨੀਵਰਸਿਟੀ ਪਟਿਆਲਾ
2.Teja Singh, *Ideals and Institutions of Sikhism.*
3. ਸਰਦੂਲ ਸਿੰਘ ਕਵੀਸ਼ਰ, *ਸਿੱਖ ਧਰਮ ਦਰਸ਼ਨ,* ਪੰਜਾਬੀ ਯੂਨੀਵਰਸਿਟੀ ਪਟਿਆਲਾ
4. ਮਹਿੰਦਰ ਕੌਰ ਗਿੱਲ, *ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨ ਕਲਾ।*
5. ਪਿਆਰਾ ਸਿੰਘ ਪਦਮ, ਸ੍ਰੀ *ਗੁਰੂ ਗ੍ਰੰਥ ਪ੍ਰਕਾਸ਼।*
6. ਤਾਰਨ ਸਿੰਘ, *ਗੁਰੂ ਗ੍ਰੰਥ ਸਾਹਿਬ ਦਾ ਸਾਹਿਤਕ ਇਤਿਹਾਸ।*
7. Rajinder Kaur Rohi, *Japuji Text and Translation,* Punjabi University, Patiala.
8.ਰਾਜਿੰਦਰ ਕੌਰ ਰੋਹੀ, ਸ੍ਰੀ ਗੁਰੂ ਗ੍ਰੰਥ ਸਾਹਿਬ:ਅਧਿਆਤਮ ਤੇ ਵਿਵਹਾਰ,ਪੰਜਾਬੀਯੂਨੀਵਰਸਿਟੀ, ਪਟਿਆਲਾ।
9. ਸਾਹਿਬ ਸਿੰਘ, *ਜਪੁਜੀ ਸਾਹਿਬ ਸਟੀਕ,* ਸਿੰਘ ਬ੍ਰਦਰਜ਼, ਅੰਮ੍ਰਿਤਸਰ।
10. ਸਾਹਿਬ ਸਿੰਘ, *ਭਗਤ ਬਾਣੀ ਸਟੀਕ।*
11. ਜਸਪ੍ਰੀਤ ਕੌਰ, *ਡਿਸਕੋਰਸਿਸ ਆਫ ਗੁਰੂ ਗੋਬਿੰਦ ਸਿੰਘ*, ਮਦਾਨ ਪਬਲੀਕੇਸ਼ਨਜ।
12. ਜਸਪ੍ਰੀਤ ਕੌਰ, *ਸਿੱਖ ਇਥਾਸ ਏਟੀਜ਼ਨਥ ਸੈਂਚਰੀ ਪਰੈਸਪੈਕਟਿਵ।*
13. ਅਮਨਜੋਤ ਕੌਰ, ਸ੍ਰੀ *ਗੁਰੂ ਗ੍ਰੰਥ ਸਾਹਿਬ : ਪ੍ਰਾਚੀਨ ਅਤੇ ਆਧੁਨਿਕ ਪ੍ਰਸੰਗਿਕਤਾ।*
14. ਪਰਮਿੰਦਰ ਕੌਰ, *ਗੁਰੂ ਗ੍ਰੰਥ ਸਾਹਿਬ, ਸਿਧਾਂਤ ਤੇ ਸੰਦੇਸ਼, ਗ੍ਰੇਸ਼ੀਅਸ* ਬੁਕਸ, ਪਟਿਆਲਾ

ਪਾਠ ਨੰ. 1.1

# ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ

ਪਾਠ ਦੀ ਬਣਤਰ:

1.1.1 ਪਾਠ ਦਾ ਉਦੇਸ਼
1.1.2 ਭੂਮਿਕਾ
1.1.3 ਜੀਵਨ ਬਿਰਤਾਂਤ
1.1.4 ਸਿੱਖ ਧਰਮ ਦੇ ਪ੍ਰਚਾਰ ਲਈ ਉਦਾਸੀਆਂ
1.1.5 ਗੁਰੂ ਨਾਨਕ ਦੇਵ ਜੀ ਦੇ ਉਪਦੇਸ਼
1.1.6 ਕ੍ਰਾਂਤੀਕਾਰੀ ਜਾਂ ਸੁਧਾਰਕ
1.1.7 ਸਿੱਖਿਆਵਾਂ ਦਾ ਪ੍ਰਭਾਵ
1.1.8 ਸਿੱਟਾ
1.1.9 ਅਭਿਆਸ ਲਈ ਪ੍ਰਸ਼ਨ
1.1.10 ਸਹਾਇਕ ਪੁਸਤਕਾਂ

## 1.1.1 ਪਾਠ ਦਾ ਉਦੇਸ਼:

1. ਗੁਰੂ ਨਾਨਕ ਦੇਵ ਜੀ ਦੇ ਜੀਵਨ ਅਤੇ ਉਦਾਸੀਆਂ ਸੰਬੰਧੀ ਵੇਰਵਾ ਦੇਣਾ।
2. ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਸੰਬੰਧੀ ਗਿਆਨ ਦੇਣਾ।
3. ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਦਾ ਪ੍ਰਭਾਵ।
4. ਗੁਰੂ ਜੀ ਦੇ ਸੁਧਾਰਕ ਜਾਂ ਕ੍ਰਾਂਤੀਕਾਰੀ ਹੋਣ ਬਾਰੇ ਵੱਖ-ਵੱਖ ਅਧਾਰ ਦੱਸਣਾ।

## 1.1.2 ਭੂਮਿਕਾ

ਗੁਰੂ ਨਾਨਕ ਦੇਵ ਜੀ ਕੇਵਲ ਪੰਜਾਬ ਅਤੇ ਭਾਰਤ ਦੇ ਇਤਿਹਾਸ ਵਿਚ ਹੀ ਨਹੀਂ ਸਗੋਂ ਸਾਰੇ ਸੰਸਾਰ ਦੇ ਇਤਿਹਾਸ ਵਿਚ ਹੋਏ ਸਭ ਤੋਂ ਮਹਾਨ ਪੁਰਸ਼ਾਂ ਵਿਚੋਂ ਇਕ ਮੰਨੇ ਜਾਂਦੇ ਹਨ। ਉਨ੍ਹਾਂ ਨੂੰ ਕਿਸੇ ਵੀ ਦੇਸ਼ ਅਤੇ ਕਿਸੇ ਕਾਲ ਵਿਚ ਪੈਦਾ ਹੋਏ ਮਹਾਨ ਧਾਰਮਿਕ ਨੇਤਾਵਾਂ ਨਾਲ ਸਥਾਨ ਦਿੱਤਾ ਜਾ ਸਕਦਾ ਹੈ। ਉਨ੍ਹਾਂ ਨੇ ਪੰਜਾਬ ਵਿਚ ਉਸ ਸਮੇਂ ਜਨਮ ਲਿਆ ਜਦੋਂ ਹਿੰਦੂ ਸਮਾਜ ਵਿਚ ਫੋਕੇ ਕਰਮ-ਕਾਂਡ ਅਤੇ ਝੂਠੇ ਰਸਮੋ-ਰਿਵਾਜ ਬਹੁਤ ਜ਼ੋਰ ਫੜ ਚੁੱਕੇ ਸਨ। ਲੋਕਾਂ ਦੇ ਆਚਰਣ ਬਹੁਤ ਡਿਗ ਗਏ ਸਨ ਅਤੇ ਧਰਮ ਕੇਵਲ ਪਾਖੰਡ ਬਣ ਕੇ ਰਹਿ ਗਿਆ ਸੀ। ਦੂਜੇ ਭਗਤਾਂ ਵਾਂਗ ਗੁਰੂ ਨਾਨਕ ਦੇਵ ਜੀ ਨੇ ਬੜੇ ਉਤਸ਼ਾਹ ਨਾਲ ਸਮਾਜਿਕ ਬੁਰਾਈਆਂ ਦੀ ਨਿਖੇਧੀ ਕੀਤੀ ਅਤੇ ਲੋਕਾਂ ਨੂੰ ਧਰਮ ਦਾ ਅਸਲੀ ਮਾਰਗ ਦਿਖਾਇਆ। ਜਿਥੇ ਕਿਤੇ ਵੀ ਉਹ ਗਏ ਉਨ੍ਹਾਂ ਦੀ ਬਾਣੀ ਦਾ ਲੋਕਾਂ ਤੇ ਜਾਦੂ ਭਰਿਆ ਅਸਰ ਹੋਇਆ ਅਤੇ ਬਹੁਤ ਅਧਿਕ ਸੰਖਿਆ ਵਿਚ ਉਨ੍ਹਾਂ ਦੇ ਸ਼ਰਧਾਲੂ ਬਣ ਗਏ। ਉਨ੍ਹਾਂ ਨੂੰ ਆਪਣੇ ਉਦੇਸ਼ ਵਿਚ ਦੂਜੇ ਸਾਰੇ ਭਗਤਾਂ ਨਾਲੋਂ ਵਧੇਰੇ ਸਫਲਤਾ ਪ੍ਰਾਪਤ ਹੋਈ। ਜਿਥੇ ਦੂਜੇ ਪ੍ਰਾਂਤਾਂ ਵਿਚ ਉਨ੍ਹਾਂ ਭਗਤਾਂ ਦੇ ਸਵਰਗ ਸਿਧਾਰਨ ਪਿਛੋਂ ਉਨ੍ਹਾਂ ਦੀ ਲਹਿਰ ਛੇਤੀ ਲੁਪਤ ਹੋ ਗਈ, ਉਥੇ ਗੁਰੂ ਨਾਨਕ ਦੇਵ ਜੀ ਦੇ ਅੰਦੋਲਨ ਨੇ ਪੰਜਾਬ ਵਿਚ ਸਿੱਖ ਧਰਮ ਦਾ ਸਥਾਈ ਰੂਪ ਧਾਰਨ ਕਰ ਲਿਆ।

**1.1.3 ਜਨਮ ਅਤੇ ਮਾਤਾ ਪਿਤਾ (Birth and Parents) :-** ਗੁਰੂ ਨਾਨਕ ਜੀ ਦਾ ਜਨਮ 1469 ਈ. ਵਿਚ ਤਲਵੰਡੀ ਪਿੰਡ ਵਿਚ ਹੋਇਆ। ਉਨ੍ਹਾਂ ਦੇ ਜਨਮ ਸਥਾਨ ਨੂੰ ਅੱਜ ਕੱਲ੍ਹ ਨਨਕਾਣਾ ਸਾਹਿਬ ਕਿਹਾ ਜਾਂਦਾ ਹੈ, ਜੋ ਪੱਛਮੀ ਪਾਕਿਸਤਾਨ ਦੇ ਜ਼ਿਲ੍ਹਾ ਸ਼ੇਖੂਪੁਰਾ ਵਿਚ ਹੈ। ਉਨ੍ਹਾਂ ਦੇ ਜਨਮ ਦੀ ਮਿਤੀ ਬਾਰੇ ਇਤਿਹਾਸਕਾਰਾਂ ਵਿਚ ਇਕ ਮੱਤ ਨਹੀਂ। ਕੁਝ

*ਇਤਿਹਾਸਕਾਰ 'ਭਾਈ ਬਾਲੇ' ਦੀ ਜਨਮਸਾਖੀ ਦੇ ਆਧਾਰ ਤੇ ਕਹਿੰਦੇ ਹਨ ਕਿ ਉਨ੍ਹਾਂ ਦਾ ਜਨਮ ਕੱਤਕ ਦੀ ਪੂਰਨਮਾਸ਼ੀ (ਅਕਤੂਬਰ-ਨਵੰਬਰ 1469 ਈ.) ਨੂੰ ਹੋਇਆ ਦੂਜੇ ਇਤਿਹਾਸਕਾਰ ਇਸ ਵਿਚਾਰ ਨਾਲ ਸਹਿਮਤ ਨਹੀਂ ਹਨ। ਪੁਰਾਤਨ ਜਨਮਸਾਖੀ ਦੇ ਪ੍ਰਮਾਣ ਨੂੰ ਅਧਿਕ ਵਿਸ਼ਵਾਸਯੋਗ ਸਮਝਦੇ ਹੋਏ ਉਨ੍ਹਾਂ ਨੇ ਵਿਸਾਖ ਸੁਦੀ ਤਿੰਨ 1526 ਬਿਕਰਮੀ (15 ਅਪ੍ਰੈਲ 1469 ਈ.) ਗੁਰੂ ਸਾਹਿਬ ਦੀ ਜਨਮ ਤਿਥੀ ਮੰਨੀ ਹੈ। ਭਾਵੇਂ ਅੱਜ ਕੱਲ੍ਹ ਗੁਰੂ ਸਾਹਿਬ ਦਾ ਜਨਮ ਦਿਨ ਕੱਤਕ ਦੀ ਪੂਰਨਮਾਸ਼ੀ ਨੂੰ ਮਨਾਇਆ ਜਾਂਦਾ ਹੈ ਫਿਰ ਵੀ ਵੈਸਾਖ ਦੀ ਮਿਤੀ ਜ਼ਿਆਦਾ ਉਚਿਤ ਜਾਪਦੀ ਹੈ। ਗੁਰੂ ਨਾਨਕ ਦੇ ਪਿਤਾ ਦਾ ਨਾਂ ਕਲਿਆਣ ਚੰਦ ਅਥਵਾ ਮਹਿਤਾ ਕਾਲੂ ਅਤੇ ਮਾਤਾ ਦਾ ਨਾਂ ਤ੍ਰਿਪਤਾ ਸੀ। ਕਲਿਆਣ ਚੰਦ ਖੱਤਰੀ ਜਾਤੀ ਦੇ ਬੇਦੀ ਵੰਸ਼ ਨਾਲ ਸਬੰਧ ਰਖਦੇ ਸਨ ਅਤੇ ਤਵਲੰਡੀ ਦੇ ਪਟਵਾਰੀ ਸਨ। ਸਿੱਖ ਪਰੰਪਰਾਵਾਂ ਅਨੁਸਾਰ ਗੁਰੂ ਨਾਨਕ ਦੇ ਜਨਮ ਸਮੇਂ ਕਈ ਚਮਤਕਾਰ ਵੇਖੇ ਗਏ ਅਤੇ ਟੱਬਰ ਦੇ ਪਰੋਹਿਤ ਹਰਦਿਆਲ ਨੇ ਭਵਿੱਖਬਾਣੀ ਕੀਤੀ ਸੀ ਕਿ ਇਹ ਬੱਚਾ ਸੰਸਾਰ ਦਾ ਇਕ ਮਹਾਨ ਵਿਅਕਤੀ ਬਣੇਗਾ।*

***ਬਾਲ ਅਵਸਥਾ ਅਤੇ ਸਿੱਖਿਆ* (Childhood and Education) :-** *ਕਿਹਾ ਜਾਂਦਾ ਹੈ ਕਿ ਬਾਲ ਅਵਸਥਾ ਵਿਚ ਹੀ ਨਾਨਕ ਵਿਚ ਇਕ ਮਹਾਨ ਧਾਰਮਿਕ ਵਿਅਕਤੀ ਦੇ ਲੱਛਣ ਸਨ। ਸਾਧਾਰਣ ਬੱਚਿਆਂ ਵਾਂਗ ਉਨ੍ਹਾਂ ਨੂੰ ਖੇਡਣ ਦਾ ਸ਼ੌਕ ਨਹੀਂ ਸੀ। ਉਹ ਈਸ਼ਵਰ ਭਗਤੀ ਦੇ ਗੀਤ ਗਾਉਂਦੇ ਰਹਿੰਦੇ ਸਨ ਅਤੇ ਸਾਧੂ ਸੰਤਾਂ ਦੀ ਸੇਵਾ ਵਿਚ ਬਹੁਤ ਪ੍ਰਸੰਨ ਰਹਿੰਦੇ ਸਨ। ਜਦੋਂ ਉਹ ਸੱਤ ਸਾਲ ਦੇ ਹੋਏ ਤਾਂ ਉਨ੍ਹਾਂ ਨੂੰ ਗੋਪਾਲ ਚੰਦ ਪੰਡਿਤ ਪਾਸ ਹਿੰਦੀ ਸਿੱਖਿਆ ਪ੍ਰਾਪਤ ਕਰਨ ਲਈ ਭੇਜਿਆ ਗਿਆ। ਕਿਹਾ ਜਾਂਦਾ ਹੈ ਕਿ ਉਨ੍ਹਾਂ ਨੇ ਆਪਣੇ ਅਧਿਆਪਕ ਨੂੰ ਅਧਿਆਤਮਕ ਗਿਆਨ ਬਾਰੇ ਕਈ ਪ੍ਰਸ਼ਨ ਪੁੱਛ ਕੇ ਹੈਰਾਨ ਕਰ ਦਿੱਤਾ। ਉਨ੍ਹਾਂ ਨੇ ਹਿੰਦੀ ਅਤੇ ਹਿਸਾਬ ਦਾ ਕੁਝ ਗਿਆਨ ਪ੍ਰਾਪਤ ਕਰ ਲਿਆ ਬਾਅਦ ਵਿਚ ਉਨ੍ਹਾਂ ਨੇ ਪੰਡਿਤ ਬ੍ਰਿਜ ਲਾਲ ਤੋਂ ਸੰਸਕ੍ਰਿਤ ਅਤੇ ਮੌਲਵੀ ਕੁਤਬਦੀਨ ਤੋਂ ਫਾਰਸੀ ਵੀ ਸਿੱਖ ਲਈ। ਨੌ ਸਾਲ ਦੀ ਆਯੂ ਵਿਚ ਨਾਨਕ ਨੇ ਜਨੇਊ ਪਾਉਣ ਤੋਂ ਇਨਕਾਰ ਕਰਦੇ ਹੋਏ ਕਿਹਾ ਸੀ ਕਿ ਉਹ ਕਪਾਹ ਤੇ ਸੂਤ ਦੇ ਜਨੇਊ ਦੀ ਬਜਾਏ ਦਯਾ, ਜਤੁ-ਸਤੁ ਦਾ ਅਮਰ ਜਨੇਊ ਪਾਉਣਾ ਪਸੰਦ ਕਰਦੇ ਹਨ। ਇਸ ਤੋਂ ਉਨ੍ਹਾਂ ਦੇ ਅਧਿਆਤਮਕ ਵਿਚਾਰਾਂ ਦੇ ਵਿਕਾਸ ਦਾ ਅਨੁਮਾਨ ਬਾਲ ਅਵਸਥਾ ਤੋਂ ਲਗਾਇਆ ਜਾ ਸਕਦਾ ਹੈ।*

***ਵੱਖ ਵੱਖ ਧੰਦਿਆਂ ਵਿਚ* (In different Professions) :-** *ਕੁਝ ਸਮਾਂ ਸਿੱਖਿਆ ਪ੍ਰਾਪਤ ਕਰਨ ਪਿਛੋਂ ਨਾਨਕ ਨੂੰ ਉਨ੍ਹਾਂ ਦੇ ਪਿਤਾ ਨੇ ਕਈ ਧੰਦਿਆਂ ਵਿਚ ਲਗਾਉਣ ਦਾ ਯਤਨ ਕੀਤਾ। ਉਨ੍ਹਾਂ ਨੂੰ ਪਹਿਲਾਂ ਮੱਝਾਂ ਚਰਾਉਣ ਅਤੇ ਫਿਰ ਖੇਤੀ ਕਰਨ ਦਾ ਕੰਮ ਸੌਂਪਿਆ ਗਿਆ, ਪਰ ਉਨ੍ਹਾਂ ਨੇ ਇਨ੍ਹਾਂ ਵਿਚੋਂ ਕਿਸੇ ਕੰਮ ਵਿਚ ਦਿਲਚਸਪੀ ਨਾ ਦਿਖਾਈ। ਮਹਿਤਾ ਕਾਲੂ ਨੇ ਹੁਣ ਆਪਣੇ ਪੁੱਤਰ ਨੂੰ ਵਪਾਰ ਵਿਚ ਪਾਉਣ ਦਾ ਨਿਸ਼ਚਾ ਕੀਤਾ ਅਤੇ ਉਨ੍ਹਾਂ ਨੂੰ 20 ਰੁਪਏ ਕੋਈ 'ਖਰਾ ਸੌਦਾ' ਕਰਨ ਲਈ ਦੇ ਦਿੱਤੇ। ਨਾਨਕ ਨੇ ਇਹ ਰੁਪਏ ਕਈ ਦਿਨਾਂ ਤੋਂ ਭੁੱਖੇ ਫ਼ਕੀਰਾਂ ਨੂੰ ਰੋਟੀ ਖੁਆਉਣ ਵਿਚ ਖਰਚ ਦਿੱਤੇ। ਜਦੋਂ ਨਾਨਕ ਖਾਲੀ ਹੱਥ ਵਾਪਸ ਪਰਤ ਆਏ ਤਾਂ ਉਨ੍ਹਾਂ ਦੇ ਪਿਤਾ ਬਹੁਤ ਗੁੱਸੇ ਹੋਏ। ਅਸਲ ਵਿਚ ਨਾਨਕ ਦੇ ਮਨ ਵਿਚ ਸੰਘਰਸ਼ ਚਲ ਰਿਹਾ ਸੀ ਅਤੇ ਉਨ੍ਹਾਂ ਦਾ ਮਨ ਸੰਸਾਰਿਕ ਕੰਮਾਂ ਵਿਚ ਨਹੀਂ ਲਗਦਾ ਸੀ।*

***ਵਿਆਹ* (Marriage) :-** *ਮਹਿਤਾ ਕਾਲੂ ਨੇ ਸੋਚਿਆ ਕਿ ਗੁਰੂ ਨਾਨਕ ਦਾ ਸੰਸਾਰਕ ਮਾਮਲਿਆਂ ਵਿਚ ਧਿਆਨ ਲਗਾਉਣ ਲਈ ਵਿਆਹ ਕਰ ਦੇਣਾ ਚਾਹੀਦਾ ਹੈ। 14 ਸਾਲ ਦੀ ਆਯੂ ਵਿਚ ਗੁਰੂ ਨਾਨਕ ਦਾ ਵਿਆਹ ਬਟਾਲਾ ਨਿਵਾਸੀ ਮੂਲ ਚੰਦ ਦੀ ਸਪੁੱਤਰੀ ਸੁਲੱਖਣੀ ਜੀ ਨਾਲ ਕਰ ਦਿੱਤਾ ਗਿਆ। ਕੁਝ ਸਮੇਂ ਪਿਛੋਂ ਉਨ੍ਹਾਂ ਦੇ ਘਰ ਦੋ ਲੜਕੇ ਪੈਦਾ ਹੋਏ ਜਿਨ੍ਹਾਂ ਦੇ ਨਾਂ ਸ੍ਰੀ ਚੰਦ ਅਤੇ ਲਖਮੀ ਦਾਸ ਸਨ। ਪਰੰਤੂ ਵਿਆਹ ਦੇ ਬੰਧਨ ਵੀ ਗੁਰੂ ਜੀ ਨੂੰ ਅਧਿਆਤਮਕ ਮਾਰਗ ਤੋਂ ਪਿਛੇ ਨਾ ਹਟਾ ਸਕੇ।*

***ਸੁਲਤਾਨਪੁਰ ਵਿਚ ਨੌਕਰੀ* (Service in Sultanpur Lodhi) :-** *ਆਪਣੀ ਭੈਣ ਨਾਨਕੀ ਦੇ ਸੱਦੇ ਤੇ ਗੁਰੂ ਜੀ ਸੁਲਤਾਨਪੁਰ ਚਲੇ ਗਏ ਉਥੇ ਆਪਣੇ ਭਣੋਈਏ ਜੈ ਰਾਮ ਦੀ ਮਦਦ ਨਾਲ ਮੋਦੀ ਖਾਨੇ ਵਿਚ ਨੌਕਰੀ ਮਿਲ ਗਈ। ਗੁਰੂ ਨਾਨਕ ਨੇ ਆਪਣਾ ਕੰਮ ਬੜੀ ਮਿਹਨਤ ਅਤੇ ਯੋਗਤਾ ਨਾਲ ਕੀਤਾ, ਇੱਥੋਂ ਤੱਕ ਕਿ ਸੁਲਤਾਨਪੁਰ ਦਾ ਨਵਾਬ ਦੌਲਤ ਖਾਂ ਵੀ ਉਨ੍ਹਾਂ ਦੀ ਇਮਾਨਦਾਰੀ ਤੋਂ ਬਹੁਤ ਪ੍ਰਭਾਵਿਤ ਹੋਇਆ। ਇਥੇ ਗੁਰੂ ਨਾਨਕ ਹਰ ਰੋਜ਼ ਪ੍ਰਮਾਤਮਾ ਦੀ ਭਗਤੀ ਕਰਦੇ ਸਨ ਅਤੇ ਆਪਣੀ ਤਨਖਾਹ ਦਾ ਕੁਝ ਹਿੱਸਾ ਗਰੀਬਾਂ ਨੂੰ ਦਾਨ ਦਿਆ ਕਰਦੇ ਸਨ ਪਰ ਉਨ੍ਹਾਂ ਦੇ ਮਨ ਵਿਚ ਸੰਘਰਸ਼ ਹਾਲੀ ਵੀ ਚਲ ਰਿਹਾ ਸੀ।*

***ਗਿਆਨ ਪ੍ਰਾਪਤੀ* (Enlightenment) :-** *ਗੁਰੂ ਜੀ ਸੁਲਤਾਨਪੁਰ ਦੇ ਨਜ਼ਦੀਕ ਵਗਦੀ 'ਵੇਈਂ' ਨਾਮਕ ਨਦੀ ਤੇ ਇਸ਼ਨਾਨ ਕਰਨ ਲਈ ਜਾਇਆ ਕਰਦੇ ਸਨ। ਸਿੱਖ ਪਰੰਪਰਾਵਾਂ ਅਨੁਸਾਰ ਇਕ ਦਿਨ ਪ੍ਰਭਾਤ ਵੇਲੇ ਜਦੋਂ ਉਹ 'ਵੇਈਂ' ਤੇ ਇਸ਼ਨਾਨ ਕਰਨ ਗਏ ਤਾਂ ਤਿੰਨ ਦਿਨਾਂ ਲਈ ਅਲੋਪ ਹੋ ਗਏ। ਉਨ੍ਹਾਂ ਨੂੰ ਪ੍ਰਮਾਤਮਾ ਦੇ ਦਰਸ਼ਨ ਹੋਏ, ਪ੍ਰਮਾਤਮਾ ਨੇ ਉਨ੍ਹਾਂ ਨੂੰ ਸੰਸਾਰ ਵਿਚ ਸੱਚੇ ਧਰਮ ਦਾ ਪ੍ਰਚਾਰ ਕਰਨ ਦਾ ਆਦੇਸ਼ ਦਿੱਤਾ ਅਤੇ ਨਾਲ ਹੀ ਇਹ ਮੂਲ ਮੰਤਰ ਦਿੱਤਾ ੧ੴ ਸਤਿਨਾਮੁ, ਕਰਤਾ ਪੁਰਖ, ਨਿਰਭਉ ਨਿਰਵੈਰ, ਅਕਾਲ ਮੂਰਤਿ,*

ਅਜੂਨੀ, ਸੈਭੰ, ਗੁਰ ਪ੍ਰਸਾਦਿ। ਇੰਦੂ ਭੂਸ਼ਨ ਬੈਨਰਜੀ ਦੇ ਅਨੁਸਾਰ ਉਸ ਸਮੇਂ ਉਨ੍ਹਾਂ ਦੀ ਆਯੂ ਲਗਭਗ 25 ਸਾਲ ਸੀ। ਗਿਆਨ ਪ੍ਰਾਪਤੀ ਦੇ ਨਾਲ ਹੀ ਉਨ੍ਹਾਂ ਦੇ ਜੀਵਨ ਦਾ ਪਹਿਲਾ ਕਾਲ ਸਮਾਪਤ ਹੋ ਜਾਂਦਾ ਹੈ। ਜਦੋਂ ਉਹ ਤਿੰਨ ਦਿਨਾਂ ਪਿਛੋਂ ਸੁਲਤਾਨਪੁਰ ਪਹੁੰਚੇ ਤਾਂ ਉਹ ਬਿਲਕੁਲ ਬਦਲ ਚੁੱਕੇ ਸਨ। ਕੁਝ ਸਮਾਂ ਤਾਂ ਉਹ ਚੁੱਪ ਰਹੇ ਅਤੇ ਡੂੰਘੀ ਸੋਚ ਵਿਚਾਰ ਵਿਚ ਡੁੱਬੇ ਰਹੇ, ਫਿਰ ਉਨ੍ਹਾਂ ਨੇ ਇਹ ਮਹੱਤਵਪੂਰਨ ਸ਼ਬਦ ਕਹੇ, ''ਨਾ ਕੋਈ ਹਿੰਦੂ ਨਾ ਮੁਸਲਮਾਨ'' ਇਨ੍ਹਾਂ ਸ਼ਬਦਾਂ ਤੋਂ ਉਨ੍ਹਾਂ ਦਾ ਭਾਵ ਸੀ ਕਿ ਹਿੰਦੂ ਅਤੇ ਮੁਸਲਮਾਨ ਆਪਣੇ ਧਰਮ ਦੇ ਅਸਲੀ ਅਸੂਲਾਂ ਨੂੰ ਭੁੱਲ ਚੁੱਕੇ ਹਨ ਅਤੇ ਉਨ੍ਹਾਂ ਵਿਚ ਝੂਠੇ ਭੇਦ-ਭਾਵ ਪ੍ਰਚਲਿਤ ਹੋ ਗਏ ਹਨ। ਪਿਨ ਕੋਟ ਕਹਿੰਦਾ ਹੈ ਕਿ ਇਸ ਹੋਕੇ ਨਾਲ ਗੁਰੂ ਸਾਹਿਬ ਸਾਰੀ ਮਨੁੱਖਤਾ ਦੀ ਸਾਂਝੀਵਾਲਤਾ ਦੇ ਮੁਦਈ ਬਣੇ ਅਤੇ ਉਨ੍ਹਾਂ ਨੇ ਸਿੱਖਿਆ ਦਿੱਤੀ ਕਿ ਹਰ ਪ੍ਰਾਣੀ ਸਭ ਤੋਂ ਪਹਿਲਾਂ ਆਪਣੇ ਆਪ ਨੂੰ ਮਾਨਵ ਤੋਂ ਪਿਛੋਂ ਹਿੰਦੂ ਜਾਂ ਮੁਸਲਮਾਨ ਸਮਝੇ। ਦੂਜੇ ਸ਼ਬਦਾਂ ਵਿਚ, ਉਨ੍ਹਾਂ ਨੇ ਸਮੂਹ ਮਾਨਵ ਭਾਈਚਾਰੇ ਦੇ ਸਿਧਾਂਤ ਨੂੰ ਪ੍ਰਚਾਰਿਆ। ਇਨ੍ਹਾਂ ਸ਼ਬਦਾਂ ਦੇ ਨਾਲ ਹੀ ਗੁਰੂ ਜੀ ਨੇ ਆਪਣੇ ਉਪਦੇਸ਼ ਆਰੰਭ ਕੀਤੇ।

### 1.1.4 ਸਿੱਖ ਧਰਮ ਦੇ ਪ੍ਰਚਾਰ ਲਈ ਸਫਰ ਜਾਂ ਉਦਾਸੀਆਂ

ਗਿਆਨ ਪ੍ਰਾਪਤੀ ਤੋਂ ਬਾਅਦ ਗੁਰੂ ਨਾਨਕ ਨੇ ਆਪਣੀ ਨੌਕਰੀ ਛੱਡ ਦਿੱਤੀ ਅਤੇ ਲੋਕਾਂ ਨੂੰ ਧਰਮ ਦਾ ਅਸਲੀ ਮਾਰਗ ਦਿਖਾਉਣ ਲਈ ਉਹਨਾਂ ਨੇ ਲੰਮੀਆਂ ਯਾਤਰਾਵਾਂ ਜਾਂ ਉਦਾਸੀਆਂ ਕਰਨ ਦਾ ਨਿਸ਼ਚਾ ਕੀਤਾ। ਇਸ ਨਾਲ ਉਹਨਾਂ ਦੇ ਜੀਵਨ ਦਾ ਦੂਜਾ ਕਾਲ ਆਰੰਭ ਹੁੰਦਾ ਹੈ। ਉਨ੍ਹਾਂ ਉੱਤਰ, ਦੱਖਣ, ਪੂਰਬ ਅਤੇ ਪੱਛਮ ਸਭ ਦਿਸ਼ਾਵਾਂ ਵੱਲ, ਨੇੜੇ ਅਤੇ ਦੂਰ ਦਰਾਡੇ ਸਥਾਨਾਂ ਦੇ ਸਫਰ ਜਾਂ ਉਦਾਸੀਆਂ ਕੀਤੀਆਂ। ਉਨ੍ਹਾਂ ਨੂੰ ਆਪਣੇ ਮਨੋਰਥ ਵਿਚ ਕਾਫੀ ਸਫਲਤਾ ਪ੍ਰਾਪਤ ਹੋਈ। ਉਨ੍ਹਾਂ ਦੇ ਸਫਰ ਜਾਂ ਉਦਾਸੀਆਂ ਦਾ ਸੰਖੇਪ ਵਰਣਨ ਨਿਮਨ ਲਿਖਤ ਹੈ :-

**ਪਹਿਲੀ ਉਦਾਸੀ (First Udasi) :-** ਗੁਰੂ ਨਾਨਕ ਨੇ ਆਪਣੀ ਪਹਿਲੀ ਉਦਾਸੀ ਵਿਚ ਪੰਜਾਬ ਵਰਤਮਾਨ ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼, ਬੰਗਾਲ, ਬਿਹਾਰ, ਆਸਾਮ ਅਤੇ ਉੜੀਸਾ ਦੇ ਪ੍ਰਸਿੱਧ ਸਥਾਨਾਂ ਦਾ ਸਫਰ ਕੀਤਾ। ਇਸ ਉਦਾਸੀ ਵਿਚ ਗੁਰੂ ਸਾਹਿਬ ਦੇ ਇਕ ਮੁਸਲਮਾਨ ਸ਼ਰਧਾਲੂ ਮਰਦਾਨਾਂ ਨੇ ਉਨ੍ਹਾਂ ਦਾ ਸਾਥ ਦਿੱਤਾ, ਜੋ ਰਬਾਬ ਰਾਹੀ ਥਾਂ ਥਾਂ ਤੇ ਗੁਰੂ ਸਾਹਿਬ ਦੀ ਮਿੱਠੀ ਬਾਣੀ ਦਾ ਕੀਰਤਨ ਕਰਦਾ ਰਿਹਾ, ਸੁਲਤਾਨਪੁਰ ਨੂੰ ਛੱਡ ਕੇ ਗੁਰੂ ਸਾਹਿਬ ਸਭ ਤੋਂ ਪਹਿਲਾਂ ਲਾਹੌਰ ਗਏ। ਕਿਹਾ ਜਾਂਦਾ ਹੈ ਸੁਲਤਾਨ ਸਿਕੰਦਰ ਲੋਧੀ ਦਾ ਧਾਰਮਿਕ ਗੁਰੂ ਸੱਯਦ ਅਹਿਮਦ ਤੱਕ ਵੀ, ਉਨ੍ਹਾਂ ਦੀ ਬਾਣੀ ਤੋਂ ਪ੍ਰਭਾਵਿਤ ਹੋਇਆ। ਲਾਹੌਰ ਤੋਂ ਗੁਰੂ ਸਾਹਿਬ ਸੱਯਦਪੁਰ (ਜਿਸ ਨੂੰ ਅੱਜ ਕਲ ਐਮਨਾਬਾਦ ਆਖਦੇ ਹਨ) ਚਲੇ ਗਏ। ਉਥੇ ਉਹ ਭਾਈ ਲਾਲੋ ਨਾਮੀ ਤਰਖਾਣ ਦੇ ਘਰ ਠਹਿਰੇ। ਸੱਯਦਪੁਰ ਦੇ ਇਕ ਅਮੀਰ ਸਰਦਾਰ ਮਲਕ ਭਾਗੋ ਨੇ ਗੁਰੂ ਸਾਹਿਬ ਨੂੰ ਭੋਜਨ ਲਈ ਸੱਦਾ ਦਿੱਤਾ ਪਰ ਉਨ੍ਹਾਂ ਨੇ ਉਸ ਦੇ ਘਰ ਭੋਜਨ ਖਾਣ ਤੋਂ ਨਾਂਹ ਕਰ ਦਿੱਤੀ ਕਿਉਂਕਿ ਉਸ ਦੀ ਕਮਾਈ ਇਮਾਨਦਾਰੀ ਦੀ ਨਹੀਂ ਸੀ। ਗੁਰੂ ਸਾਹਿਬ ਨੇ ਭਾਈ ਲਾਲੋ ਨੂੰ ਆਪਣਾ ਸਿੱਖ ਬਣਾਇਆ ਅਤੇ ਉਸ ਨੂੰ ਉਸ ਇਲਾਕੇ ਵਿਚ ਧਰਮ ਪ੍ਰਚਾਰ ਕਰਨ ਦਾ ਆਦੇਸ਼ ਦੇ ਕੇ ਉਹ ਸਿਆਲਕੋਟ ਵਲ ਚੱਲ ਪਏ। ਸਿਆਲਕੋਟ ਵਿਚ ਗੁਰੂ ਸਾਹਿਬ ਦੀ ਮੁਲਾਕਾਤ ਇਕ ਮੁਸਲਮਾਨ ਫ਼ਕੀਰ ਸ਼ਾਹ ਹਮਜਾ ਨਾਲ ਹੋਈ ਜੋ ਕਿਸੇ ਕਾਰਨ ਸ਼ਹਿਰ ਦੇ ਲੋਕਾਂ ਨਾਲ ਨਾਰਾਜ਼ ਹੋ ਗਿਆ ਅਤੇ ਉਨ੍ਹਾਂ ਨੂੰ ਦੁਖ ਪਹੁੰਚਉਣ ਤੇ ਤੁਲਿਆ ਹੋਇਆ ਸੀ। ਗੁਰੂ ਸਾਹਿਬ ਨੇ ਫਕੀਰ ਨੂੰ ਠੀਕ ਰਸਤੇ ਪਾਇਆ ਅਤੇ ਉਸ ਨੂੰ ਲੋਕਾਂ ਨਾਲ ਪਿਆਰ ਅਤੇ ਹਮਦਰਦੀ ਨਾਲ ਪੇਸ਼ ਆਉਣ ਦਾ ਸਬਕ ਦਿੱਤਾ। ਸਿਆਲਕੋਟ ਦੇ ਸੈਂਕੜੇ ਨਿਵਾਸੀ ਗੁਰੂ ਸਾਹਿਬ ਦੇ ਸਿੱਖ ਬਣ ਗਏ। ਇਥੋਂ ਉਹ ਅੱਗੇ ਤੁਰ ਕੇ ਮੁਲਤਾਨ ਦੇ ਨੇੜੇ ਤਲੰਬੇ ਵਿਖੇ ਪਹੁੰਚੇ। ਇਥੇ ਸੰਤ ਦੇ ਭੇਖ ਵਿਚ ਸੱਜਣ ਨਾਂ ਦਾ ਇਕ ਠੱਗ ਰਹਿੰਦਾ ਸੀ ਜੋ ਰਾਤ ਨੂੰ ਲੁੱਟਮਾਰ ਕਰਿਆ ਕਰਦਾ ਸੀ। ਗੁਰੂ ਸਾਹਿਬ ਦੀ ਸ਼ਖ਼ਸ਼ੀਅਤ ਅਤੇ ਬਾਣੀ ਦਾ ਉਸ ਠੱਗ ਤੇ ਪ੍ਰਭਾਵ ਪਿਆ ਕਿ ਉਸ ਨੇ ਮੰਦੇ ਕੰਮ ਸਦਾ ਲਈ ਛੱਡ ਦਿੱਤੇ ਅਤੇ ਗੁਰੂ ਸਾਹਿਬ ਦਾ ਸਿੱਖ ਬਣ ਗਿਆ।

ਗੁਰੂ ਨਾਨਕ ਨੇ ਹੁਣ ਪੂਰਬ ਵਲ ਰਸਤਾ ਪਕੜਿਆ ਅਤੇ ਕੁਝ ਦਿਨਾਂ ਦੇ ਸਫਰ ਪਿਛੋਂ ਉਹ ਕੁਰੂਕਸ਼ੇਤਰ ਪੁੱਜ ਗਏ। ਉਸ ਸਮੇਂ ਸੂਰਜ ਗ੍ਰਹਿਣ ਲੱਗਾ ਹੋਇਆ ਸੀ ਅਤੇ ਲੱਖਾਂ ਦੀ ਗਿਣਤੀ ਵਿਚ ਲੋਕ ਇਕੱਠੇ ਹੋਏ ਸਨ। ਗੁਰੂ ਸਾਹਿਬ ਨੇ ਬ੍ਰਾਹਮਣਾਂ ਦੁਆਰਾ ਪ੍ਰਚਲਿਤ ਗ੍ਰਹਿਣ ਸੰਬੰਧੀ ਵਹਿਮਾਂ ਦੀ ਨਿਖੇਧੀ ਕੀਤੀ ਅਤੇ ਲੋਕਾਂ ਨੂੰ ਧਰਮ ਦੇ ਅਸਲੀ ਸਿਧਾਂਤਾਂ ਦਾ ਗਿਆਨ ਕਰਵਾਇਆ। ਕੁਰੂਕਸ਼ੇਤਰ ਤੋਂ ਉਹ ਹਿੰਦੂਆਂ ਦੇ ਪ੍ਰਸਿੱਧ ਤੀਰਥ-ਅਸਥਾਨ ਹਰਿਦੁਆਰ ਨੂੰ ਚਲੇ ਗਏ। ਉਥੋਂ ਉਨ੍ਹਾਂ ਨੇ ਲੋਕਾਂ ਨੂੰ ਇਹ ਉਪਦੇਸ਼ ਦਿੱਤਾ ਕਿ ਸੂਰਜ ਅਤੇ ਪਿੱਤਰਾਂ ਨੂੰ ਪਾਣੀ ਦਾ ਕੋਈ ਲਾਭ ਨਹੀ ਅਤੇ ਉਨ੍ਹਾਂ ਨੂੰ ਪ੍ਰਮਾਤਮਾ ਦੀ ਭਗਤੀ ਦੇ ਪਵਿੱਤਰ ਜੀਵਨ ਬਤੀਤ ਕਰਨ ਵਲ ਧਿਆਨ ਦੇਣਾ ਚਾਹੀਦਾ ਹੈ। ਹਰਿਦੁਆਰ ਤੋਂ ਗੁਰੂ ਸਾਹਿਬ ਦਿੱਲੀ ਪਹੁੰਚੇ। ਉਥੇ ਕੁਝ ਦਿਨ ਠਹਿਰਨ ਪਿਛੋਂ ਉਹ ਅਲੀਗੜ੍ਹ, ਮਥੁਰਾ, ਬਿੰਦਰਾਬਨ, ਕਾਨਪੁਰ, ਲਖਨਊ ਆਦਿ ਸਥਾਨਾਂ ਦੀ ਯਾਤਰਾ ਕਰਦੇ ਹੋਏ ਆਪਣੇ ਉਪਦੇਸ਼ਾਂ ਦਾ ਪ੍ਰਚਾਰ ਕਰਦੇ ਹੋਏ ਕਾਂਸੀ ਪਹੁੰਚੇ। ਉਥੇ ਉਨ੍ਹਾਂ ਦੀ ਪ੍ਰਸਿੱਧ ਬ੍ਰਾਹਮਣ ਚਤੁਰ ਦਾਸ ਨਾਲ ਖੂਬ ਬਹਿਸ ਹੋਈ। ਅੰਤ ਵਿਚ ਚਤੁਰ ਦਾਸ ਅਤੇ ਕਾਂਸੀ ਦੇ ਹਜ਼ਾਰਾਂ ਲੋਕ ਗੁਰੂ ਸਾਹਿਬ ਦੇ ਸ਼ਰਧਾਲੂ ਬਣ ਗਏ। ਕਾਂਸੀ ਵਿਚ ਜਿਸ ਸਥਾਨ ਤੇ ਗੁਰੂ ਸਾਹਿਬ ਠਹਿਰੇ ਸਨ ਉਸ ਨੂੰ ਅੱਜ ਕਲ੍ਹ 'ਗੁਰੂ ਕਾ ਬਾਗ' ਕਿਹਾ ਜਾਂਦਾ ਹੈ। ਇਸ ਤੋਂ ਬਾਅਦ ਗੁਰੂ ਨਾਨਕ, ਗੋਰਖ ਮਤੇ ਗਏ ਜਿਸ ਨੂੰ ਅੱਜ ਕਲ੍ਹ ਨਾਨਕ ਮਤਾ ਕਿਹਾ ਜਾਂਦਾ ਹੈ। ਇਥੇ ਉਨ੍ਹਾਂ ਗੋਰਖ ਨਾਥ ਦੇ ਚੇਲੇ ਜੋਗੀਆਂ ਨੂੰ ਉਪਦੇਸ਼ ਦਿੱਤਾ ਕਿ ਸੰਸਾਰ ਨੂੰ ਤਿਆਗਣਾ, ਸਰੀਰ ਤੇ ਸੁਆਹ ਮਲਣਾ, ਹੱਥ ਵਿਚ ਡੰਡਾ ਫੜਨਾ ਆਦਿ ਸਭ ਵਿਅਰਥ ਹਨ। ਮਨੁੱਖ ਨੂੰ ਸੰਸਾਰ ਵਿਚ ਰਹਿ ਕੇ ਸੱਚੇ ਦਿਲ ਨਾਲ ਰੱਬ

*ਦੇ ਨਾਂ ਦਾ ਜਾਪ ਕਰਨਾ ਚਾਹੀਦਾ ਹੈ ਅਤੇ ਆਪਣੇ ਆਚਰਣ ਨੂੰ ਪਵਿੱਤਰ ਰੱਖਣਾ ਚਾਹੀਦਾ ਹੈ। ਗੋਰਖ ਮਤੇ ਤੋਂ ਗੁਰੂ ਸਾਹਿਬ ਪਟਨਾ, ਬੁਧ ਗਯਾ, ਢਾਕਾ ਆਦਿ ਸਥਾਨਾਂ ਤੇ ਆਪਣੇ ਉਪਦੇਸ਼ਾਂ ਦਾ ਪ੍ਰਚਾਰ ਕਰਦੇ ਹੋਏ ਕਾਮਰੂਪ (ਵਰਤਮਾਨ ਆਸਾਮ) ਪੁਜੇ। ਕਿਹਾ ਜਾਂਦਾ ਹੈ ਕਿ ਉਥੇ ਨੂਰੀਸਾਹੀ ਨਾਂ ਦੀ ਇਕ ਜਾਦੂਗਰਨੀ ਨੇ ਆਪਣੇ ਟੂਣਿਆਂ ਰਾਹੀ ਉਨ੍ਹਾਂ ਨੂੰ ਵੱਸ ਵਿਚ ਕਰਨ ਦਾ ਯਤਨ ਕੀਤਾ ਪਰ ਅੰਤ ਵਿਚ ਅਸਫਲ ਹੋ ਕੇ ਗੁਰੂ ਸਾਹਿਬ ਦੇ ਚਰਨਾਂ ਵਿਚ ਡਿੱਗ ਪਈ। ਕਾਮਰੂਪ ਤੋਂ ਗੁਰੂ ਸਾਹਿਬ ਉੜੀਸਾ ਪ੍ਰਾਂਤ ਵਲ ਤੁਰ ਪਏ ਅਤੇ ਪੁਰੀ ਜਾ ਪਹੁੰਚੇ ਜਿਥੇ ਜਗਨ ਨਾਥ ਮੰਦਰ ਹੈ। ਉਥੇ ਉਹਨਾਂ ਲੋਕਾਂ ਨੂੰ ਅਵਤਾਰਾਂ ਦੀਆਂ ਮੂਰਤੀਆਂ ਦੀ ਬਜਾਏ ਨਿਰੰਕਾਰ ਪ੍ਰਮਾਤਮਾ ਦੀ ਪੂਜਾ ਕਰਨ ਦਾ ਉਪਦੇਸ਼ ਦਿੱਤਾ। ਪੁਰੀ ਤੋਂ ਗੁਰੂ ਸਾਹਿਬ ਭੂਪਾਲ, ਝਾਂਸੀ, ਗਵਾਲੀਅਰ, ਆਗਰਾ, ਗੁੜਗਾਵਾਂ, ਰਿਵਾੜੀ ਆਦਿ ਤੋਂ ਹੁੰਦੇ ਹੋਏ ਵਾਪਸ ਪੰਜਾਬ ਆ ਗਏ। ਪੰਜਾਬ ਦੇ ਕਈ ਸਥਾਨਾਂ ਤੇ ਘੁੰਮਣ ਮਗਰੋਂ ਉਹ ਕੁਝ ਸਮੇਂ ਤਲਵੰਡੀ ਦੇ ਨੇੜੇ ਕੁਝ ਮੀਲ ਦੀ ਦੂਰੀ ਤੇ ਇਕ ਇਕਾਂਤ ਸਥਾਨ ਤੇ ਠਹਿਰੇ। ਉਨ੍ਹਾਂ ਦੀ ਪਹਿਲੀ ਉਦਾਸੀ ਵਿਚ ਲਗਭਗ 12 ਸਾਲ (1495 ਈ. ਤੋਂ 1507 ਈ.) ਲੱਗ ਗਏ।*

***ਦੂਜੀ ਉਦਾਸੀ (ਦੱਖਣ ਦੀ ਯਾਤਰਾ)* (Second Udasi-Travel to South) :-** *ਕੁਝ ਸਮਾਂ ਆਰਾਮ ਕਰਨ ਪਿਛੋਂ ਗੁਰੂ ਨਾਨਕ ਨੇ ਆਪਣੀ ਦੂਜੀ ਉਦਾਸੀ ਆਰੰਭ ਕੀਤੀ। ਇਸ ਵਾਰੀ ਸੈਂਦੋ ਅਤੇ ਘੇਓ ਨਾਮਕ ਦੋ ਜੱਟਾਂ ਨੇ ਉਨ੍ਹਾਂ ਦਾ ਸਾਥ ਦਿੱਤਾ। ਗੁਰੂ ਸਾਹਿਬ ਨੇ ਇਸ ਉਦਾਸੀ ਵਿਚ ਪਹਿਲਾਂ ਸਰਸਾ, ਬੀਕਾਨੇਰ, ਅਜਮੇਰ ਮਾਊਂਟ ਆਬੂ ਦੀ ਯਾਤਰਾ ਕੀਤੀ। ਇਸ ਤੋਂ ਮਗਰੋਂ ਇੰਦੋਰ ਅਤੇ ਉਜੇਨ ਤੋਂ ਹੁੰਦੇ ਹੋਏ ਗੁਰੂ ਸਾਹਿਬ ਦੱਖਣੀ ਭਾਰਤ ਵਲ ਤੁਰ ਪਏ। ਹੈਦਰਾਬਾਦ, ਬੀਦਰ (ਵਰਤਮਾਨ ਮਦਰਾਸ) ਅਤੇ ਰਾਮੇਸ਼ਵਰ ਤੋਂ ਹੁੰਦੇ ਹੋਏ ਆਪਣੇ ਉਪਦੇਸ਼ਾਂ ਦਾ ਪ੍ਰਚਾਰ ਕਰਦੇ ਹੋਏ ਲੰਕਾ ਜਾ ਪਹੁੰਚੇ। ਉਸ ਸਮੇਂ ਲੰਕਾ ਦਾ ਰਾਜਾ ਸ਼ਿਵਨਾਭ ਸੀ ਜੋ ਬੁੱਧ ਧਰਮ ਦਾ ਪੈਰੋਕਾਰ ਸੀ। ਉਹ ਗੁਰੂ ਸਾਹਿਬ ਦੀ ਸ਼ਖਸੀਅਤ ਅਤੇ ਉਪਦੇਸ਼ਾਂ ਤੋਂ ਬਹੁਤ ਪ੍ਰਭਾਵਿਤ ਹੋਇਆ ਅਤੇ ਉਨ੍ਹਾਂ ਦਾ ਸ਼ਰਧਾਲੂ ਬਣ ਗਿਆ। ਲੰਕਾ ਦੇ ਸੈਂਕੜੇ ਲੋਕ ਵੀ ਗੁਰੂ ਸਾਹਿਬ ਦੇ ਸਿੱਖ ਬਣੇ। ਲੰਕਾ ਤੋਂ ਵਾਪਸ ਆਉਂਦੇ ਹੋਏ ਗੁਰੂ ਸਾਹਿਬ ਨੇ ਬਹੁਤ ਸਾਰੇ ਸਥਾਨਾਂ ਤੇ ਆਪਣੇ ਉਪਦੇਸ਼ ਦਿੱਤੇ ਅਤੇ 5 ਵਰ੍ਹਿਆਂ ਦੇ ਸਫਰ ਬਾਅਦ ਉਹ ਫਿਰ ਤਲਵੰਡੀ ਪੁੱਜੇ। ਟਰੰਪ ਵਰਗੇ ਇਤਿਹਾਸਕਾਰ ਦਾ ਕਹਿਣਾਂ ਹੈ ਕਿ ਗੁਰੂ ਨਾਨਕ ਦੀ ਲੰਕਾ ਦੀ ਯਾਤਰਾ ਦੀ ਕਹਾਣੀ ਨਿਰੀ ਕਲਪਨਾ ਤੇ ਆਧਾਰਿਤ ਹੈ ਪਰ ਆਧੁਨਿਕ ਖੋਜ ਤੇ ਵਿਸ਼ੇਸ਼ ਕਰਕੇ ਢਾਕੇ ਵਿਚ ਗੁਰਬਖਸ਼ ਸਿੰਘ ਦੀ ਲੱਭੀ ਹੋਈ ਇਕ ਹੱਥ-ਲਿਖਤ ਤੋਂ ਇਹ ਭਲੀ ਪ੍ਰਕਾਰ ਸਿੱਧ ਹੋ ਗਿਆ ਹੈ ਕਿ ਗੁਰੂ ਸਾਹਿਬ ਨੇ ਦੱਖਣੀ ਭਾਰਤ ਅਤੇ ਲੰਕਾ ਦੀ ਅਵੱਸ਼ ਹੀ ਯਾਤਰਾ ਕੀਤੀ ਸੀ।*

***ਤੀਜੀ ਉਦਾਸੀ* (Third Udasi) :-** *(ਉੱਤਰ ਪ੍ਰਦੇਸ਼, ਤਿੱਬਤ ਅਤੇ ਚੀਨ ਦੀ ਯਾਤਰਾ) :- ਆਪਣੀ ਤੀਜੀ ਉਦਾਸੀ ਵਿਚ ਗੁਰੂ ਨਾਨਕ ਉੱਤਰੀ ਭਾਰਤ ਤੇ ਪਹਾੜੀ ਪ੍ਰਦੇਸ਼ਾਂ ਵਲ ਗਏ। ਇਸ ਉਦਾਸੀ ਵਿਚ ਹਸੂ ਲੁਹਾਰ ਅਤੇ ਸ਼ੀਹਾਂ ਛੀਬਾ ਉਨ੍ਹਾਂ ਦੇ ਨਾਲ ਗਏ ਜਵਾਲਾ ਮੁਖੀ, ਮੰਡੀ, ਕੁਲੂ, ਜੰਮੂ ਆਦਿ ਸਥਾਨਾਂ ਤੇ ਆਪਣੇ ਸੰਦੇਸ਼ਾਂ ਦਾ ਪ੍ਰਚਾਰ ਕਰਦੇ ਹੋਏ ਗੁਰੂ ਸਾਹਿਬ ਕਸ਼ਮੀਰ ਪਹੁੰਚੇ। ਉਥੇ ਉਨ੍ਹਾਂ ਦੀ ਪ੍ਰਸਿੱਧ ਪੰਡਤ ਬ੍ਰਹਮ ਦਾਸ ਨਾਲ ਮੁਲਾਕਾਤ ਹੋਈ। ਗੁਰੂ ਸਾਹਿਬ ਨੇ ਬ੍ਰਹਮ ਦਾਸ ਤੇ ਉਸ ਦੇ ਚੇਲਿਆਂ ਨੂੰ ਬਹਿਸ ਵਿਚ ਹਰਾ ਦਿੱਤਾ। ਕਸ਼ਮੀਰ ਦੇ ਬਹੁਤ ਸਾਰੇ ਲੋਕ ਗੁਰੂ ਸਾਹਿਬ ਦੇ ਸ਼ਰਧਾਲੂ ਬਣ ਗਏ ਅਤੇ ਉਨ੍ਹਾਂ ਨੇ ਇਕ ਸੰਗਤ ਦੀ ਸਥਾਪਨਾ ਕੀਤੀ। ਕਸ਼ਮੀਰ ਤੋਂ ਗੁਰੂ ਸਾਹਿਬ ਕੈਲਾਸ਼ ਪਰਬਤ ਅਤੇ ਮਾਨ ਸਰੋਵਰ ਝੀਲ ਵਲ ਗਏ ਨਿਵਾਸ ਕਰ ਰਹੇ ਯੋਗੀਆਂ ਨੂੰ ਉਨ੍ਹਾਂ ਨੇ ਉਪਦੇਸ਼ ਦਿੱਤਾ ਕਿ ਉਨ੍ਹਾਂ ਨੂੰ ਪਹਾੜਾਂ ਵਿਚ ਸ਼ਰਣ ਲੈਣ ਦੀ ਬਜਾਏ ਲੋਕਾਂ ਦੀ ਵਿਗੜੀ ਹੋਈ ਦਸ਼ਾ ਨੂੰ ਸੁਧਾਰਨ ਦਾ ਯਤਨ ਕਰਨਾ ਚਾਹੀਦਾ ਹੈ। ਕਿਹਾ ਜਾਂਦਾ ਹੈ ਕਿ ਇਸ ਉਦਾਸੀ ਵਿਚ ਗੁਰੂ ਨਾਨਕ ਨੇ ਤਿੱਬਤ ਅਤੇ ਚੀਨ ਦੀ ਯਾਤਰਾ ਵੀ ਕੀਤੀ। ਹੁਣ ਤਕ ਤਿੱਬਤ ਦੇ ਕੁਝ ਲੋਕ ਉਨ੍ਹਾਂ ਨੂੰ ਆਪਣਾ ਗੁਰੂ ਮੰਨਦੇ ਹਨ ਅਤੇ ਉਨ੍ਹਾਂ ਦੀ ਮੂਰਤੀ ਦੀ ਪੂਜਾ ਕਰਦੇ ਹਨ।*

***ਚੌਥੀ ਉਦਾਸੀ (ਪੱਛਮ ਦੀ ਯਾਤਰਾ)* (Fourth Udasi-Travel to West) :-** *ਗੁਰੂ ਨਾਨਕ ਨੇ ਆਪਣੀ ਚੌਥੀ ਉਦਾਸੀ ਵਿਚ ਪੱਛਮ ਦੇ ਪ੍ਰਸਿੱਧ ਮੁਸਲਮਾਨਾਂ ਦੇ ਧਾਰਮਿਕ ਸਥਾਨਾਂ ਦੀ ਯਾਤਰਾ ਕੀਤੀ। ਇਸ ਉਦਾਸੀ ਵਿਚ ਉਨ੍ਹਾਂ ਦਾ ਪੁਰਾਣਾ ਸਾਥੀ ਮਰਦਾਨਾ ਉਨ੍ਹਾਂ ਦੇ ਨਾਲ ਗਿਆ। ਗੁਰੂ ਸਾਹਿਬ ਸਭ ਤੋਂ ਪਹਿਲਾਂ ਮੱਕੇ ਪਹੁੰਚੇ। ਸਿੱਖ ਪਰੰਪਰਾਵਾਂ ਅਨੁਸਾਰ ਉਥੇ ਉਹ ਕਾਅਬੇ ਵੱਲ ਨੂੰ ਪੈਰ ਪਾਸਾਰ ਕੇ ਸੌ ਗਏ। ਜਦੋਂ ਰੁਕਨਉਦੀਕ ਮੁੱਖ ਇਮਾਮ ਨੇ ਇਸ ਗੱਲ ਉੱਤੇ ਇਤਰਾਜ ਕੀਤਾ ਤਾਂ ਗੁਰੂ ਸਾਹਿਬ ਨੇ ਬੜੀ ਨਿਮਰਤਾ ਨਾਲ ਕਿਹਾ ਜਿਧਰ ਰੱਬ ਦਾ ਘਰ ਨਹੀ ਮੇਰੀਆਂ ਲੱਤਾਂ ਉਧਰ ਕਰ ਦਿਓ। ਇਹ ਰੱਬ ਦੀ ਸਰਬ-ਵਿਆਪਕਤਾ ਵੱਲ ਇਸ਼ਾਰਾ ਸੀ। ਸਾਰਿਆਂ ਲਈ ਇਹ ਬਹੁਤ ਵੱਡਾ ਸਬਕ ਸੀ ਤੇ ਰੁਕਨਉਦੀਨ ਅਤੇ ਮੱਕੇ ਦੇ ਹੋਰ ਬਹੁਤ ਸਾਰੇ ਮੁਸਲਮਾਨ ਗੁਰੂ ਸਾਹਿਬ ਦੇ ਉਪਦੇਸ਼ ਤੋਂ ਬਹੁਤ ਪ੍ਰਭਾਵਿਤ ਹੋਏ। ਇਸ ਪਿਛੋਂ ਗੁਰੂ ਸਾਹਿਬ ਮਦੀਨੇ ਗਏ ਉਥੇ ਵੀ ਉਨ੍ਹਾਂ ਨੇ ਲੋਕਾਂ ਵਿਚ ਰੱਬ ਨੂੰ ਸੱਚੇ ਦਿਲ ਨਾਲ ਜਪਣ ਅਤੇ ਝੂਠੇ ਵਹਿਮਾਂ ਨੂੰ ਛੱਡ ਦੇਣ ਦਾ ਪ੍ਰਚਾਰ ਕੀਤਾ। ਉਨ੍ਹਾਂ ਨੇ ਹਜ਼ਰਤ ਮੁਹੰਮਦ ਸਾਹਿਬ ਦੀ ਕਬਰ ਦੇ ਵੀ ਦਰਸ਼ਨ ਕੀਤੇ। ਇਸ ਤੋਂ ਬਾਅਦ ਗੁਰੂ ਸਾਹਿਬ ਕਈ ਸਥਾਨਾਂ ਤੋਂ ਹੁੰਦੇ ਹੋਏ ਬਗਦਾਦ ਪਹੁੰਚੇ। ਉਥੇ ਉਨ੍ਹਾਂ ਦੀ ਸ਼ੇਖ ਬਹਿਲੋਲ ਨਾਲ ਮੁਲਾਕਾਤ ਹੋਈ। ਸ਼ੇਖ ਬਹਿਲੋਲ ਗੁਰੂ ਜੀ ਦੀ ਬਾਣੀ ਤੋਂ ਬਹੁਤ ਪ੍ਰਭਾਵਿਤ ਹੋਇਆ ਅਤੇ ਉਨ੍ਹਾਂ ਦਾ ਸ਼ਰਧਾਲੂ ਬਣ ਗਿਆ। ਉਸਨੇ ਗੁਰੂ ਸਾਹਿਬ ਦਾ ਸਤਿਕਾਰ ਵਜੋਂ ਬਗਦਾਦ ਵਿਚ ਇਕ ਯਾਦਗਾਰੀ ਸਥਾਨ ਵੀ*

ਬਣਾਇਆ ਜੋ ਅੱਜ ਤਕ ਕਾਇਮ ਹੈ। ਬਗਦਾਦ ਤੋਂ ਵਾਪਸ ਆਉਂਦੇ ਹੋਏ ਗੁਰੂ ਕੁਝ ਸਮੇਂ ਲਈ ਹਸਨ ਅਬਦਾਲ (ਪੰਜਾ ਸਾਹਿਬ, ਪਾਕਿਸਤਾਨ) ਵਿਚ ਠਹਿਰੇ। ਇਥੇ ਉਨ੍ਹਾਂ ਨੇ ਹੰਕਾਰੀ ਵਲੀ ਕੰਧਾਰੀ ਨੂੰ ਸਿੱਧੇ ਰਾਹ ਪਾਇਆ।

**ਪੰਜਵੀਂ ਉਦਾਸੀ (Fifth Udasi-Travel within Punjab) *(ਪੰਜਾਬ ਦੀ ਯਾਤਰਾ)* :-** ਪੰਜਵੀਂ ਅਤੇ ਅੰਤਲੀ ਉਦਾਸੀ ਵਿਚ ਗੁਰੂ ਨਾਨਕ ਨੇ ਪੰਜਾਬ ਵਿਚ ਹੀ ਆਪਣੇ ਉਪਦੇਸ਼ਾਂ ਦਾ ਪ੍ਰਚਾਰ ਕੀਤਾ। ਪਾਕਪਟਨ ਵਿਚ ਸ਼ੇਖ ਫਰੀਦ ਦੀ ਗੱਦੀ ਦੇ ਵਾਰਸ ਸ਼ੇਖ ਬ੍ਰਹਮ ਨਾਲ ਮੁਲਾਕਾਤ ਕਰਦੇ ਹੋਏ ਗੁਰੂ ਸਾਹਿਬ ਨੇ ਦੀਪਾਲਪੁਰ, ਕੰਚਨਪੁਰ ਅਤੇ ਪੱਟੀ ਆਦਿ ਸਥਾਨਾਂ ਦੀ ਯਾਤਰਾ ਕੀਤੀ। ਫਿਰ ਉਹ ਵਰਤਮਾਨ ਅੰਮ੍ਰਿਤਸਰ ਨੇੜੇ ਕਰੀ ਪਠਾਣਾ ਵਿਚ ਪਹੁੰਚੇ। ਇਥੇ ਉਨ੍ਹਾਂ ਨੇ ਬਹੁਤ ਸਾਰੇ ਪਠਾਣਾਂ ਨੂੰ ਆਪਣਾ ਸਿੱਖ ਬਣਾਇਆ। ਇਸ ਤੋਂ ਬਾਦ ਬਟਾਲੇ ਵਿਚ ਪ੍ਰਚਾਰ ਕਰਦੇ ਹੋਏ ਗੁਰੂ ਸਾਹਿਬ-ਸੱਯਦਪੁਰ ਗਏ। ਉਸ ਸਮੇਂ ਮੁਗਲ ਹਮਲਾਵਰ ਬਾਬਰ ਨੇ ਹੁਣੇ ਸੱਯਦਪੁਰ ਤੇ ਕਬਜ਼ਾ ਕੀਤਾ ਸੀ ਅਤੇ ਉਹ ਉਥੋਂ ਦੇ ਲੋਕਾਂ ਤੇ ਬਹੁਤ ਜ਼ੁਲਮ ਕਰ ਰਿਹਾ ਸੀ। ਗੁਰੂ ਸਾਹਿਬ ਨੇ ਇਨ੍ਹਾਂ ਜ਼ੁਲਮਾਂ ਦੇ ਵਿਰੁੱਧ ਬਾਬਰ ਬਾਣੀ ਦੀ ਰਚਨਾ ਕੀਤੀ। ਸਿੱਖ ਪਰੰਪਰਾਵਾਂ ਅਨੁਸਾਰ ਮੁਗਲਾਂ ਨੇ ਗੁਰੂ ਨਾਨਕ ਅਤੇ ਉਨ੍ਹਾਂ ਦੇ ਸਾਥੀ ਮਰਦਾਨੇ ਨੂੰ ਵੀ ਕੈਦ ਕਰ ਲਿਆ। ਜੇਲ੍ਹ ਦੇ ਮੁਖੀ ਮੀਰ ਖਾਨ ਨੇ ਬਾਬਰ ਨੂੰ ਦੱਸਿਆ ਕਿ ਗੁਰੂ ਨਾਨਕ ਇਕ ਬਹੁਤ ਵੱਡਾ ਸੰਤ ਹੈ। ਇਸ ਤੇ ਬਾਬਰ ਗੁਰੂ ਸਾਹਿਬ ਨੂੰ ਆਪ ਮਿਲਿਆ ਅਤੇ ਉਨ੍ਹਾਂ ਦੀ ਸ਼ਖਸੀਅਤ ਤੋਂ ਇੰਨਾ ਪ੍ਰਭਾਵਿਤ ਹੋਇਆ ਕਿ ਉਸ ਨੇ ਕੇਵਲ ਉਨ੍ਹਾਂ ਨੂੰ ਹੀ ਨਹੀਂ ਰਿਹਾਅ ਕਰ ਦਿੱਤਾ, ਸਗੋਂ ਉਹਨਾਂ ਦੇ ਕਹਿਣ ਤੇ ਦੂਜੇ ਸਾਰੇ ਕੈਦੀਆਂ ਨੂੰ ਛੱਡ ਦਿੱਤਾ। ਸੱਯਦਪੁਰ ਤੋਂ ਗੁਰੂ ਸਾਹਿਬ ਪਸਰੂਰ ਅਤੇ ਸਿਆਲਕੋਟ ਗਏ ਅਤੇ ਡੇਰਾ ਗਾਜੀ ਖਾਂ ਦੇ ਜ਼ਿਲ੍ਹੇ ਮਿਠਨਕੋਟ ਪੁੱਜੇ ਉਥੇ ਉਨ੍ਹਾਂ ਨੇ ਪ੍ਰਸਿੱਧ ਮੁਸਲਮ ਫਕੀਰ ਮੀਆਂ ਮਿਠਾ ਨਾਲ ਬਹੁਤ ਬਹਿਸ ਕੀਤੀ ਅਤੇ ਅੰਤ ਵਿਚ ਉਸਨੂੰ ਸ਼ਰਧਾਲੂ ਬਣਾਇਆ। ਇਸਤੋਂ ਬਾਅਦ ਗੁਰੂ ਸਾਹਿਬ ਲਾਹੌਰ ਪਹੁੰਚੇ। ਹੁਣ ਉਨ੍ਹਾਂ ਨੇ ਆਪਣੀਆਂ ਉਦਾਸੀਆਂ ਸਮਾਪਤ ਕਰਕੇ ਨਿਸ਼ਚਿਤ ਜਗ੍ਹਾ ਤੇ ਨਿਵਾਸ ਕਰਨ ਦਾ ਫੈਸਲਾ ਕੀਤਾ।

**ਕਰਤਾਰਪੁਰ ਵਿਚ ਨਿਵਾਸ (Residing at Kartarpur) :-** ਗੁਰੂ ਜੀ ਨੇ ਰਾਵੀ ਦੇ ਕੰਢੇ ਤੇ ਇਕ ਨਵਾਂ ਨਗਰ ਵਸਾਇਆ ਜਿਸ ਦਾ ਨਾਂ ਉਨ੍ਹਾਂ ਨੇ 'ਕਰਤਾਰਪੁਰ' (ਰੱਬ ਦਾ ਸ਼ਹਿਰ) ਰਖਿਆ। ਉਨ੍ਹਾਂ ਨੇ ਆਪਣੇ ਜੀਵਨ ਦੇ ਆਖਰੀ ਦਸ ਸਾਲ ਇਸ ਸ਼ਹਿਰ ਵਿਚ ਹੀ ਬਤੀਤ ਕੀਤੇ। ਉਨ੍ਹਾਂ ਨੇ ਆਪਣੀ ਪਤਨੀ ਅਤੇ ਪੁੱਤਰਾਂ ਨੂੰ ਵੀ ਆਪਣੇ ਪਾਸ ਬੁਲਾ ਲਿਆ। ਇਸ ਪ੍ਰਕਾਰ ਉਨ੍ਹਾਂ ਨੇ ਆਪਣੀ ਆਦਰਸ਼ਕ ਗ੍ਰਹਿਸਤ ਜੀਵਨ ਦੀ ਮਿਸਾਲ ਆਪਣੇ ਸਿੱਖਾਂ ਦੇ ਸਾਹਮਣੇ ਰੱਖੀ।

**ਚੇਲਿਆਂ ਦਾ ਸੰਗਠਨ *(ਸੰਗਤ ਅਤੇ ਪੰਗਤ)* (Organised Discipline-Sangat and Pangat):-** ਗੁਰੂ ਸਾਹਿਬ ਨੇ ਆਪਣੀਆਂ ਉਦਾਸੀਆਂ ਦੇ ਦੌਰਾਨ ਅਨੇਕ ਸਥਾਨਾਂ ਤੇ 'ਸੰਗਤ' ਅਰਥਾਤ ਆਪਣੇ ਚੇਲਿਆਂ ਦੇ ਸੰਘ ਸਥਾਪਿਤ ਕੀਤੇ ਸਨ। ਇਨ੍ਹਾਂ ਸਭ ਸੰਗਤਾਂ ਨੂੰ ਮਜ਼ਬੂਤ ਬਣਾਉਣ ਲਈ ਅਤੇ ਜ਼ਿਆਦਾ ਤੋਂ ਜ਼ਿਆਦਾ ਲੋਕਾਂ ਨੂੰ ਆਪਣੇ ਉਪਦੇਸ਼ਾਂ ਦਾ ਗਿਆਨ ਕਰਾਉਣ ਲਈ ਗੁਰੂ ਸਾਹਿਬ ਨੇ ਕਰਤਾਰਪੁਰ ਵਿਚ ਇਕ ਸੰਗਤ ਕਾਇਮ ਕੀਤੀ ਜਿਸ ਸੰਗਤ ਵਿਚ ਬਹੁਤ ਗਿਣਤੀ ਵਿਚ ਗੁਰੂ ਜੀ ਦੇ ਸਿੱਖ ਇਕੱਠੇ ਹੁੰਦੇ ਸਨ ਤੇ ਉਨ੍ਹਾਂ ਤੋਂ ਉਪਦੇਸ਼ ਪ੍ਰਾਪਤ ਕਰਦੇ ਸਨ। ਦੂਰ ਦੂਰ ਦੇ ਸਥਾਨਾਂ ਦੇ ਸਿੱਖ ਕਰਤਾਰਪੁਰ ਵਿਚ ਗੁਰੂ ਸਾਹਿਬ ਤੋਂ ਆਦੇਸ਼ ਲੈਣ ਲਈ ਆਉਂਦੇ ਸਨ ਅਤੇ ਫੇਰ ਆਪਣੇ ਪ੍ਰਦੇਸ਼ਾਂ ਵਿਚ ਜਾ ਕੇ ਉਨ੍ਹਾਂ ਦੇ ਉਪਦੇਸ਼ਾਂ ਦਾ ਪ੍ਰਚਾਰ ਕਰਦੇ ਸਨ। ਗੁਰੂ ਸਾਹਿਬ ਨੇ ਆਪਣੇ ਚੇਲਿਆਂ ਦਾ ਸੰਗਠਨ ਕਰਦੇ ਹੋਏ ਇਕ ਮਹੱਤਵਪੂਰਨ ਕੰਮ ਇਹ ਕੀਤਾ ਕਿ ਉਨ੍ਹਾਂ ਨੇ ਲੰਗਰ ਪ੍ਰਥਾ ਚਾਲੂ ਕੀਤੀ। ਉਨ੍ਹਾਂ ਨੇ ਆਪਣੇ ਸਾਰੇ ਸਿੱਖਾਂ ਨੂੰ ਇਹ ਆਦੇਸ਼ ਦਿੱਤਾ ਕਿ ਉਹ ਧਰਮ ਅਤੇ ਜਾਤੀ ਦਾ ਕੋਈ ਖਿਆਲ ਨਾ ਕਰਦੇ ਹੋਏ ਸਾਰੇ ਇਕੋ ਪੰਗਤ ਵਿਚ ਇਕੱਠੇ ਬੈਠ ਕੇ ਖਾਣਾ ਖਾਣ ਅਤੇ ਆਪਸ ਵਿਚ ਭਾਈ ਬਣੇ ਰਹਿਣ, ਇਸੇ ਤਰ੍ਹਾਂ ਕੁਝ ਹੀ ਸਾਲਾਂ ਵਿਚ ਗੁਰੂ ਸਾਹਿਬ ਦੇ ਸਿੱਖਾਂ ਦਾ ਇਕ ਨਵਾਂ ਸਮਾਜ ਹੋਂਦ ਵਿਚ ਆਇਆ।

**ਉਤਰ-ਅਧਿਕਾਰੀ ਦੀ ਨਿਯੁਕਤੀ (Appointed Successor) :-** ਆਪਣੇ ਉਪਦੇਸ਼ਾਂ ਦਾ ਪ੍ਰਚਾਰ ਜਾਰੀ ਰਖਣ ਦੇ ਉਦੇਸ਼ ਨਾਲ ਗੁਰੂ ਨਾਨਕ ਨੇ ਆਪਣਾ ਉਤਰ-ਅਧਿਕਾਰੀ ਨਿਯੁਕਤ ਕਰਨ ਦਾ ਨਿਸ਼ਚਾ ਕੀਤਾ। ਆਪਣੇ ਪੁੱਤਰਾਂ ਅਤੇ ਸਿੱਖਾਂ, ਦੀਆਂ ਉਨ੍ਹਾਂ ਨੇ ਕਈ ਪ੍ਰੀਖਿਆਵਾਂ ਲਈਆਂ ਜਿਨ੍ਹਾਂ ਵਿਚ ਭਾਈ ਲਹਿਣਾ ਸਭ ਤੋਂ ਅਧਿਕ ਯੋਗ ਸਿੱਧ ਹੋਏ। ਇਸ ਲਈ ਗੁਰੂ ਸਾਹਿਬ ਨੇ ਭਾਈ ਲਹਿਣਾ ਨੂੰ 'ਅੰਗਦ' ਭਾਵ ਉਨ੍ਹਾਂ ਦੇ ਆਪਣੇ ਹੀ ਸਰੀਰ ਦਾ ਅੰਗ ਦਾ ਨਾਂ ਦਿੱਤਾ।

**ਅਕਾਲ ਚਲਾਣਾ (Death) :-** 1539 ਈ. ਵਿਚ ਗੁਰੂ ਨਾਨਕ ਸਾਹਿਬ ਕਰਤਾਰਪੁਰ ਵਿਖੇ ਜੋਤੀ ਜੋਤ ਸਮਾ ਗਏ।

### 1.1.5 ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ (Teachings of Guru Nanak)

ਗੁਰੂ ਨਾਨਕ ਨੇ ਕੋਈ ਗੂੜ੍ਹ ਫਲਸਫੇ ਦਾ ਪ੍ਰਚਾਰ ਨਹੀਂ ਕੀਤਾ। ਉਨ੍ਹਾਂ ਦੇ ਉਪਦੇਸ਼ ਬੜੇ ਸਾਦੇ ਸਨ ਅਤੇ ਇਨ੍ਹਾਂ ਨੂੰ ਲੋਕਾਂ ਦੇ ਸਾਹਮਣੇ ਉਨ੍ਹਾਂ ਦੀ ਆਪਣੀ ਬੋਲੀ ਵਿਚ ਰੱਖਿਆ। 'ਜਪੁਜੀ ਸਾਹਿਬ', 'ਆਸਾ ਦੀ ਵਾਰ' ਆਦਿ ਗੁਰੂ ਸਾਹਿਬ ਦੀਆਂ ਰਚਨਾਵਾਂ ਤੋਂ ਉਨ੍ਹਾਂ ਦੇ ਉਪਦੇਸ਼ਾਂ ਦੇ ਮੁੱਖ ਸਿਧਾਂਤ ਪਤਾ ਲੱਗਦਾ ਹੈ :-

**ਰੱਬ ਸਬੰਧੀ ਵਿਚਾਰ :-** ਗੁਰੂ ਨਾਨਕ ਦਾ ਰੱਬ ਦੀ ਹੋਂਦ ਬਾਰੇ ਪੱਕਾ ਅਤੇ ਅੱਟਲ ਵਿਸ਼ਵਾਸ ਸੀ। 'ਜਪੁਜੀ ਸਾਹਿਬ' ਦੇ ਮੂਲ ਮੰਤਰ ਵਿਚ ਉਨ੍ਹਾਂ ਨੇ ਰੱਬ ਸੰਬੰਧੀ ਵਿਚਾਰਾਂ ਦਾ ਸਾਰ ਇਸ ਤਰ੍ਹਾਂ ਦਿੱਤਾ ਹੈ; ਰੱਬ ਇਕ ਹੈ, ਉਸ ਦਾ ਨਾਮ ਸੱਚਾ ਹੈ, ਉਹ ਸੰਸਾਰ ਦਾ ਕਰਤਾ-ਧਰਤਾ ਹੈ, ਉਹ ਨਿਡਰ ਹੈ, ਉਸ ਦਾ ਕੋਈ ਵੈਰੀ ਨਹੀਂ, ਉਹ ਜਨਮ ਮਰਨ ਤੋਂ ਰਹਿਤ ਹੈ, ਉਹ ਭਿੰਨ-ਭਿੰਨ ਜੁੱਗਾਂ ਵਿਚ ਸੱਚਾ ਸੀ, ਹੁਣ ਵੀ ਸੱਚਾ ਹੈ ਅਤੇ ਭਵਿੱਖ ਵਿਚ ਵੀ ਸਦਾ ਸੱਚਾ ਰਹੇਗਾ। ਗੁਰੂ ਸਾਹਿਬ ਦੇ ਰੱਬ ਸੰਬੰਧੀ ਵਿਚਾਰਾਂ ਦਾ ਵੇਰਵਾ ਸਪਸ਼ਟ ਰੂਪ ਨਾਲ, ਇਨ੍ਹਾਂ ਸਿਰਲੇਖਾਂ ਹੇਠ ਕੀਤਾ ਜਾ ਸਕਦਾ ਹੈ :-

**(ੳ) ਰੱਬ ਇਕ ਹੈ :-** ਗੁਰੂ ਨਾਨਕ ਨੇ ਇਸ ਗੱਲ ਤੇ ਬਹੁਤ ਜ਼ੋਰ ਦਿੱਤਾ ਹੈ ਕਿ ਰੱਬ ਇਕ ਹੈ। ਉਸ ਜ਼ਮਾਨੇ ਵਿਚ ਇਹ ਵਿਚਾਰ ਆਮ ਪ੍ਰਚਲਿਤ ਸੀ ਕਿ ਬ੍ਰਹਮਾ, ਵਿਸ਼ਨੂੰ ਅਤੇ ਮਹੇਸ਼ ਤਿੰਨ ਦੇਵਤੇ ਰੱਬ ਰੂਪ ਹਨ। ਇਕ ਸੰਸਾਰ ਦੇ ਲੋਕਾਂ ਨੂੰ ਪੈਦਾ ਕਰਦਾ ਹੈ, ਦੂਸਰਾ ਉਹਨਾਂ ਦੀ ਦੇਖਭਾਲ ਕਰਦਾ ਹੈ ਅਤੇ ਤੀਸਰਾ ਉਨ੍ਹਾਂ ਦੇ ਜੀਵਨ ਨੂੰ ਸਮਾਪਤ ਕਰਦਾ ਹੈ। ਮੁਸਲਮਾਨ ਹਜ਼ਰਤ ਮੁਹੰਮਦ ਨੂੰ ਰੱਬ ਮੰਨਦੇ ਸਨ। ਗੁਰੂ ਨਾਨਕ ਨੇ ਇਨ੍ਹਾਂ ਪ੍ਰਚਲਿਤ ਵਿਚਾਰਾਂ ਨੂੰ ਨਾ ਮੰਨਦੇ ਹੋਏ ਲੋਕਾਂ ਨੂੰ ਇਹ ਉਪਦੇਸ਼ ਦਿੱਤਾ ਕਿ ਕੇਵਲ ਇਕ ਹੀ ਰੱਬ ਹੈ ਜੋ ਬ੍ਰਹਮਾ, ਵਿਸ਼ਨੂੰ, ਮਹੇਸ਼, ਰਾਮ, ਕ੍ਰਿਸ਼ਨ, ਹਜ਼ਰਤ ਮੁਹੰਮਦ ਸਭ ਤੋਂ ਉੱਚਾ ਹੈ।

**(ਅ) ਸਰਵਸ਼ਕਤੀਮਾਨ ਹੈ :-** ਗੁਰੂ ਨਾਨਕ ਅਨੁਸਾਰ ਰੱਬ ਸਰਵਸ਼ਕਤੀਮਾਨ ਹੈ। ਉਸ ਦੇ ਹੁਕਮ ਅਨੁਸਾਰ ਹੀ ਹਰ ਇਕ ਮਨੁੱਖ ਦਾ ਜਨਮ ਹੁੰਦਾ ਹੈ, ਉਸਦਾ ਆਕਾਰ ਬਣਦਾ ਹੈ, ਉਸ ਨੂੰ ਵਡਿਆਈ ਪ੍ਰਾਪਤ ਹੁੰਦੀ ਹੈ, ਉਹ ਉੱਤਮ ਜਾਂ ਨੀਚ ਹੋ ਜਾਂਦਾ ਹੈ, ਉਹ ਲਿਖ ਪੜ੍ਹ ਜਾਂਦਾ ਹੈ, ਦੁਖ-ਸੁਖ ਪਾਉਂਦਾ ਹੈ ਅਤੇ ਉਸ ਦਾ ਅਕਾਲ ਚਲਾਣਾ ਹੁੰਦਾ ਹੈ। ਕਿਸੇ ਵੀ ਮਨੁੱਖ ਵਿਚ ਇੰਨੀ ਯੋਗਤਾ ਨਹੀਂ ਕਿ ਉਹ ਰੱਬ ਦੀ ਮਹਾਨਤਾ ਨੂੰ ਪੂਰੀ ਤਰ੍ਹਾਂ ਸਮਝ ਸਕੇ ਜਾਂ ਉਸ ਦਾ ਵਰਣਨ ਕਰ ਸਕੇ। ਕਰੋੜਾਂ ਲੋਕ ਰੱਬ ਦੀ ਮਹਿਮਾ ਦੇ ਗੀਤ ਗਾਉਂਦੇ ਹਨ, ਹਜ਼ਾਰਾਂ ਲਿਖਾਰੀਆਂ ਨੇ ਆਪਣੀਆਂ ਪੁਸਤਕਾਂ ਵਿਚ ਰੱਬ ਦੀ ਵਡਿਆਈ ਕੀਤੀ ਹੈ, ਪਰ ਅਸਲ ਵਿਚ ਆਪਣੀ ਮਹਾਨਤਾ ਸਿਰਫ ਰੱਬ ਆਪ ਹੀ ਸਮਝਦਾ ਹੈ।

**(ੲ) ਰੱਬ ਅਗੋਚਰ ਅਤੇ ਸਰਬ ਵਿਆਪਕ ਹੈ :-** ਗੁਰੂ ਨਾਨਕ ਤੋਂ ਪਹਿਲਾਂ ਆਤਮਕਵਾਦੀਆਂ ਵਿਚ ਰੱਬ ਦੇ ਵਿਰੋਧੀ ਮੱਤ ਪ੍ਰਚਲਿਤ ਸਨ। ਕੁਝ ਇਕ ਆਤਮਕਵਾਦੀ ਮੰਨਦੇ ਸਨ ਕਿ ਰੱਬ ਅਗੋਚਰ (Transcendent) ਹੈ, ਉਹ ਬੇਅੰਤ ਹੈ ਅਤੇ ਮਨੁੱਖ ਦੀ ਪਹੁੰਚ ਤੇ ਸਮਝ ਤੋਂ ਪਰੇ। ਦੂਜਿਆਂ ਦੇ ਵਿਚਾਰ ਅਨੁਸਾਰ ਰੱਬ ਸਰਵ-ਵਿਆਪਕ (Omnipresent) ਹੈ। ਗੁਰੂ ਨਾਨਕ ਨੇ ਬੜੀ ਸੁੰਦਰਤਾ ਨਾਲ ਇਨ੍ਹਾਂ ਵਿਰੋਧੀ ਵਿਚਾਰਾਂ ਦਾ ਸੁਮੇਲ ਕੀਤਾ। ਉਨ੍ਹਾਂ ਦੇ ਵਿਚਾਰ ਵਿਚ ਰੱਬ ਅਗੋਚਰ ਵੀ ਹੈ ਅਤੇ ਸਰਬ ਵਿਆਪਕ ਵੀ ਹੈ। ਅਸਲ ਵਿਚ ਰੱਬ ਆਪਣੇ ਸੱਚੇ ਸੇਵਕਾਂ ਦੇ ਹਿਰਦੇ ਵਿਚ ਵਸਦਾ ਹੈ।

**(ਸ) ਰੱਬ ਨਿਰੰਕਾਰ ਹੈ :-** ਗੁਰੂ ਨਾਨਕ ਦੇ ਮੱਤ ਅਨੁਸਾਰ ਰੱਬ ਨਿਰੰਕਾਰ ਹੈ, ਉਸ ਦਾ ਕੋਈ ਰੂਪ ਰੰਗ ਆਦਿ ਨਹੀਂ ਹੈ। ਉਸ ਨੂੰ ਮਿੱਟੀ ਜਾਂ ਪੱਥਰ ਵਿਚ ਨਹੀਂ ਥਾਪਿਆ ਜਾ ਸਕਦਾ ਕਿਉਂਕਿ ਅਰੂਪ ਅਤੇ ਬੇਅੰਤ ਹੈ। ਗੁਰੂ ਸਾਹਿਬ ਦੇ ਵਿਚਾਰ ਵਿਚ ਰੱਬ ਦੀਆਂ ਮੂਰਤੀਆਂ ਬਣਾਉਣੀਆਂ ਅਤੇ ਉਸ ਨੂੰ ਮੰਦਰ ਵਿਚ ਸੀਮਿਤ ਕਰ ਦੇਣਾ ਠੀਕ ਨਹੀਂ ਹੈ।

**(ਹ) ਆਤਮ ਤਿਆਗ ਰੱਬ ਦੀ ਪ੍ਰਾਪਤੀ ਦਾ ਸਾਧਨ ਹੈ :-** ਆਪਣੀ ਬਾਣੀ ਵਿਚ ਗੁਰੂ ਜੀ ਇਕ ਜਗ੍ਹਾ ਤੇ ਫਰਮਾਉਂਦੇ ਹਨ, 'ਆਪ ਗਵਾਈਐ ਤਾਂ ਸਹੁ ਪਾਈਐ' ਅਰਥਾਤ ਮਨੁੱਖ ਆਪਣੇ ਆਪ ਨੂੰ ਗਵਾ ਕੇ ਹੀ ਰੱਬ ਪ੍ਰਾਪਤ ਕਰ ਸਕਦਾ ਹੈ। ਇਸ ਤੋਂ ਉਨ੍ਹਾਂ ਦਾ ਮਤਲਬ ਇਹ ਨਹੀਂ ਕਿ ਭੁਖਿਆਂ ਰਹਿ ਕੇ ਜਾਂ ਕਠੋਰ ਤਪ ਕਰਕੇ ਸਰੀਰ ਨੂੰ ਨਸ਼ਟ ਕਰ ਦੇਣਾ ਚਾਹੀਦਾ ਹੈ। ਇਸ ਤੋਂ ਕੇਵਲ ਇਹ ਭਾਵ ਹੈ ਕਿ ਮਨੁੱਖ ਨੂੰ ਕਾਮ, ਕਰੋਧ, ਲੋਭ, ਮੋਹ ਤੇ ਹੰਕਾਰ ਨਾਮੀ ਆਪਣੇ ਵੈਰੀਆਂ ਨੂੰ ਵਸ ਵਿਚ ਰਖਣਾ ਹੈ। ਆਪਣੇ ਮਨ ਤਨ ਨੂੰ ਰੱਬ ਦੇ ਸਪੁਰਦ ਕਰਕੇ ਹੀ ਮਨੁੱਖ-ਉਸ ਨੂੰ ਪ੍ਰਾਪਤ ਕਰਨ ਦੀ ਆਸ ਕਰ ਸਕਦਾ ਹੈ।

**(ਕ) ਨਾਮ ਜੱਪਣ ਦੀ ਮਹੱਤਤਾ :-** ਗੁਰੂ ਨਾਨਕ ਨੇ ਆਪਣੀਆਂ ਰਚਨਾਵਾਂ ਵਿਚ ਨਾਮ ਜਪਣ ਅਤੇ ਸੁਣਨ ਤੇ ਜ਼ੋਰ ਦਿੱਤਾ। ਉਨ੍ਹਾਂ ਦੇ ਵਿਚਾਰ ਅਨੁਸਾਰ ਰੱਬ ਦਾ ਨਾਮ ਜਪਣ ਤੇ ਸੁਣਨ ਨਾਲ ਮਨੁੱਖ ਕਾਮ, ਕਰੋਧ, ਲੋਭ ਮੋਹ ਅਤੇ ਹੰਕਾਰ ਵੱਸ ਵਿਚ ਕਰ ਲੈਂਦਾ ਹੈ, ਉਸ ਦਾ ਮਨ ਪਵਿੱਤਰ ਹੋ ਜਾਂਦਾ ਹੈ, ਸੱਤ, ਸੰਤੋਖ ਅਤੇ ਗਿਆਨ ਦੀ ਪ੍ਰਾਪਤੀ ਹੁੰਦੀ ਹੈ, ਉਸ ਨੂੰ ਘਰ ਬੈਠੇ ਹੀ 68 ਤੀਰਥ ਅਸਥਾਨਾਂ ਦੀ ਯਾਤਰਾ ਦਾ ਫ਼ਲ ਮਿਲ ਜਾਂਦਾ ਹੈ ਅਤੇ ਉਸ ਦੇ ਦੁੱਖ ਤੇ ਪਾਪ ਦੂਰ ਹੋ ਜਾਂਦੇ ਹਨ। ਜਪੁਜੀ ਸਾਹਿਬ ਦੀ ਵੀਹਵੀ ਪੌੜੀ ਵਿਚ ਗੁਰੂ ਸਾਹਿਬ ਕਹਿੰਦੇ ਹਨ ਕਿ ਜਿਸ ਤਰ੍ਹਾਂ ਹੱਥਾਂ ਪੈਰਾਂ ਅਤੇ ਸਰੀਰ ਦੀ ਮੈਲ ਪਾਣੀ ਨਾਲ ਅਤੇ ਗੰਦੇ ਕਪੜਿਆਂ ਦੀ ਮੈਲ ਸਾਬਣ ਨਾਲ ਦੂਰ ਹੋ ਜਾਂਦੀ ਹੈ, ਉਸੇ ਤਰ੍ਹਾਂ, ਮਨ ਦੇ ਪਾਪਾਂ ਦੀ ਮੈਲ ਨਾਮ ਜਪਣ ਨਾਲ ਦੂਰ ਹੋ ਜਾਂਦੀ ਹੈ। ਆਪਣੀਆਂ ਉਦਾਸੀਆਂ ਦੇ ਦੌਰਾਨ ਗੁਰੂ ਸਾਹਿਬ ਅਕਸਰ ਕਿਹਾ ਕਰਦੇ ਸਨ ਕਿ ਉਨ੍ਹਾਂ ਪਾਸ 'ਨਾਮ' ਤੋਂ ਬਿਨਾਂ ਹੋਰ ਕੋਈ ਚਮਤਕਾਰ ਨਹੀਂ ਹੈ।

**(ਖ) ਗੁਰੂ ਦੀ ਲੋੜ :-** ਆਤਮ ਤਿਆਗ ਦੇ ਨਾਮ ਜਪਣ ਦਾ ਰਾਹ ਦਿਖਾਣ ਲਈ ਮਨੁੱਖ ਨੂੰ ਗੁਰੂ ਦੀ ਲੋੜ ਹੈ।

*ਗੁਰੂ ਤੋਂ ਬਿਨਾਂ ਉਸ ਨੂੰ ਧਰਮ ਬਾਰੇ ਅਸਲੀ ਗਿਆਨ ਪ੍ਰਾਪਤ ਨਹੀਂ ਹੋ ਸਕਦਾ। ਗੁਰੂ ਨਾਨਕ ਦੇ ਕਹਿਣ ਅਨੁਸਾਰ ਗੁਰੂ ਇਕ ਜਹਾਜ਼ ਦੇ ਸਮਾਨ ਹੈ ਜਿਸ ਦੀ ਮਦਦ ਨਾਲ ਸੰਸਾਰ ਰੂਪੀ ਸਾਗਰ ਨੂੰ ਪਾਰ ਕਰਕੇ ਮੁਕਤੀ ਪ੍ਰਾਪਤ ਕਰ ਸਕਦਾ ਹੈ। ਗੁਰੂ ਇਕ ਅਜਿਹੀ ਪੌੜੀ ਹੈ ਜਿਸ ਦਾ ਸਹਾਰਾ ਲੈ ਕੇ ਉਹ ਪ੍ਰਭੂ ਨੂੰ ਪ੍ਰਾਪਤ ਕਰ ਸਕਦਾ ਹੈ।*

*ਜੇਕਰ ਮਨੁੱਖ ਸੰਸਾਰਕ ਮੋਹ ਮਾਇਆ ਵਿਚ ਨਾ ਫਸਦੇ ਹੋਏ ਪੱਕੇ ਇਰਾਦੇ ਨਾਲ ਅਧਿਆਤਮਕ-ਮਾਰਗ ਉਤੇ ਚਲ ਪੈਂਦਾ ਹੈ ਤਾਂ ਉਸ ਨੂੰ ਪ੍ਰਭੂ ਦੀ ਕ੍ਰਿਪਾ ਨਾਲ ਸੱਚਾ ਗੁਰੂ ਮਿਲ ਜਾਂਦਾ ਹੈ।*

***(ਗ) ਕਠਿਨ ਤਪੱਸਿਆ ਵਿਚ ਅਵਿਸ਼ਵਾਸ :-*** *ਗੁਰੂ ਨਾਨਕ ਘਰ ਛੱਡ ਕੇ ਬਾਹਰ ਜੰਗਲਾਂ ਵਿਚ ਜਾ ਕੇ ਤਪ ਕਰਨ* (Asceticism) *ਦੇ ਪੱਖ ਵਿਚ ਨਹੀਂ ਸਨ। ਗੁਰੂ ਨਾਨਕ ਦੇਵ ਜੀ ਨੇ ਸੰਸਾਰ ਨੂੰ ਤਿਆਗਣ ਵਿਰੁੱਧ ਪ੍ਰਚਾਰ ਕੀਤਾ। ਗੁਰੂ ਸਾਹਿਬ ਇਕ ਪਾਸੇ ਤਾਂ ਉਹ ਗ੍ਰਹਿਸਤ ਦੇ ਜੀਵਨ ਨੂੰ ਤਿਆਗ ਕੇ ਜੰਗਲਾਂ ਵਿਚ ਤਪ ਕਰਨਾ ਅਤੇ ਸਰੀਰ ਨੂੰ ਕਸ਼ਟ ਦੇਣਾ ਵਿਅਰਥ ਸਮਝਦੇ ਹਨ, ਦੂਜੇ ਪਾਸੇ ਉਹ ਇਹ ਵੀ ਕਹਿੰਦੇ ਹਨ ਕਿ ਸੰਸਾਰ ਵਿਚ ਰਹਿੰਦੇ ਹੋਏ ਮਨੁੱਖ ਨੂੰ ਕਾਮ, ਕਰੋਧ, ਮੋਹ, ਹੰਕਾਰ ਤੋਂ ਬਚ ਕੇ ਰਹਿਣਾ ਚਾਹੀਦਾ ਹੈ। ਮਨੁੱਖ ਨੂੰ ਸੰਸਾਰ ਵਿਚ ਇਸ ਤਰ੍ਹਾਂ ਰਹਿਣਾ ਚਾਹੀਦਾ ਹੈ ਜਿਸ ਤਰ੍ਹਾਂ ਕਮਲ ਦਾ ਫੁੱਲ ਪਾਣੀ ਵਿਚ ਰਹਿੰਦਾ ਹੈ। ''ਸੰਸਾਰ ਦੀਆਂ ਅਪਵਿੱਤਰਤਾ ਵਿਚ ਪਵਿੱਤਰ ਜੀਵਨ ਬਿਤਾਓ'' ਇਹ ਉਨ੍ਹਾਂ ਦਾ ਆਪਣੇ ਸਿੱਖਾਂ ਨੂੰ ਮਹੱਤਵਪੂਰਨ ਸੰਦੇਸ਼ ਹੈ। ਗੁਰੂ ਸਾਹਿਬ ਨੇ ਆਪਣੇ ਜੀਵਨ ਦੇ ਅੰਤਲੇ ਦਸ ਸਾਲ ਕਰਤਾਰਪੁਰ ਵਿਚ ਆਪਣੇ ਪਰਿਵਾਰ ਸਹਿਤ ਬਤੀਤ ਕੀਤੇ। ਇਸ ਤਰ੍ਹਾਂ ਉਨ੍ਹਾਂ ਨੇ ਇਕ ਆਦਰਸ਼ ਗ੍ਰਹਿਸਥੀ ਜੀਵਨ ਦੀ ਮਿਸਾਲ ਆਪਣੇ ਸਿੱਖਾਂ ਦੇ ਸਾਹਮਣੇ ਰੱਖੀ। ਉਨ੍ਹਾਂ ਤੋਂ ਬਾਅਦ ਉਨ੍ਹਾਂ ਦੇ ਨੌ ਉੱਤਰ-ਅਧਿਕਾਰੀਆਂ ਨੇ ਵੀ ਗ੍ਰਹਿਸਤ ਜੀਵਨ ਬਤੀਤ ਕਰਦੇ ਹੋਏ ''ਰਾਜ ਵਿਚ ਜੋਗ ਕਮਾਉ'' ਸਿਧਾਂਤ ਨੂੰ ਅਮਲੀ ਰੂਪ ਦਿੱਤਾ।*

***(ਘ) ਕਰਮ ਤੇ ਸਦਾਚਾਰ ਉੱਤੇ ਜ਼ੋਰ :-*** *ਗੁਰੂ ਨਾਨਕ ਬੁੱਧ ਧਰਮ ਤੇ ਹਿੰਦੂ ਧਰਮ ਵਿਚ ਪ੍ਰਚਲਿਤ ਕਰਮ ਸਿਧਾਂਤ ਨੂੰ ਮੰਨਦੇ ਹਨ। ਉਹ ਕਹਿੰਦੇ ਹਨ ਕਿ ਮਨੁੱਖ ਨੂੰ ਸ਼ੁਭ ਕਰਮ ਕਰਨੇ ਚਾਹੀਦੇ ਹਨ। ਚੰਗੇ ਕਰਮਾਂ ਤੋਂ ਬਿਨਾ ਮਨੁੱਖ ਨੂੰ ਮੁਕਤੀ ਦੀ ਪ੍ਰਾਪਤੀ ਨਹੀਂ ਹੋ ਸਕਦੀ ਹੈ। ਗੁਰੂ ਸਾਹਿਬ ਅਨੁਸਾਰ ਧਾਰਮਿਕ ਗ੍ਰੰਥਾਂ ਨੂੰ ਪੜ੍ਹਨ ਜਾਂ ਰਟ ਲੈਣ ਦਾ ਕੋਈ ਲਾਭ ਨਹੀਂ, ਸਗੋਂ ਮਨੁੱਖ ਨੂੰ ਉਨ੍ਹਾਂ ਵਿਚ ਦਿਤੇ ਗਏ ਸਦਾਚਾਰ ਦੇ ਨਿਯਮਾਂ ਨੂੰ ਅਮਲੀ ਰੂਪ ਵਿਚ ਅਪਨਾਉਣਾ ਚਾਹੀਦਾ ਹੈ। ਆਪਣੀਆਂ ਰਚਨਾਵਾਂ ਵਿਚ ਗੁਰੂ ਸਾਹਿਬ ਦੇ ਸਦਾਚਾਰ ਤੇ ਬਹੁਤ ਜ਼ੋਰ ਦਿੱਤਾ ਹੈ। ਉਹ ਕਹਿੰਦੇ ਹਨ ਕਿ ਮਨੁੱਖ ਵਿਚ ਬਚਨ ਅਤੇ ਕਰਮ ਦੀ ਪਵਿੱਤਰਤਾ ਹੋਣੀ ਚਾਹੀਦੀ ਹੈ। ਉਸ ਨੂੰ ਚੋਰੀ ਨਹੀਂ ਕਰਨੀ ਚਾਹੀਦੀ, ਮਿਹਨਤ ਦੀ ਕਮਾਈ ਖਾਣੀ ਚਾਹੀਦੀ ਹੈ, ਹਰੇਕ ਨਾਲ ਪਿਆਰ ਦਾ ਵਤੀਰਾ ਕਰਨਾ ਚਾਹੀਦਾ ਹੈ। ਸਤਿ ਅਤੇ ਸੰਤੋਖ, ਖਿਮਾਂ ਆਦਿ ਗੁਣਾਂ ਨੂੰ ਅਪਨਾਉਣ ਦਾ ਯਤਨ ਕਰਨਾ ਚਾਹੀਦਾ ਹੈ।*

***(ਙ) ਫੋਕੇ ਰਸਮਾਂ-ਰਿਵਾਜ਼ਾਂ ਅਤੇ ਵਹਿਮਾਂ ਦੀ ਨਿਖੇਧੀ :-*** *ਗੁਰੂ ਨਾਨਕ ਨੇ ਉਸ ਸਮੇਂ ਸਮਾਜ ਦੇ ਲੋਕਾਂ ਵਿਚ ਪ੍ਰਚੱਲਤ ਫੋਕੇ ਰਸਮ-ਰਿਵਾਜ਼ਾਂ ਅਤੇ ਝੂਠੇ ਵਹਿਮਾਂ ਦੀ ਬੜੇ ਉਤਸ਼ਾਹ ਨਾਲ ਨਿਖੇਧੀ ਕੀਤੀ। ਉਨ੍ਹਾਂ ਨੇ ਕਿਹਾ ਕਿ ਜੰਗਲਾਂ ਵਿਚ ਜਾ ਕੇ ਤਪ ਕਰਨਾ, ਤੀਰਥ-ਅਸਥਾਨਾਂ ਦੀ ਯਾਤਰਾ ਕਰਨੀ, ਵਰਤ ਰੱਖਣਾ, ਪਾਣੀ ਵਿਚ ਬੈਠਿਆ ਰਹਿਣਾ, ਸੂਰਜ ਨੂੰ ਪਾਣੀ ਦੇਣਾ, ਉਲਟੇ ਖੜ੍ਹੇ ਰਹਿਣਾ, ਵੇਦਾਂ ਨੂੰ ਰਟ ਲੈਣ, ਮੂਰਤੀਆਂ ਨੂੰ ਪੂਜਣਾ ਆਦਿ ਸਭ ਵਿਅਰਥ ਹਨ ਅਤੇ ਇਨ੍ਹਾਂ ਦੀ ਕੋਈ ਧਾਰਮਿਕ ਮਹੱਤਤਾ ਨਹੀਂ। ਗੁਰੂ ਸਾਹਿਬ ਨੂੰ ਉਸ ਜ਼ਮਾਨੇ ਦੇ ਜੋਗੀਆਂ ਅਤੇ ਸਾਧੂਆਂ ਦੇ ਪਾਖੰਡਾਂ, ਜਿਵੇਂ ਚੋਲਾ ਪਹਿਨ ਲੈਣਾ, ਸਰੀਰ ਤੇ ਸੁਆਹ ਮਲ ਲੈਣੀ, ਕੰਨਾਂ ਵਿਚ ਮੁੰਦਰਾਂ ਪਾ ਲੈਣੀਆਂ, ਹੱਥ ਵਿਚ ਡੰਡਾ ਫੜ ਲੈਣਾ ਆਦਿ ਨੂੰ ਵੀ ਫਜ਼ੂਲ ਦਸਿਆ। ਉਨ੍ਹਾਂ ਨੇ ਬੈਰਾਗੀ, ਕਾਜ਼ੀ ਅਤੇ ਬ੍ਰਾਹਮਣਾਂ ਦੇ ਅਸਲੀ ਅਰਥ ਵੀ ਦੱਸੇ। ਉਨ੍ਹਾਂ ਅਨੁਸਾਰ ਬੈਰਾਗੀ ਉਹ ਹੈ ਜੋ ਆਪਣੀਆਂ ਤ੍ਰਿਸ਼ਨਾਵਾਂ ਨੂੰ ਤਿਆਗ ਦਿੰਦਾ ਹੈ, ਜੋਗੀ ਉਹ ਹੈ ਜੋ ਪ੍ਰਭੂ ਪ੍ਰਾਪਤੀ ਦੇ ਮਾਰਗ ਤੋਂ ਜਾਣੂ ਹੈ, ਕਾਜ਼ੀ ਉਹ ਹੈ ਜੋ ਮਨੁੱਖਾਂ ਨੂੰ ਸੰਸਾਰਕ ਝੰਜਟਾਂ ਤੋਂ ਕੱਢ ਕੇ ਅਧਿਆਤਮਕ ਮਾਰਗ ਵਲ ਲਿਆਉਂਦਾ ਹੈ ਅਤੇ ਬ੍ਰਾਹਮਣਾਂ, ਕਾਜ਼ੀਆਂ ਅਤੇ ਜੋਗੀਆਂ ਦੇ ਪਿਛੇ ਲੱਗ ਕੇ ਝੂਠੇ ਰਸਮ-ਰਿਵਾਜਾਂ ਵਿਚ ਵਿਸ਼ਵਾਸ ਨਹੀਂ ਕਰਨਾ ਚਾਹੀਦਾ।*

***(ਚ) ਜਾਤ ਪਾਤ 'ਤੇ ਆਧਾਰਤ ਭੇਦ ਭਾਵਾਂ ਦਾ ਖੰਡਨ :-*** *ਗੁਰੂ ਨਾਨਕ ਦੇ ਸਮੇਂ ਹਿੰਦੂ ਸਮਾਜ ਚਾਰ ਮੁੱਖ ਜਾਤੀਆਂ (ਬ੍ਰਾਹਮਣ, ਕਸ਼ਤਰੀ, ਵੈਸ਼ ਅਤੇ ਸੂਦਰ) ਅਤੇ ਸੈਂਕੜੇ ਉਪ-ਜਾਤੀਆਂ ਵਿਚ ਵੰਡਿਆ ਹੋਇਆ ਸੀ। ਉੱਚੀਆਂ ਜਾਤੀਆਂ ਦੇ ਲੋਕ ਨੀਵੀਆਂ ਜਾਤਾਂ ਦੇ ਲੋਕਾਂ ਤੋਂ ਘ੍ਰਿਣਾ ਕਰਦੇ ਸਨ। ਗੁਰੂ ਸਾਹਿਬ ਜਾਤਾਂ ਦੇ ਇਨ੍ਹਾਂ ਭੇਦਾਂ ਭਾਵਾਂ ਦੇ ਸਖਤ ਖਿਲਾਫ ਸਨ ਅਤੇ ਉਨ੍ਹਾਂ ਬੜੇ ਜ਼ੋਰਦਾਰ ਸ਼ਬਦਾਂ ਵਿਚ ਇਸ ਪ੍ਰਥਾ ਦਾ ਖੰਡਨ ਕੀਤਾ ਹੈ। ਉਹ ਫਰਮਾਉਂਦੇ ਹਨ, 'ਫੱਕੜ ਜਾਤੀ ਫੱਕੜ ਨਾਉ' ਅਰਥਾਤ ਜਾਤੀਆਂ ਦੇ ਨਾਮ ਸਭ ਫਜ਼ੂਲ ਗੱਲਾਂ ਹਨ। ਉਨ੍ਹਾਂ ਦੇ ਵਿਚਾਰ*

*ਅਨੁਸਾਰ ਸਭ ਲੋਕ ਬਰਾਬਰ ਹਨ ਅਤੇ ਕੋਈ ਜਨਮ ਤੋਂ ਉੱਚਾ ਜਾਂ ਨੀਵਾਂ ਨਹੀਂ। ਜੇ ਕੋਈ ਵੀ ਰੱਬ ਦਾ ਸੱਚੇ ਦਿਲ ਨਾਲ ਨਾਮ ਜਪਦਾ ਹੈ ਅਤੇ ਨਿਰਮਲ ਕਰਮ ਕਰਦਾ ਹੈ, ਉਹ ਪ੍ਰਭੂ ਨੂੰ ਪ੍ਰਾਪਤ ਕਰ ਲੈਂਦਾ ਹੈ, ਚਾਹੇ ਉਹ ਕਿਸੇ ਵੀ ਜਾਤ ਦਾ ਕਿਉਂ ਨਾ ਹੋਵੇ। ਗੁਰੂ ਸਾਹਿਬ ਨੇ ਆਪਣੇ ਸਿੱਖਾਂ ਵਿਚ ਜਾਤ ਪਾਤ ਦੇ ਭਾਵ ਦਾ ਖੰਡਨ ਕਰਨ ਲਈ ਲੰਗਰ ਪ੍ਰਥਾ ਚਾਲੂ ਕੀਤੀ। ਇਸ ਪ੍ਰਥਾ ਅਨੁਸਾਰ ਉਨ੍ਹਾਂ ਦੇ ਸਾਰੇ ਸਿੱਖ ਇਕੱਠੇ ਬੈਠ ਕੇ ਇਕੋ ਹੀ ਰਸੋਈ ਤੋਂ ਤਿਆਰ ਕੀਤਾ ਗਿਆ ਭੋਜਨ ਖਾਂਦੇ ਸਨ।*

***(ਛ) ਮਨੁੱਖੀ ਭਾਈਚਾਰੇ ਵਿਚ ਵਿਸ਼ਵਾਸ :-*** *ਗੁਰੂ ਨਾਨਕ ਨੇ ਮਨੁੱਖੀ ਭਾਈਚਾਰੇ ਦੇ ਸਿਧਾਂਤ ਦਾ ਪ੍ਰਚਾਰ ਕੀਤਾ। ਉਹ ਸੰਸਾਰ ਦੇ ਸਭ ਲੋਕਾਂ ਨੂੰ ਆਪਸ ਵਿਚ ਭਰਾ ਸਮਝਦੇ ਸਨ ਅਤੇ ਉਨ੍ਹਾਂ ਵਿਚ ਧਰਮ, ਜਾਤੀ ਜਾਂ ਫਿਰਕੇ ਦੇ ਭੇਦ-ਭਾਵਾਂ ਨੂੰ ਸਵੀਕਾਰ ਨਹੀਂ ਕਰਦੇ ਸਨ। ਉਹ ਕਿਹਾ ਕਰਦੇ ਸਨ 'ਨਾ ਕੋਈ ਹਿੰਦੂ ਹੈ ਅਤੇ ਨਾ ਕੋਈ ਮੁਸਲਮਾਨ' ਉਨ੍ਹਾਂ ਦੇ ਉਪਦੇਸ਼ ਸਭ ਧਰਮਾਂ ਅਤੇ ਜਾਤੀਆਂ ਦੇ ਲੋਕਾਂ ਲਈ ਸਨ। ਇਸ ਲਈ ਤਾਂ ਹਿੰਦੂ ਉਨ੍ਹਾਂ ਨੂੰ ਆਪਣਾ 'ਗੁਰੂ' ਅਤੇ ਮੁਸਲਮਾਨ ਉਨ੍ਹਾਂ ਨੂੰ ਆਪਣਾ 'ਪੀਰ' ਮੰਨਦੇ ਹਨ।*

***(ਜ) ਸੱਚਖੰਡ ਦੀ ਪ੍ਰਾਪਤੀ :-*** *ਗੁਰੂ ਨਾਨਕ ਅਨੁਸਾਰ ਜੀਵਨ ਦਾ ਅੰਤਮ ਉਪਦੇਸ਼ 'ਸੱਚਖੰਡ' ਦੀ ਪ੍ਰਾਪਤੀ ਹੈ। ਇਸ ਅਵਸਥਾ ਵਿਚ ਮਨੁੱਖ ਨੂੰ ਪੂਰਣ ਸ਼ਾਂਤੀ ਅਤੇ ਸਰਵ-ਉੱਚ ਆਨੰਦ ਮਿਲਦਾ ਹੈ। ਜਨਮ ਅਤੇ ਮਰਨ ਦੇ ਚੱਕਰ ਤੋਂ ਉਸ ਦਾ ਸਦਾ ਲਈ ਛੁਟਕਾਰਾ ਹੋ ਜਾਂਦਾ ਹੈ। ਗੁਰੂ ਨਾਨਕ ਸਾਹਿਬ ਦੇ ਉਪਰੋਕਤ ਉਦੇਸ਼ਾਂ ਦੀ ਪਾਲਣਾ ਕਰਕੇ ਹੀ ਮਨੁੱਖ ਨੂੰ 'ਸੱਚਖੰਡ' ਦੀ ਪ੍ਰਾਪਤੀ ਹੋ ਸਕਦੀ ਹੈ।*

## *1.1.6 ਕੀ ਗੁਰੂ ਨਾਨਕ ਦੇਵ ਜੀ ਕ੍ਰਾਂਤੀਕਾਰੀ ਸਨ ਜਾਂ ਸੁਧਾਰਕ ?*
## (Was Guru Nanak Dev a Revolutionary or a Reformer ?)

*ਇਸ ਵਿਸ਼ੇ ਤੇ ਇਤਿਹਾਸਕਾਰਾਂ ਵਿਚ ਮਤਭੇਦ ਹੈ ਕਿ ਗੁਰੂ ਨਾਨਕ ਕ੍ਰਾਂਤੀਕਾਰੀ ਸਨ ਜਾਂ ਸੁਧਾਰਕ। ਮੈਕਾਲਿਫ, ਭਾਈ ਕਾਹਨ ਸਿੰਘ ਅਤੇ ਪ੍ਰਿੰਸੀਪਲ ਤੇਜਾ ਸਿੰਘ ਦੇ ਵਿਚਾਰ ਵਿਚ ਗੁਰੂ ਸਾਹਿਬ ਕ੍ਰਾਂਤੀਕਾਰੀ ਸਨ, ਜਿਨ੍ਹਾਂ ਨੇ ਸਮਾਜ ਵਿਚ ਪ੍ਰਚਲਿਤ ਸੰਸਥਾਵਾਂ ਦਾ ਖੰਡਨ ਕੀਤਾ ਤੇ ਇਕ ਨਵੇਂ ਸਮਾਜ ਦੀ ਉਸਾਰੀ ਕਰਨ ਦਾ ਯਤਨ ਕੀਤਾ। ਸੀ.ਐਚ.ਪੈਨ* (C.H. Payne), *ਡਾ. ਇੰਦੂ ਭੂਸ਼ਨ ਬੈਨਰਜੀ ਅਤੇ ਸਰ ਗੋਕਲ ਚੰਦ ਨਾਰੰਗ ਇਸ ਵਿਚਾਰ ਨਾਲ ਸਹਿਮਤ ਨਹੀਂ ਹਨ। ਇਨ੍ਹਾਂ ਵਿਦਵਾਨਾਂ ਨੇ ਗੁਰੂ ਸਾਹਿਬ ਦੇ ਉਪਦੇਸ਼ਾਂ ਦਾ ਆਲੋਚਨਾਤਮਕ ਅਧਿਐਨ ਕਰਕੇ ਇਹ ਸਿੱਟਾ ਕੱਢਿਆ ਹੈ ਕਿ ਉਹ ਇਕ ਸੁਧਾਰਕ ਸਨ। ਇਨ੍ਹਾਂ ਦੋਹਾਂ ਵਿਰੋਧੀ ਵਿਚਾਰਾਂ ਦਾ ਵੇਰਵਾ ਨਿਮਨਲਿਖਤ ਹੈ :-*

***5.2 ਕ੍ਰਾਂਤੀਕਾਰੀ ਦੇ ਰੂਪ ਵਿਚ* (As a Revolutionary) :-** *ਮੈਕਾਲਿਫ, ਭਾਈ ਕਾਹਨ ਸਿੰਘ ਅਤੇ ਪ੍ਰਿੰਸੀਪਲ ਤੇਜਾ ਸਿੰਘ ਨੇ ਆਪਣੇ ਮਤ ਦੀ ਪੁਸ਼ਟੀ ਵਿਚ ਹੇਠ ਲਿਖੀਆਂ ਦਲੀਲਾਂ ਦਿੱਤੀਆਂ ਹਨ :-*

*(ੳ)* ***ਹਿੰਦੂ ਦੇਵਤਿਆਂ ਅਤੇ ਅਵਤਾਰ ਦਾ ਖੰਡਨ :-*** *ਸਭ ਤੋਂ ਪਹਿਲਾਂ ਉਹ ਆਖਦੇ ਹਨ ਕਿ ਗੁਰੂ ਸਾਹਿਬ ਨੇ ਹਿੰਦੂ ਦੇਵਤਿਆਂ ਅਤੇ ਅਵਤਾਰਾਂ ਦਾ ਖੰਡਨ ਕੀਤਾ। ਹਿੰਦੂ ਲੋਕ ਬ੍ਰਹਮਾ, ਵਿਸ਼ਨੂੰ ਅਤੇ ਮਹੇਸ਼ ਨੂੰ ਰੱਬ ਦੇ ਰੂਪ ਅਤੇ ਕ੍ਰਿਸ਼ਨ ਤੇ ਰਾਮ ਨੂੰ ਰੱਬ ਦੇ ਅਵਤਾਰ ਸਮਝਦੇ ਸਨ, ਪਰ ਗੁਰੂ ਸਾਹਿਬ ਨੇ ਇਨ੍ਹਾਂ ਦੀ ਦੈਵੀ ਸ਼ਕਤੀ ਨੂੰ ਸਵੀਕਾਰ ਨਾ ਕੀਤਾ। ਇਹ ਅਵੱਸ਼ ਹੀ ਉਨ੍ਹਾਂ ਦਾ ਇਨਕਲਾਬੀ ਕੰਮ ਸੀ।*

*(ਅ)* ***ਮੂਰਤੀ ਪੂਜਾ ਦਾ ਖੰਡਨ :-*** *ਉਨ੍ਹਾਂ ਨੇ ਸਮਾਜ ਵਿਚ ਮੂਰਤੀ ਪੂਜਾ ਦਾ ਖੰਡਨ ਕੀਤਾ ਤੇ ਲੋਕਾਂ ਨੂੰ ਇਹ ਕ੍ਰਾਂਤੀਕਾਰੀ ਉਪਦੇਸ਼ ਦਿੱਤਾ ਕਿ ਰੱਬ ਨਿਰੰਕਾਰ ਹੈ ਅਤੇ ਉਸ ਦੀਆਂ ਮੂਰਤੀਆਂ ਬਣਾਕੇ ਉਨ੍ਹਾਂ ਦੀ ਪੂਜਾ ਕਰਨੀ ਠੀਕ ਨਹੀਂ ਹੈ।*

*(ੲ)* ***ਕਠਨ ਤਪੱਸਿਆ ਦਾ ਖੰਡਨ :-*** *ਹਿੰਦੂ ਰਿਸ਼ੀਆਂ-ਮੁਨੀਆਂ ਦੇ ਵਿਚਾਰ ਅਨੁਸਾਰ ਮਨੁੱਖ ਨੂੰ ਬ੍ਰਿਧ ਅਵਸਥਾ ਵਿਚ ਗ੍ਰਹਿਸਤ ਜੀਵਨ ਨੂੰ ਤਿਆਗ ਕੇ ਸੰਨਿਆਸ ਲੈ ਲੈਣਾ ਚਾਹੀਦਾ ਹੈ। ਜੰਗਲਾਂ ਵਿਚ ਜਾ ਕੇ ਤਪ ਕਰਨਾ ਚਾਹੀਦਾ ਹੈ ਅਤੇ ਸਰੀਰ ਨੂੰ ਕਸ਼ਟ ਦੇਣੇ ਚਾਹੀਦੇ ਹਨ। ਅਜਿਹਾ ਕਰਨ ਨਾਲ ਹੀ ਉਸ ਦੀ ਆਤਮਾ ਨੂੰ ਮੁਕਤੀ ਦੀ ਪ੍ਰਾਪਤੀ ਹੋ ਸਕਦੀ ਹੈ। ਗੁਰੂ ਨਾਨਕ ਨੇ ਹਿੰਦੂ ਧਰਮ ਦੇ ਇਸ ਸਿਧਾਂਤ ਦਾ ਖੰਡਨ ਕੀਤਾ। ਉਨ੍ਹਾਂ ਨੇ ਸਿੱਖਾਂ ਨੂੰ ਇਹ ਉਪਦੇਸ਼ ਦਿੱਤਾ ਕਿ ਉਹ ਗ੍ਰਹਿਸਤ ਜੀਵਨ ਨਾ ਤਿਆਗਣ ਅਤੇ ਸੰਸਾਰ ਵਿਚ ਰਹਿੰਦੇ ਰੱਬ ਦਾ ਨਾਮ ਜੱਪਣ ਅਤੇ ਸ਼ੁਭ ਕਰਮਾਂ ਨਾਲ ਉਨ੍ਹਾਂ ਨੂੰ ਮੁਕਤੀ ਦੀ ਪ੍ਰਾਪਤੀ ਹੋ ਸਕਦੀ ਹੈ। ਇਸ ਲਈ ਇਹ ਵੀ ਉਨ੍ਹਾਂ ਦਾ ਇਨਕਲਾਬੀ ਕੰਮ ਸੀ।*

*(ਸ)* ***ਹਿੰਦੂ-ਰਸਮ-ਰਿਵਾਜ਼ਾਂ ਦਾ ਖੰਡਨ :-*** *ਗੁਰੂ ਜੀ ਨੇ ਕਿਹਾ ਕਿ ਤੀਰਥ-ਅਸਥਾਨਾਂ ਦੀਆਂ ਯਾਤਰਾਵਾਂ ਕਰਨਾ, ਵਰਤ ਰਖਣਾ, ਯੱਗ ਕਰਨਾ, ਮੰਤਰ ਪੜ੍ਹਨਾ, ਸੂਰਜ ਨੂੰ ਪਾਣੀ ਦੇਣਾ ਆਦਿ ਸਭ ਵਿਅਰਥ ਹਨ ਅਤੇ ਇਨ੍ਹਾਂ ਦੀ ਕੋਈ ਧਾਰਮਿਕ ਮਹੱਤਤਾ ਨਹੀਂ। ਹਿੰਦੂ ਲੋਕ ਇਨ੍ਹਾਂ ਰਸਮ-ਰਿਵਾਜਾਂ ਨੂੰ ਆਪਣੇ ਧਰਮ ਦਾ ਅੰਗ ਸਮਝਦੇ ਸਨ। ਸਪੱਸ਼ਟ ਹੈ ਕਿ ਗੁਰੂ ਸਾਹਿਬ*

ਨੇ ਇਨ੍ਹਾਂ ਦਾ ਖੰਡਨ ਕਰਕੇ ਇਕ ਨਵੇਂ ਧਰਮ ਦੀ ਬੁਨਿਆਦ ਦਾ ਯਤਨ ਕੀਤਾ।

(ਹ) **ਜਾਤ-ਪਾਤ ਦਾ ਖੰਡਨ :-** ਜਾਤੀ ਪ੍ਰਥਾ ਬਹੁਤ ਪ੍ਰਾਚੀਨ ਕਾਲ ਤੋਂ ਹਿੰਦੂ ਧਰਮ ਅਤੇ ਸਮਾਜ ਦਾ ਇਕ ਮਹੱਤਵਪੂਰਨ ਅੰਗ ਬਣ ਗਈ ਸੀ। ਗੁਰੂ ਸਾਹਿਬ ਨੇ ਇਸ ਪ੍ਰਥਾ ਦਾ ਬੜੇ ਉਤਸ਼ਾਹ ਨਾਲ ਖੰਡਨ ਕੀਤਾ, ਉਨ੍ਹਾਂ ਨੇ ਸਾਫ-ਸਾਫ ਸ਼ਬਦਾਂ ਵਿਚ ਕਿਹਾ ਕਿ ਜਾਤੀਆਂ ਅਤੇ ਨਾਮ ਬਿਲਕੁਲ ਫਜ਼ੂਲ ਗੱਲਾਂ ਹਨ, ਕੇਵਲ ਇਹ ਹੀ ਨਹੀਂ ਉਨ੍ਹਾਂ ਨੇ ਆਪਣੇ ਸਭ ਸਿੱਖਾਂ ਨੂੰ ਇਕੱਠੇ ਖਾਣਾ ਖਾਣ ਦਾ ਵੀ ਹੁਕਮ ਦਿੱਤਾ।

(ਕ) **ਹਿੰਦੂਆਂ ਦੇ ਧਾਰਮਿਕ ਗ੍ਰੰਥਾਂ ਤੇ ਅਵਿਸ਼ਵਾਸ :-** ਗੁਰੂ ਨਾਨਕ ਜੀ ਨੇ ਕਿਹਾ ਕਿ ਪੁਰਾਣਾਂ, ਵੇਦਾਂ ਆਦਿ ਨੂੰ ਪੜ੍ਹਨ ਜਾਂ ਰੱਟਣ ਦਾ ਕੋਈ ਲਾਭ ਨਹੀਂ। ਹਿੰਦੂ ਲੋਕ ਇਨ੍ਹਾਂ ਗ੍ਰੰਥਾਂ ਨੂੰ ਪੜ੍ਹਨਾ ਤੇ ਵੇਦਾਂ ਦੇ ਮੰਤਰਾਂ ਦਾ ਉਚਾਰਣ ਕਰਨਾ ਆਪਣਾ ਉੱਤਮ ਧਾਰਮਿਕ ਕਰਤੱਵ ਸਮਝਦੇ ਸਨ। ਗੁਰੂ ਨਾਨਕ ਨੇ ਹਿੰਦੂ ਧਰਮ ਦੀ ਪਵਿੱਤਰ ਭਾਸ਼ਾ ਸੰਸਕ੍ਰਿਤ ਨੂੰ ਨਾ ਅਪਣਾਇਆ। ਇਸਦੇ ਉਲਟ ਉਨ੍ਹਾਂ ਪੰਜਾਬੀ ਭਾਸ਼ਾ ਵਿਚ ਆਪਣੇ ਉਪਦੇਸ਼ਾਂ ਦਾ ਪ੍ਰਚਾਰ ਕੀਤਾ।

(ਖ) **ਸੰਗਤ ਦੀ ਸਥਾਪਨਾ ਅਤੇ ਉਤਰ-ਅਧਿਕਾਰੀ ਦੀ ਨਿਯੁਕਤੀ :-** ਗੁਰੂ ਨਾਨਕ ਨੇ ਕੇਵਲ ਹਿੰਦੂ ਧਰਮ ਤੇ ਪ੍ਰਚੱਲਿਤ ਸਿਧਾਂਤਾਂ ਦਾ ਹੀ ਖੰਡਨ ਨਹੀਂ ਕੀਤਾ ਸਗੋਂ ਉਨ੍ਹਾਂ ਨੇ ਇਕ ਨਵੇਂ ਸਮਾਜ ਦੀ ਨੀਂਹ ਰੱਖੀ।ਗੁਰੂ ਸਾਹਿਬ ਨੇ ਸੰਗਤ ਦੇ ਨਾਂ ਇਕ ਅਲੱਗ ਭਾਈਚਾਰਾ ਬਣਾਇਆ। ਇਸਦੇ ਮੈਂਬਰਾਂ ਦਾ ਜੀਵਨ ਹਿੰਦੂਆਂ ਦੇ ਜੀਵਨ ਨਾਲੋਂ ਬਹੁਤ ਭਿੰਨ ਸੀ। ਗੁਰੂ ਸਾਹਿਬ ਦਾ ਗੁਰੂ ਅੰਗਦ ਦੇਵ ਜੀ ਨੂੰ ਆਪਣਾ ਉਤਰ-ਅਧਿਕਾਰੀ ਨਿਯੁਕਤ ਕਰਨਾ ਵੀ ਉਨ੍ਹਾਂ ਦਾ ਇਕ ਇਨਕਲਾਬੀ ਕੰਮ ਸਮਝਿਆ ਜਾਂਦਾ ਹੈ।

(ਗ) **ਗੁਰੂ ਸਾਹਿਬ ਨੇ ਸੰਨਿਆਸ, ਵੈਰਾਗ ਤੇ ਤਿਆਗ ਦੀ ਵਿਰੋਧਤਾ ਕੀਤੀ :-** ਇਹ ਹਿੰਦੂ ਧਰਮ ਦੇ ਅਟੁੱਟ ਅੰਗ ਸਮਝੇ ਜਾਂਦੇ ਹਨ। ਪਰ ਗੁਰੂ ਸਾਹਿਬ ਨੇ ਖੁੱਲੇ ਸ਼ਬਦਾਂ ਵਿਚ ਇਨ੍ਹਾਂ ਬੁਨਿਆਦੀ ਅਸੂਲਾਂ ਦਾ ਖੰਡਨ ਕੀਤਾ। ਉਨ੍ਹਾਂ ਨੇ ਕਿਹਾ ਕਿ ਇਨ੍ਹਾਂ ਦਾ ਆਤਮਾ ਤੇ ਧਰਮ ਨਾਲ ਕੋਈ ਸੰਬੰਧ ਨਹੀਂ। ਬਲਕਿ ਪਰਮ ਸੱਤ ਦੀ ਪ੍ਰਾਪਤੀ ਲਈ ਸ਼ੁਭ ਕਰਮਾਂ ਦੀ ਲੋੜ ਹੈ, ਉਨ੍ਹਾਂ ਨੇ ਉਪਦੇਸ਼ ਦਿੱਤਾ ''ਅੰਜਨ ਮਾਹਿ ਨਿਰੰਜਨ ਰਹੀਐ'' ਭਾਵ ਦੁਨੀਆਂ ਵਿਚ ਰਹੋ, ਸ਼ੁਭ ਕੰਮ ਕਰੋ, ਪਰ ਦੁਨੀਆਂ ਦੇ ਨਾ ਬਣੋ।

## ਸੁਧਾਰਕ ਦੇ ਰੂਪ ਵਿਚ (As a Reformer)

ਪੈਨ, ਬੈਨਰਜੀ, ਨਾਰੰਗ ਆਦਿ ਇਤਿਹਾਸਕਾਰਾਂ ਦੇ ਮੱਤ ਅਨੁਸਾਰ ਗੁਰੂ ਨਾਨਕ ਸੁਧਾਰਕ ਸਨ। ਡਾ. ਬੈਨਰਜੀ ਦੇ ਅਨੁਸਾਰ ''ਉਹ ਕੋਈ ਸਮਾਜ ਨੂੰ ਮਾਰਨਾ ਨਹੀਂ ਚਾਹੁੰਦੇ ਸਨ, ਸਗੋਂ ਉਹ ਤਾਂ ਰੋਗੀ ਸਮਾਜ ਨੂੰ ਠੀਕ ਕਰਨਾ ਚਾਹੁੰਦੇ ਸਨ।'' ਪੈਲਵੀ ਲਿਖਦਾ ਹੈ ਕਿ ਗੁਰੂ ਨਾਨਕ ਸਾਹਿਬ ਦਾ ਭਾਵ ਹਿੰਦੂ ਧਰਮ ਨੂੰ ਖਤਮ ਕਰਨਾ ਨਹੀਂ ਸੀ, ਸਗੋਂ ਇਸ ਨੂੰ ਇਸ ਦੀ ਪ੍ਰਾਚੀਨ ਪਵਿੱਤਰਤਾ ਦੀ ਪੱਧਰ ਤੇ ਲਿਆਉਣਾ ਸੀ। ਇਸ ਮੱਤ ਦੀ ਪੁਸ਼ਟੀ ਵਿਚ ਹੇਠ ਲਿਖੀਆਂ ਉਦਾਹਰਣਾਂ ਦਿੱਤੀਆਂ ਜਾਂਦੀਆਂ ਹਨ।

**(ੳ) ਗੁਰੂ ਸਾਹਿਬ ਨੇ ਦੇਵਤਿਆਂ ਅਤੇ ਅਵਤਾਰਾਂ ਦਾ ਅਨਾਦਰ ਨਹੀਂ ਕੀਤਾ :-** ਗੁਰੂ ਨਾਨਕ ਨੇ ਹਿੰਦੂਆਂ ਦੇ ਦੇਵਤਿਆਂ ਅਤੇ ਅਵਤਾਰਾਂ ਦੀ ਨਿਰਾਦਰੀ ਨਹੀਂ ਕੀਤੀ। 'ਜਪੁਜੀ ਸਾਹਿਬ' ਵਿਚ ਉਹ ਫਰਮਾਉਂਦੇ ਹਨ ਕਿ ਰੱਬ ਦਾ ਨਾਂ ਸੁਣਨ ਨਾਲ ਮਨੁੱਖ ਸ਼ਿਵ, ਬ੍ਰਹਮਾ ਅਤੇ ਇੰਦਰ ਦੀ ਮਹਾਨਤਾ ਪ੍ਰਾਪਤ ਕਰ ਲੈਂਦਾ ਹੈ। 'ਆਦਿ ਗ੍ਰੰਥ' ਵਿਚ ਜੈਦੇਵ, ਨਾਮਦੇਵ, ਰਾਮ ਨੰਦ, ਰਵਿਦਾਸ ਆਦਿ ਭਗਤਾਂ ਦੇ ਸਲੋਕ ਦਿੱਤੇ ਗਏ ਅਤੇ ਇਹ ਭਗਤ ਵਿਸ਼ਨੂੰ, ਰਾਮ ਜਾਂ ਕ੍ਰਿਸ਼ਨ ਦੇ ਉਪਾਸਕ ਸਨ। ਵਾਸਤਵ ਵਿਚ ਗੁਰੂ ਸਾਹਿਬ ਅਵਤਾਰਾਂ ਨੂੰ ਮਹਾਨ ਜ਼ਰੂਰ ਸਮਝਦੇ ਸਨ, ਪਰ ਉਨ੍ਹਾਂ ਦਾ ਵਿਚਾਰ ਸੀ ਕਿ ਰੱਬ ਦੇ ਸਮਾਨ ਨਹੀਂ।

**(ਅ) ਗੁਰੂ ਸਾਹਿਬ ਨੇ ਜਾਤ ਪਾਤ ਦਾ ਖੰਡਨ ਨਹੀਂ ਕੀਤਾ :-** ਡਾ. ਇੰਦੂ ਭੂਸ਼ਨ ਬੈਨਰਜੀ ਦੇ ਕਥਨ ਅਨੁਸਾਰ ਗੁਰੂ ਨਾਨਕ ਨੇ ਜਾਤ ਪਾਤ ਦਾ ਨਹੀਂ ਸਗੋਂ ਜਾਤੀ ਅਭਿਮਾਨ ਦਾ ਖੰਡਨ ਕੀਤਾ। ਉਹ ਸਮਾਜ ਦੀਆਂ ਜਾਤੀਆਂ ਵਿਚ ਵੰਡ ਦੇ ਸਿਧਾਂਤ ਨੂੰ ਮੰਨਦੇ ਸਨ ਪਰੰਤੂ ਉਹ ਬ੍ਰਾਹਮਣਾਂ ਅਤੇ ਦੂਜੇ ਉੱਚੀਆਂ ਜਾਤੀਆਂ ਦੇ ਸਖਤ ਖਿਲਾਫ ਸਨ, ਜੋ ਆਪਣੀ ਉੱਚੀ ਜਾਤ ਦਾ ਅਭਿਮਾਨ ਕਰਦੇ ਅਤੇ ਨੀਵੀਂ ਜਾਤ ਦੇ ਲੋਕਾਂ ਤੋਂ ਘਿਰਣਾ ਕਰਦੇ ਸਨ। ਜੇ ਇਹ ਮੰਨ ਵੀ ਲਿਆ ਜਾਏ ਕਿ ਗੁਰੂ ਸਾਹਿਬ ਨੇ ਜਾਤੀ ਪ੍ਰਥਾ ਦਾ ਖੰਡਨ ਕੀਤਾ ਸੀ ਤਾਂ ਇਹ ਕੋਈ ਉਨ੍ਹਾਂ ਦਾ ਕ੍ਰਾਂਤੀਕਾਰੀ ਕੰਮ ਨਹੀਂ ਸੀ। ਰਾਮਾ ਨੰਦ, ਕਬੀਰ ਆਦਿ ਦੂਜੇ ਭਗਤਾਂ ਨੇ ਵੀ ਇਸ ਪ੍ਰਥਾ ਦਾ ਖੰਡਨ ਕੀਤਾ ਸੀ ਅਤੇ ਗੁਰੂ ਨਾਨਕ ਨੂੰ ਵੀ ਉਨ੍ਹਾਂ ਵਾਂਗ ਇਕ ਸੁਧਾਰਕ ਸਮਝਣਾ ਚਾਹੀਦਾ ਹੈ।

**(ੲ) ਗੁਰੂ ਸਾਹਿਬ ਨੇ ਹਿੰਦੂਆਂ ਦੇ ਰਸਮ-ਰਿਵਾਜ਼ਾਂ ਦੀ ਨਿਖੇਧੀ ਨਹੀਂ ਕੀਤੀ :-** ਇਹ ਵੀ ਕਿਹਾ ਜਾਂਦਾ ਹੈ ਕਿ ਗੁਰੂ ਨਾਨਕ ਨੇ ਹਿੰਦੂਆਂ ਦੇ ਰਸਮ-ਰਿਵਾਜ਼ਾਂ ਦੀ ਨਿਖੇਧੀ ਨਹੀਂ ਕੀਤੀ। ਉਹ ਇਨ੍ਹਾਂ ਰਸਮ-ਰਿਵਾਜ਼ਾਂ ਨੂੰ ਬਿਲਕੁਲ ਵਿਅਰਥ ਨਹੀਂ ਸਨ ਸਮਝਦੇ। ਉਨ੍ਹਾਂ ਦਾ ਵਿਚਾਰ ਸੀ ਕਿ ਇਨ੍ਹਾਂ ਰਸਮਾਂ ਦਾ ਲਾਭ ਹੈ, ਪਰ ਬਹੁਤ ਘੱਟ। ਸੱਚੇ ਦਿਲ ਨਾਲ ਨਾਮ ਜਪਣ ਦੀ ਕਿਤੇ ਵੱਧ ਮਹਾਨਤਾ ਹੈ।

***(ਸ) ਗੁਰੂ ਸਾਹਿਬ ਨੇ ਹਿੰਦੂਆਂ ਦੇ ਪਵਿੱਤਰ ਗ੍ਰੰਥਾਂ ਨੂੰ ਨਿੰਦਿਆ ਨਹੀ*** *:-ਗੁਰੂ ਨਾਨਕ ਨੇ ਵੇਦਾਂ ਪੁਰਾਣਾਂ ਆਦਿ ਹਿੰਦੂਆਂ ਦੇ ਪਵਿੱਤਰ ਗ੍ਰੰਥਾਂ ਦੀ ਨਿਖੇਧੀ ਨਹੀ ਕੀਤੀ। ਗੁਰੂ ਨਾਨਕ ਉਨ੍ਹਾਂ ਪਾਖੰਡੀ ਲੋਕਾਂ ਦੇ ਸਖਤ ਖਿਲਾਫ ਸਨ ਜੋ ਵੇਦਾਂ ਨੂੰ ਬਿਨਾਂ ਸਮਝੇ ਰਟ ਲੈਂਦੇ ਸਨ ਅਤੇ ਆਪਣੇ ਆਪ ਨੂੰ ਗਿਆਨੀ ਸਮਝਦੇ ਸਨ। ਗੁਰੂ ਸਾਹਿਬ ਦੀ ਇੱਛਾ ਸੀ ਕਿ ਲੋਕ ਆਪਣੇ ਜੀਵਨ ਨੂੰ ਵੇਦਾਂ ਅਤੇ ਪੁਰਾਣਾਂ ਦੀ ਰੋਸ਼ਨੀ ਵਿਚ ਢਾਲਣ, ਇਸ ਲਈ ਡਾ. ਬੈਨਰਜੀ ਲਿਖਦੇ ਹਨ ਕਿ ਗੁਰੂ ਨਾਨਕ ਨੇ ਹਿੰਦੂਆਂ ਦੇ ਪਵਿੱਤਰ 'ਗ੍ਰੰਥਾਂ' ਨੂੰ ਨਹੀ ਸਗੋਂ 'ਗਰੰਥਵਾਦ' ਨੂੰ ਨਿੰਦਿਆ ਹੈ।*

***(ਹ) ਗੁਰੂ ਸਾਹਿਬ ਦੇ ਮੁੱਖ ਸਿਧਾਂਤ ਭਗਤਾਂ ਦੇ ਸਿਧਾਂਤਾਂ ਨਾਲ ਮਿਲਦੇ ਹਨ*** *:- ਗੁਰੂ ਨਾਨਕ ਦੇ ਮੁੱਖ ਸਿਧਾਂਤ ਮੱਧ ਕਾਲ ਦੇ ਹਿੰਦੂ ਸੁਧਾਰਕਾਂ ਦੇ ਸਿਧਾਂਤਾਂ ਦੇ ਨਾਲ ਮਿਲਦੇ ਹਨ। ਨਾਮਦੇਵ, ਜੈ ਦੇਵ, ਚੇਤੰਨਯ, ਰਾਮਾਨੰਦ, ਕਬੀਰ, ਰਵੀਦਾਸ ਆਦਿ ਭਗਤਾਂ ਵਾਂਗ ਗੁਰੂ ਨਾਨਕ ਦੇ ਰੱਬ ਦੀ ਭਗਤੀ, ਕਰਮ ਸਿਧਾਂਤ, ਆਤਮ ਤਿਆਗ ਜਾਂ ਪ੍ਰਾਪਤੀ, ਗੁਰੂ ਭਗਤੀ, ਸਦਾਚਾਰ ਦੇ ਨਿਯਮਾਂ ਆਦਿ ਦਾ ਪ੍ਰਚਾਰ ਕੀਤਾ। ਇਨ੍ਹਾਂ ਸੁਧਾਰਕਾਂ ਵਾਂਗ ਹੀ ਗੁਰੂ ਸਾਹਿਬ ਨੇ ਜਾਤੀ ਪ੍ਰਥਾ ਅਤੇ ਫੋਕੇ ਰਸਮ-ਰਿਵਾਜਾਂ ਦੀ ਨਿਖੇਧੀ ਕੀਤੀ। ਇਸ ਲਈ ਗੁਰੂ ਸਾਹਿਬ ਨੂੰ ਇਨ੍ਹਾਂ ਸੁਧਾਰਕਾਂ ਦੀ ਤਰ੍ਹਾਂ ਸੁਧਾਰਕ ਹੀ ਸਮਝਣਾ ਚਾਹੀਦਾ ਹੈ। ਉਨ੍ਹਾਂ ਦਾ ਉਦੇਸ਼ ਕੋਈ ਨਵਾਂ ਸਮਾਜ ਜਾਂ ਧਰਮ ਕਾਇਮ ਕਰਨਾ ਨਹੀ ਸੀ। ਦੂਜੇ ਭਗਤੀ ਸੁਧਾਰਕਾਂ ਵਾਂਗ ਗੁਰੂ ਸਾਹਿਬ ਨੇ ਹਿੰਦੂ ਧਰਮ ਦੇ ਬੁਨਿਆਦੀ ਅਸੂਲਾਂ ਦੀ ਨਹੀ ਹਿੰਦੂ ਧਰਮ ਦੀਆਂ ਬੁਰਾਈਆਂ ਦੀ ਨਿਖੇਧੀ ਕੀਤੀ। ਸਰ ਗੋਕਲ ਚੰਦ ਨਾਰੰਗ ਲਿਖਦੇ ਹਨ ਕਿ ਗੁਰੂ ਜੀ ਨੇ ਸੁਧਾਰਕ ਦੇ ਰੂਪ ਵਿਚ ਪੰਜਾਬ ਦੇ ਹਿੰਦੂਆਂ ਦੀ ਹਾਲਤ ਨੂੰ ਜ਼ਿਆਦਾ ਸੁਧਾਰ ਦਿੱਤਾ।*

***ਸਿੱਟਾ***

*ਉਪਰੋਕਤ ਦੋਹਾਂ ਵਿਚਾਰਾਂ ਦਾ ਨਿਰਪੱਖ ਨਿਰੀਖਣ ਕਰਕੇ ਅਸੀਂ ਇਸ ਸਿੱਟੇ ਤੇ ਪਹੁੰਚਦੇ ਹਾਂ ਕਿ ਗੁਰੂ ਨਾਨਕ ਦੇਵ ਜੀ ਨੂੰ ਇਕ ਸਾਧਾਰਨ ਸੁਧਾਰਕ ਨਹੀਂ ਮੰਨਿਆ ਜਾ ਸਕਦਾ। ਉਹ ਦੂਜੇ ਭਗਤੀ ਸੁਧਾਰਕਾਂ ਦੀ ਤੁਲਨਾ ਵਿਚ ਇਕ ਮੌਲਿਕ ਸੁਧਾਰਕ ਸਨ।*

## *1.1.7 ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਦਾ ਪ੍ਰਭਾਵ* (Effects of Guru Nanak Dev's Teachings)

### *(ੳ) ਧਾਰਮਿਕ ਪ੍ਰਭਾਵ* (Religious Impact)

*ਗੁਰੂ ਨਾਨਕ ਲਾਜ਼ਮੀ ਤੌਰ ਤੇ ਇਕ ਧਾਰਮਿਕ ਪੁਰਖ ਸਨ। ਉਨ੍ਹਾਂ ਦਾ ਮਨ ਫੋਕੀਆਂ ਰਸਮਾਂ, ਭੈੜੇ ਰਿਵਾਜਾਂ, ਬੇਕਾਰ ਰਿਵਾਇਤਾਂ ਨੂੰ ਦੇਖ ਕੇ ਬਹੁਤ ਦੁਖੀ ਹੋਇਆ। ਉਨ੍ਹਾਂ ਨੇ ਤਕੜਾਈ ਨਾਲ ਇਨ੍ਹਾਂ ਦੀ ਵਿਰੋਧਤਾ ਕੀਤੀ। ਇਕ ਸਾਫ ਦਿਲ ਧਾਰਮਿਕ ਨੇਤਾ ਹੋਣ ਕਰਕੇ ਉਹ ਹਿੰਦੂ ਧਰਮ ਵਿਚ ਬੁੱਤ ਪੂਜਾ ਅਤੇ ਕਈ ਦੇਵੀ ਦੇਵਤਿਆਂ ਦੀ ਹੋਂਦ ਨੂੰ ਬਰਦਾਸ਼ਤ ਨਾ ਕਰ ਸਕੇ। ਇਹ ਮਹਾਨ ਗੁਰੂ ਨੇ ਭਿਰਸ਼ਟ ਤੇ ਸਵਾਰਥੀ ਬ੍ਰਾਹਮਣਾਂ ਦੇ ਗਲਬੇ ਨੂੰ ਵੰਗਾਰਿਆ। ਉਨ੍ਹਾਂ ਨੇ ਲੋਕਾਂ ਨੂੰ ਸੇਧ ਦਿੱਤੀ ਕਿ ਇਕ ਸਰਵ ਸ਼ਕਤੀਮਾਨ ਪਰਮਾਤਮਾ ਦੀ ਭਗਤੀ ਕਰਨ ਤੇ ਗਰੀਬਾਂ ਤੇ ਘੁੰਮਣ ਦੀ ਬਜਾਏ, ਉਨ੍ਹਾਂ ਨੇ ਰੱਬ ਦਾ ਨਾਮ ਜਪਣ ਤੇ ਜ਼ੋਰ ਦਿੱਤਾ। ਗੁਰੂ ਨਾਨਕ ਨੇ ਮਹਿੰਗੀਆਂ ਤੇ ਗੁੰਝਲਦਾਰ ਰਸਮਾਂ ਦੀ ਬਜਾਏ ਸਾਦੀਆਂ ਤੇ ਸਸਤੀਆਂ ਰਸਮਾਂ ਕਰਨ ਦੀ ਪ੍ਰੇਰਣਾ ਦਿੱਤੀ। ਉਨ੍ਹਾਂ ਨੇ ਲੋਕਾਂ ਦੀ ਸੋਚ ਨੂੰ ਤਰਕਪੂਰਣ ਬਣਾਇਆ। ਸਵੈ-ਭਰੋਸਾ ਲੋਕਾਂ ਦੇ ਜੀਵਨ ਦਾ ਅੰਗ ਬਣ ਗਿਆ।ਮੂਰਤੀ ਪੂਜਾ ਦਾ ਵਿਰੋਧ ਕਰਨ ਦੇ ਕਾਰਨ ਮੁਸਲਮਾਨ ਉਨ੍ਹਾਂ ਦੇ ਮਿੱਤਰ ਬਣ ਗਏ। ਹਿੰਦੂ ਅਤੇ ਮੁਸਲਮਾਨ ਇਕ ਦੂਜੇ ਦੇ ਨੇੜੇ ਵੀ ਆਏ। ਉਨ੍ਹਾਂ ਵਿਚ ਪਿਆਰ ਤੇ ਵਿਸ਼ਵਾਸ ਵਧਿਆ। ਧਾਰਮਿਕ ਸਹਿਨਸ਼ੀਲਤਾ ਪੈਦਾ ਹੋਈ। ਗੌਰਡਨ ਦੀ ਰਾਏ ਗੁਰੂ ਨਾਨਕ ਹੀ ਇਕ ਅਜਿਹਾ ਹਿੰਦੂ ਸੁਧਾਰਕ ਸਨ ਜਿਸ ਨੇ ਕੌਮੀ ਵਿਸ਼ਵਾਸ ਦੀ ਸਥਾਪਨਾ ਕੀਤੀ। ਉਹ ਆਮ ਲੋਕਾਂ ਵਿਚ ਉਠ ਕੇ ਇਕ ਮਹਾਨ ਪ੍ਰਚਾਰਕ ਤੇ ਸੁਧਾਰਕ ਬਣੇ ਅਤੇ ਇਸ ਵਿਸ਼ਵਾਸ ਦਾ ਪ੍ਰਚਾਰ ਪਕਿਆਈ ਨਾਲ ਕੀਤਾ ਤੇ ਲੋਕਾਂ ਨੂੰ ਇਕ ਮਹਾਨ ਧਾਰਮਿਕ ਕੌਮ ਬਣਨ ਲਈ ਜਗਾਇਆ। ਧਰਮ ਸਿਧਾਂਤ ਸਾਦਾ ਤੇ ਸਾਫ ਹੋ ਗਏ। ਸੱਚ ਸਮਾਜ ਦਾ ਧੁਰਾ ਬਣ ਗਿਆ।*

### *(ਅ) ਸਮਾਜਿਕ ਪ੍ਰਭਾਵ* (Social Impact)

*ਗੁਰੂ ਨਾਨਕ ਦੇ ਸਮਾਜਿਕ ਸੁਧਾਰ ਕਾਰਣ, ਸਮਕਾਲੀ ਸਮਾਜ ਵਿਚ ਅਨੇਕ ਵਰਨਣਯੋਗ ਤਬਦੀਲੀਆਂ ਆਈਆਂ, ਉਨ੍ਹਾਂ ਭਾਰਤੀ ਸਮਾਜ ਦੇ ਢਾਂਚੇ ਵਿੱਚ ਕਰਾਂਤੀਕਾਰੀ ਤਬਦੀਲੀ ਲਿਆਂਦੀ। ਗੁਰੂ ਨਾਨਕ ਨੇ ਸਭ ਤੋਂ ਵਧ ਨਿਸ਼ਾਨਾ ਜਾਤੀ ਪ੍ਰਥਾ ਨੂੰ ਬਣਾਇਆ। ਲੰਗਰ ਪ੍ਰਥਾ ਦਾ ਆਰੰਭ ਕਰਕੇ ਗੁਰੂ ਜੀ ਨੇ ਵੱਖ ਵੱਖ ਰੰਗਾਂ, ਜਾਤਾਂ, ਧਰਮਾਂ, ਨਸਲਾਂ ਤੇ ਕੌਮ ਦੇ ਲੋਕਾਂ ਨੂੰ ਇਕ ਥਾਂ ਤੇ ਇਕੱਠੇ ਕੀਤਾ ਅਤੇ*

ਲੋਕਾਂ ਨੇ ਸੰਪਰਦਾਇਕ ਭਾਵਨਾ ਦਾ ਤਿਆਗ ਕੀਤਾ। ਅਮੀਰ-ਗਰੀਬ, ਉਚ-ਨੀਚ ਤੇ ਛੂਤ-ਅਛੂਤ ਦਾ ਵਿਤਕਰਾ ਦੂਰ ਹੋਇਆ ਅਤੇ ਮਾਨਵ ਪਿਆਰ ਦਾ ਪਾਠ ਯਾਦ ਹੋਇਆ। ਲੋਕਾਂ ਨੇ ਸਮਾਜ ਵਿਚ ਇਸ ਨਵੀਂ ਤੇ ਵਧੀਆ ਤਬਦੀਲੀ ਦਾ ਸਵਾਗਤ ਕੀਤਾ। ਸਤੀ ਪ੍ਰਥਾ ਤੇ ਕੰਨਿਆ-ਹੱਤਿਆ ਦੀ ਨਿਖੇਧੀ ਕੀਤੀ ਗਈ। ਗੁਰੂ ਨਾਨਕ ਦੇ ਪ੍ਰਭਾਵ ਅਧੀਨ ਸਮਾਜਿਕ ਪੁਨਰ ਜਾਗਰਤੀ ਅਤੇ ਕੌਮੀ ਭਾਵਨਾ ਮਜ਼ਬੂਤ ਹੋਈ। ਵੱਖ-ਵੱਖ ਧਰਮਾਂ ਦੇ ਲੋਕਾਂ ਨੇ ਇਕੋ ਧਰਮ ਦੀ ਰਾਏ ਨੂੰ ਜ਼ਿਆਦਾ ਚੰਗੀ ਤਰ੍ਹਾਂ ਸਮਝਿਆ। ਧਾਰਮਿਕ ਇਕੱਠਾਂ ਵਿਚ ਹਿੰਦੂ ਅਤੇ ਮੁਸਲਮਾਨ ਦੋਵੇਂ ਸ਼ਾਮਲ ਹੁੰਦੇ ਸਨ। ਆਪਸੀ ਈਰਖਾ ਦੀ ਥਾਂ ਆਪਸੀ ਸਮਝ ਅਤੇ ਮਿੱਤਰਤਾ ਪੈਦਾ ਹੋਈ ਤੇ ਦਬੇ-ਕੁਚਲੇ ਛੋਟੀਆਂ ਜਾਤਾਂ ਦੇ ਲੋਕ ਸਮਾਨਤਾ ਦੀ ਮੰਗ ਕਰਨ ਲਗੇ। ਉਨ੍ਹਾਂ ਦਾ ਦਰਜਾ ਉੱਚਾ ਹੋਇਆ, ਗੁਰੂ ਦੇ ਪ੍ਰਭਾਵ ਅਧੀਨ ਉਨ੍ਹਾਂ ਨੂੰ ਆਦਰ ਮਾਣ ਦਾ ਦਰਜਾ ਦਿੱਤਾ ਜਾਣ ਲੱਗਾ। ਉਹ ਸਿੱਖ ਸੱਜਣ ਲੱਗੇ ਤੇ ਸਿੱਖ ਧਰਮ ਦਾ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ।

### (ੲ) ਰਾਜਨੀਤਿਕ ਪ੍ਰਭਾਵ (Political Impact)

ਉਸ ਵੇਲੇ ਦੇ ਮੁਸਲਮਾਨ ਸ਼ਾਸਕ ਜ਼ਾਲਮ ਸਨ। ਰਾਜ ਕਰਮਚਾਰੀ ਰਿਸ਼ਵਤਖੋਰ ਸਨ। ਰਾਜਤੰਤਰ ਦੀ ਮਸ਼ੀਨ ਵਿਗੜੀ ਪਈ ਸੀ। ਹਿੰਦੂ ਸਮਾਜ ਮੁਸਲਮਾਨ ਅਫਸਰਾਂ ਦੀ ਕੱਟੜਤਾ ਦਾ ਸ਼ਿਕਾਰ ਸੀ। ਮੁਗਲ ਹਮਲਵਾਰ ਬਾਬਰ ਨੇ ਭੋਲੇ ਭਾਲੇ ਬੇਕਸੂਰ ਲੋਕਾਂ ਦਾ ਕਤਲੇਆਮ ਕੀਤਾ। ਗੁਰੂ ਨਾਨਕ ਨੇ ਜ਼ਾਲਮਾਂ ਦੇ ਖਿਲਾਫ ਨਿਡਰ ਹੋ ਕੇ ਆਵਾਜ਼ ਉਠਾਈ। ਗੁਰੂ ਨਾਨਕ ਨੇ ਆਪਣੇ ਸਮਕਾਲੀ ਲੋਕਾਂ ਦੇ ਰਾਜਨੀਤਿਕ ਅਧਿਕਾਰਾਂ ਦੀ ਅਣਹੋਂਦ ਬਾਰੇ ਵਿਚਾਰ ਕੀਤਾ ਤੇ ਟਿੱਪਣੀ ਕੀਤੀ ਕਿ ਪਾਪ ਰਾਜ ਹੈ, ਲਾਲਚ ਮੰਤਰੀ ਹੈ, ਝੂਠ ਸਿਕਦਾਰ ਹੈ ਤੇ ਕਾਮ-ਭੁਖ ਨਾਇਬ ਹੈ ਜਿਸ ਤੋਂ ਸਲਾਹ ਲਈ ਜਾਂਦੀ, ਅੰਧੀ ਪਰਜਾ ਗਿਆਨ ਵਿਹੂਣੀ ਮੁਰਦਿਆਂ ਵਾਂਗ ਨਜ਼ਰ ਆ ਰਹੀ ਹੈ :-

ਲਬ ਪਾਪ ਦੁਇ ਰਾਜਾ ਮਹਿਤਾ, ਕੂੜ ਹੋਆ ਸਿਕਦਾਰ
ਅੰਧੀ ਪਰਜਾ ਗਿਆਨ ਵਿਹੂਣੀ ਭਾਹਿ ਵਰੇ ਮੁਰਦਾਰ।

ਗੁਰੂ ਸਾਹਿਬ ਨੇ ਲੋਧੀ ਹਾਕਮਾਂ ਨੂੰ ਭਾਰਤ ਦੇ ਬਚਾਅ ਲਈ ਤਕੜਾ ਮੁਕਾਬਲਾ ਨਾ ਕਰਨ ਕਰਕੇ ਬੁਰਾ ਭਲਾ ਕਿਹਾ:-

ਰਤਨ ਵਿਗਾੜ ਵਿਗੋਇ ਕੁਤੀ, ਮੋਇਆ ਸਾਰ ਨਾ ਕਾਈ

ਭਾਵ ਲੋਧੀ ਰਾਜਿਆਂ ਨੇ ਹਿੰਦੁਸਤਾਨ, ਕੀਮਤੀ ਵਿਰਾਸਤ ਨੂੰ ਲੁਟਾ ਦਿੱਤਾ ਹੈ ਤੇ ਉਨ੍ਹਾਂ ਦੇ ਮਰਨ ਤੋਂ ਬਾਅਦ ਉਨ੍ਹਾਂ ਦਾ ਕੋਈ ਆਦਰ ਨਹੀਂ ਹੋਵੇਗਾ ਤੇ ਨਾ ਹੀ ਉਨ੍ਹਾਂ ਨੂੰ ਕੋਈ ਯਾਦ ਕਰੇਗਾ। ਖੁਸ਼ਵੰਤ ਸਿੰਘ ਅਨੁਸਾਰ ਉਨ੍ਹਾਂ ਦੇ ਰਾਜਨੀਤਿਕ ਖਿਆਲ ਵੀ ਧਾਰਮਿਕ ਤੇ ਪੰਥਕ ਉਪਦੇਸ਼ਾਂ ਜਿੰਨੇ ਹੀ ਮਹੱਤਵਪੂਰਣ ਸਨ। ਭਾਰਤ ਦੇ ਪੂਰੇ ਇਤਿਹਾਸ ਵਿਚ ਉਹ ਇਕ ਅਜਿਹੇ ਪ੍ਰਸਿੱਧ ਨੇਤਾ ਸਨ ਜਿਨ੍ਹਾਂ ਦੇ ਅਸਲ ਚੇਲਿਆਂ ਦੀ ਗਿਣਤੀ ਭਾਵੇਂ ਬਹੁਤੀ ਨਹੀਂ ਸੀ ਪਰ ਫਿਰ ਵੀ ਦੂਜੇ ਧਰਮਾਂ ਤੇ ਮਜ਼ਹਬਾਂ ਦੇ ਲੋਕਾਂ ਨੇ ਉਨ੍ਹਾਂ ਦੀ ਇਸ ਗੱਲ ਤੇ ਫੁੱਲ ਚੜ੍ਹਾਏ :-

ਨਾ ਕੋਈ ਹਿੰਦੂ ਨਾ ਕੋਈ ਮੁਸਲਮਾਨ

ਭਾਵ ਨਾ ਕੋਈ ਹਿੰਦੂ ਹੈ ਨਾ ਕੋਈ ਮੁਸਲਮਾਨ। ਇਸ ਵਿਚਾਰ ਨੇ ਹੀ ਪੰਜਾਬੀਅਤ ਤੇ ਪੰਜਾਬੀ ਕੌਮ ਦੀ ਭਾਵਨਾ ਨੂੰ ਜਨਮ ਦਿੱਤਾ। ਉਨ੍ਹਾਂ ਨੇ ਖੁਲ੍ਹੇ ਆਮ ਇਹ ਗੱਲ ਕਹੀ ਕਿ ਜ਼ਾਲਮਾਂ ਨੂੰ ਕੋਈ ਯਾਦ ਨਹੀਂ ਕਰੇਗਾ। ਉਨ੍ਹਾਂ ਦੀਆਂ ਸਿੱਖਿਆਵਾਂ ਦਾ ਬਹੁਤ ਹੀ ਅਸਰ ਹੋਇਆ ਤੇ ਅੰਤ ਇਸੇ ਅਸਰ ਦੇ ਅਧੀਨ ਦਸਮ ਗੁਰੂ ਦੇ ਵੇਲੇ ਖਾਲਸੇ ਦਾ ਜਨਮ ਹੋਇਆ ਜੋ ਗੁਰੂ ਦੁਆਰਾ ਪੇਸ਼ ਕੀਤੇ ਸਿਧਾਂਤਾਂ ਦੀ ਖਾਤਰ ਲੜਿਆ।

ਗੁਰੂ ਨਾਨਕ ਦੇਵ ਜੀ ਨੇ ਝੂਠ, ਧੋਖਾ, ਚੋਰੀ, ਨਸ਼ਿਆਂ ਅਤੇ ਬਦਕਾਰੀ ਦੀ ਨਿਖੇਧੀ ਕੀਤੀ। ਉਨ੍ਹਾਂ ਨੇ ਇਨ੍ਹਾਂ ਬੁਰਾਈਆਂ ਨੂੰ ਨੰਗਾ ਕੀਤਾ ਤੇ ਇਨ੍ਹਾਂ ਦਾ ਸੁਧਾਰ ਦਾ ਰਸਤਾ ਦੱਸਿਆ। ਉਨ੍ਹਾਂ ਨੇ ਸਮਾਜ ਦੀ ਆਤਮਾ ਨੂੰ ਜਗਾਇਆ। ਜਿਵੇਂ ਕਿ ਗੰਡਾ ਸਿੰਘ ਦਾ ਕਹਿਣਾ ਹੈ, ''ਆਪਣੇ ਦੇਸ਼ ਦੀ ਬੇਚਾਰਗੀ ਨੂੰ ਦੇਖਦੇ ਹੋਏ ਉਨ੍ਹਾਂ ਨੇ ਲੋਕਾਂ ਲਈ ਸੱਚ ਦਾ ਰਸਤਾ ਲੱਭਿਆ।'' ਉਨ੍ਹਾਂ ਨੇ ਲੋਕਾਂ ਨੂੰ ਬੁਰੀਆਂ ਆਦਮਾਂ ਵਿਚ ਪੈਣੋਂ ਰੋਕਿਆ। ਡਾ. ਜੀ.ਸੀ. ਨਾਰੰਗ ਅਨੁਸਾਰ, ''ਪੰਜਾਬ ਦੇ ਹਿੰਦੂ, ਨਾਨਕ ਦੇ ਜਨਮ ਵੇਲੇ ਦੀ ਬਜਾਏ, ਉਨ੍ਹਾਂ ਦੇ ਕਾਰਣ ਉਨ੍ਹਾਂ ਦੇ ਮਰਨ ਵੇਲੇ ਨਿਸ਼ਚਿਤ ਤੌਰ ਤੇ ਵਧੀਆ ਸਨ। ਉਨ੍ਹਾਂ ਦੇ ਵਿਸ਼ਵਾਸ ਨੇਕ ਹੋਏ, ਪੂਜਾ ਪਵਿੱਤਰ ਹੋਈ, ਜਾਤੀ ਪ੍ਰਥਾ ਦਾ ਬੰਧਨ ਕਾਫੀ ਹੱਦ ਤਕ ਢਿੱਲਾ ਹੋਇਆ, ਉਨ੍ਹਾਂ ਦੇ ਮਨ ਵਿਚ ਪ੍ਰਕਾਸ਼ ਹੋਇਆ ਅਤੇ ਹੁਣ ਉਹ ਨਾਨਕ ਦੇ ਉਤਰਾਧਿਕਾਰੀਆਂ ਦੀ ਅਗਵਾਈ ਵਿਚ ਆਪਣੇ ਕੁਦਰਤੀ ਵਿਕਾਸ ਦੇ ਲਈ ਵਧੇਰੇ ਯੋਗ ਹੋ ਗਏ ਸਨ।'' ਗੁਰੂ ਨਾਨਕ ਮਾਨਵਤਾ ਨੂੰ ਆਤਮਿਕ ਵਿਕਾਸ ਵੱਲ ਲੈ ਗਏ। ਆਮ ਲੋਕਾਂ ਦੇ ਮਨ ਸਾਫ ਤੇ ਪਵਿੱਤਰ ਹੋਏ। ਉਨ੍ਹਾਂ ਨੇ ਹਿੰਦੂ ਵਿਚਾਰਧਾਰਾ ਨੂੰ ਝੰਜੋੜਿਆ ਅਤੇ ਪੰਜਾਬੀਆਂ ਦੀ ਅਖਲਾਕੀ ਤੇ ਆਤਮਿਕ ਦਸ਼ਾ ਵਿਚ ਸੁਧਾਰ ਕੀਤਾ।

*ਤੇਜਾ ਸਿੰਘ ਤੇ ਗੰਢਾ ਸਿੰਘ, ਗੁਰੂ ਨਾਨਕ ਦੇਵ ਜੀ ਦੇ ਕੰਮਾਂ ਦਾ ਲੇਖਾ ਜੋਖਾ ਕਰਦੇ ਹੋਏ ਲਿਖਦੇ ਹਨ ਕਿ ਗੁਰੂ ਨਾਨਕ ਦੇਵ ਜੀ ਦਾ ਪੱਕਾ ਭਰੋਸਾ ਸੀ ਕਿ ਜਿੰਨਾ ਚਿਰ ਲੋਕ ਅਗਿਆਨਤਾ ਅਤੇ ਭ੍ਰਿਸ਼ਟਾਚਾਰ ਵਿਚ ਫਸੇ ਹੋਏ ਹਨ ਉਨ੍ਹਾਂ ਲਈ ਕੁਝ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਨੇ ਲੋਕਾਂ ਨੂੰ ਅਣਗਿਣਤ ਦੇਵੀ-ਦੇਵਤਿਆਂ ਦੀ ਗੁਲਾਮੀ ਤੋਂ ਛੁਟਕਾਰਾ ਦਿਵਾਇਆ ਅਤੇ ਉਨ੍ਹਾਂ ਨੂੰ ਇਕ ਪ੍ਰਮਾਤਮਾ, ਜੋ ਕਰਤਾ ਹੈ, ਪਾਲਕ ਹੈ ਭਾਵੇਂ ਉਸ ਦਾ ਕੋਈ ਵੀ ਨਾਮ ਹੈ, ਮੰਨਣ ਦੀ ਪ੍ਰੇਰਨਾ ਦਿੱਤੀ। ਉਸ ਦੀ ਪਰਛਾਈ ਦੇ ਰੂਪ ਵਿਚ ਪੂਜਾ ਨਹੀਂ ਕੀਤੀ ਜਾ ਸਕਦੀ ਸਗੋਂ ਭਾਰਤ ਨੇ ਉਸ ਦੇ ਨਾਮ ਦਾ ਅਭਿਆਸ ਕਰਨਾ ਹੈ। ਉਸ ਦੇ ਨਾਂ ਤੋਂ ਉਸ ਦੀ ਹੋਂਦ ਨੂੰ ਮਹਿਸੂਸ ਕਰਨਾ ਹੈ। ਅਵਤਾਰ ਨਹੀਂ ਹੁੰਦੇ ਤੇ ਨਾ ਹੀ ਆਕਾਸ਼ ਬਾਣੀ ਜਾਂ ਖਾਸ ਇਲਹਾਮ। ਮਨੁੱਖ, ਪਰਮਾਤਮਾ ਦਾ ਅਜਬ ਚਮਤਕਾਰ ਹੈ। ਪਰਮਾਤਮਾ ਮਨੁੱਖ ਦੇ ਮਨਾਂ ਵਿਚ ਵਸਦਾ ਤੇ ਪ੍ਰਗਟ ਹੁੰਦਾ ਹੈ। ਆਦਮੀ ਦੇ ਨਾਲ ਨਾਲ ਇਸਤਰੀ ਦਾ ਦਰਜਾ ਉੱਚਾ ਕਰਨ ਦੀ ਕੋਸ਼ਿਸ਼ ਵੀ ਕੀਤੀ ਗਈ।*

### *1.1.8 ਸਿੱਟਾ*

*ਉਪਰੋਕਤ ਜਾਣਕਾਰੀ ਵਿਦਿਆਰਥੀਆਂ ਨੂੰ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਦੀ ਸਖਸ਼ੀਅਤ ਅਤੇ ਸਿੱਖਿਆਵਾਂ ਦੀ ਜਾਣਕਾਰੀ ਦੇਣ ਸਮਰੱਥ ਹੈ। ਇਸ ਨਾਲ ਗੁਰੂ ਜੀ ਦੀਆਂ ਸਿੱਖਿਆਵਾਂ ਦੇ ਧਾਰਮਿਕ, ਸਮਾਜਿਕ, ਰਾਜਨੀਤਿਕ ਪ੍ਰਭਾਵਾਂ ਨੂੰ ਉਜਾਗਰ ਕਰਦੇ ਹੋਏ ਇਕ ਵਿਸ਼ਵ ਧਰਮ ਹੋਣ ਦੇ ਗੁਣ ਉਜਾਗਰ ਕੀਤੇ ਗਏ ਹਨ।*

### *1.1.9 ਅਭਿਆਸ ਲਈ ਪ੍ਰਸ਼ਨ*

1. *ਗੁਰੂ ਨਾਨਕ ਦੇਵ ਜੀ ਦੇ ਜੀਵਨ ਉੱਤੇ ਨੋਟ ਲਿਖੋ?*
2. *ਗੁਰੂ ਨਾਨਕ ਦੇਵ ਜੀ ਦੀਆਂ ਉਦਾਸੀਆਂ ਉੱਤੇ ਵਿਸਥਾਰ ਪੂਰਵਕ ਚਰਚਾ ਕਰੋ?*
3. *ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਦਾ ਵਰਣਨ ਕਰੋ? ਇਨ੍ਹਾਂ ਦੇ ਸਮਾਜ ਉੱਤੇ ਕੀ ਪ੍ਰਭਾਵ ਪਏ?*
4. *ਕੀ ਗੁਰੂ ਨਾਨਕ ਦੇਵ ਜੀ ਕ੍ਰਾਂਤੀਕਾਰੀ ਸਨ ਜਾਂ ਸੁਧਾਰਕ? ਚਰਚਾ ਕਰੋ।*

### *1.1.10 ਸਹਾਇਕ ਪੁਸਤਕਾਂ*


1. *ਗੰਡਾ ਸਿੰਘ, ਤੇਜਾ ਸਿੰਘ, ਸਿੱਖ ਇਤਿਹਾਸ ਭਾਗ-1*
2. *ਪਰਮਿੰਦਰ ਕੌਰ, ਗੁਰੂ ਗ੍ਰੰਥ ਸਾਹਿਬ, ਸਿਧਾਂਤ ਅਤੇ ਸੰਦੇਸ਼*

ਪਾਠ ਨੰਬਰ : 1.2 ਲੇਖਕ : ਮੇਜਰ ਗੁਰਮੁਖ ਸਿੰਘ (ਰੀਟਾ)

## ਗੁਰਿਆਈ ਦੀ ਪਰੰਪਰਾ

**ਬਣਤਰ**

1.2.1 ਪਾਠ ਦਾ ਉਦੇਸ਼
1.2.2 ਭੂਮਿਕਾ
1.2.3 ਗੁਰੂ ਸ਼ਬਦ ਦਾ ਅਰਥ
1.2.4 ਗੁਰਿਆਈ ਦਾ ਆਰੰਭ
1.2.5 ਗੁਰਿਆਈ ਦਾ ਵਿਕਾਸ
1.2.6 ਸਿੱਟਾ
1.2.7 ਅਭਿਆਸ ਲਈ ਪ੍ਰਸ਼ਨ
1.2.8 ਸਹਾਇਕ ਪੁਸਤਕਾਂ

### 1.2.1 ਪਾਠ ਦਾ ਉਦੇਸ਼

ਪਾਠ ਦਾ ਉਦੇਸ਼ ਵਿਦਿਆਰਥੀਆਂ ਨੂੰ ਸਿੱਖ ਧਰਮ ਦੀ ਮਹੱਤਵਪੂਰਨ ਸੰਸਥਾ ਗੁਰਿਆਈ ਪਰੰਪਰਾ ਬਾਬਤ ਜਾਣਕਾਰੀ ਦੇਣਾ ਹੈ।

### 1.2.2 ਭੂਮਿਕਾ

ਸਿੱਖ ਧਰਮ ਜਾਂ ਸਿੱਖੀ ਨੂੰ ਗੁਰਮਤਿ, ਅਰਥਾਤ ਗੁਰੂ ਦਾ ਮੱਤ ਜਾਂ ਉਪਦੇਸ਼ ਵੀ ਕਿਹਾ ਜਾਂਦਾ ਹੈ। ਗੁਰੂ ਸਿੱਖ ਧਰਮ ਦਾ ਕੇਂਦਰ-ਬਿੰਦੂ ਹੈ। ਭਾਵੇਂ ਸਾਧਾਰਨ ਭਾਸ਼ਾਈ ਅਰਥਾਂ ਵਿਚ ਵੀ ਸਿੱਖ (ਸੰਸਕ੍ਰਿਤ ਸ਼ਿਸ਼ਯ) ਦੀ ਕਲਪਨਾ ਗੁਰੂ ਤੋਂ ਬਿਨਾਂ ਨਹੀਂ ਕੀਤੀ ਜਾ ਸਕਦੀ, ਪਰੰਤੂ ਸਿੱਖ ਪੰਥ ਵਿਚ ਤਾਂ ਗੁਰੂ ਤੋਂ ਬਿਨਾਂ ਸਿੱਖ ਦੀ ਜਾਂ ਪੰਥ ਦੀ ਹਸਤੀ ਹੀ ਨਿਰਮੂਲ ਤੇ ਨਿਰਾਧਾਰ ਹੈ। ਸਿੱਖਾਂ ਵਾਸਤੇ ਤਾਂ ''ਬਾਝ ਗੁਰੂ ਗੁਬਾਰ ਹੈ'', ਅਤੇ ਬਿਨ ਗੁਰ ਪੰਥ ਨ ਸੂਝਈ ਕਿਤੁ ਬਿਧਿ ਨਿਰਬਹੀਐ' ਹੀ ਸਤਿ ਹੈ। ਹਰ ਸਿੱਖ ਗੁਰਸਿੱਖ, ਸਿੱਖ ਸੰਗਤ ਗੁਰਸੰਗਤ ਹੈ, ਸਿੱਖ ਧਰਮ ਗੁਰਪੰਥ ਹੈ। ਸਿੱਖ ਦਾ ਧਰਮ ਉਸ ਦਾ ਕਰਮ, ਉਸ ਦੇ ਰੀਤੀ ਰਿਵਾਜ ਗੁਰਮਰਯਾਦਾ ਦੇ ਅਧੀਨ ਹਨ, ਗੁਰੂ ਸਮਰਪਿਤ ਹਨ, ਗੁਰੂ ਦੇ ਆਸਰੇ ਹਨ। ਸਿੱਖ ਦੀ ਪ੍ਰਮਾਣਿਤ ਪਰਿਭਾਸ਼ਾ ਹੀ ਇਹ ਹੈ ਕਿ ਉਹ ਇਕ ਪਰਮੇਸ਼ਰ, ਦਸ ਗੁਰੂਆਂ ਅਤੇ ਗੁਰੂ ਗ੍ਰੰਥ ਸਾਹਿਬ ਨੂੰ ਮੰਨਦਾ ਹੋਵੇ। ਪੰਥ ਪ੍ਰਵਾਨਿਤ ''ਸਿੱਖ ਰਹਿਤ ਮਰਿਆਦਾ'' ਅਨੁਸਾਰ ਸਿੱਖ ਦੀ ਤਾਰੀਫ਼ ਇਸ ਤਰ੍ਹਾਂ ਦਿੱਤੀ ਹੋਈ ਹੈ :

''ਜੋ ਇਸਤਰੀ ਜਾਂ ਪੁਰਸ਼ ਇਕ ਅਕਾਲ ਪੁਰਖ, ਦਸ ਗੁਰੂ ਸਾਹਿਬਾਨ (ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਾਹਿਬ ਤਕ) ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਦਸ ਗੁਰੂ ਸਾਹਿਬਾਨ ਦੀ ਬਾਣੀ ਤੇ ਸਿੱਖਿਆ ਅਤੇ ਦਸ਼ਮੇਸ਼ ਜੀ ਦੇ ਅੰਮ੍ਰਿਤ ਉਤੇ ਨਿਸ਼ਚਾ ਰੱਖਦਾ ਹੋਵੇ ਅਤੇ ਕਿਸੇ ਹੋਰ ਧਰਮ ਨੂੰ ਨਹੀਂ ਮੰਨਦਾ ਉਹ ਸਿੱਖ ਹੈ।''

ਇਸ ਪਰਿਭਾਸ਼ਾ ਦੇ 'ਗੁਰੂ ਵਿਚ ਵਿਸ਼ਵਾਸ' ਪੱਖ ਨੂੰ ਸਰਕਾਰੀ ਕਾਨੂੰਨ ਵੀ ਮਾਨਤਾ ਦਿੰਦਾ ਹੈ। ਸਿੱਖ ਗੁਰਦੁਆਰਾ ਐਕਟ 1925 ਦੀ ਉਪਧਾਰਾ (9) ਵਿਚ ਦਿੱਤੀ ਸਿੱਖ ਦੀ ਪਰਿਭਾਸ਼ਾ ਦਾ ਪੰਜਾਬੀ ਅਨੁਵਾਦ ਇਉਂ ਹੈ।

ਸਿੱਖ ਦਾ ਅਰਥ ਹੈ ਉਹ ਮਨੁੱਖ ਜਿਸ ਦਾ ਵਿਸ਼ਵਾਸ ਇਕ ਪਰਮਾਤਮਾ ਵਿਚ, ਦਸ ਗੁਰੂਆਂ ਅਤੇ ਉਨ੍ਹਾਂ ਦੀ ਸਿੱਖਿਆ ਅਤੇ ਗੁਰੂ ਗ੍ਰੰਥ ਸਾਹਿਬ ਵਿਚ ਹੈ। ਜੇ ਕਦੀ ਸਵਾਲ ਉੱਠੇ ਕਿ ਅਮਕਾ ਜਿੰਦਾ ਮਨੁੱਖ ਸਿੱਖ ਹੈ ਕਿ ਨਹੀਂ, ਤਾਂ ਉਸ ਦਾ ਫੈਸਲਾ ਇਸ ਗੱਲ ਤੇ ਹੋਵੇਗਾ ਕਿ ਉਹ ਸੂਬੇ ਦੀ ਸਰਕਾਰ ਦੁਆਰਾ ਨਿਸ਼ਚਿਤ ਤਰੀਕੇ ਅਨੁਸਾਰ ਹੇਠ ਦਿੱਤੇ ਐਲਾਨ ਤੇ ਦਸਤਖਤ ਕਰਦਾ ਹੈ ਜਾਂ ਨਹੀਂ :

''ਮੈਂ ਧਰਮ ਨਾਲ ਕਹਿੰਦਾ ਹਾਂ ਕਿ ਮੈਂ ਸਿੱਖ ਹਾਂ, ਮੈਂ ਗੁਰੂ ਗ੍ਰੰਥ ਸਾਹਿਬ ਵਿਚ ਵਿਸ਼ਵਾਸ ਰੱਖਦਾ ਹਾਂ ਅਤੇ ਮੈਂ ਦਸ ਗੁਰੂ ਸਾਹਿਬਾਨ ਨੂੰ ਮੰਨਦਾ ਹਾਂ ਅਤੇ ਮੇਰਾ ਕਿਸੇ ਹੋਰ ਧਰਮ ਵਿਚ ਵਿਸ਼ਵਾਸ ਨਹੀਂ।

ਧਿਆਨ ਰਹੇ ਕਿ ਇਸ ਕਾਨੂੰਨੀ ਪਰਿਭਾਸ਼ਾ ਵਿਚ ''ਇਕ ਅਕਾਲ ਪੁਰਖ ਵਿਚ ਨਿਸ਼ਚੇ ਵਾਲੀ ਗੱਲ ਸ਼ਾਮਿਲ ਨਹੀਂ ਪਰੰਤੂ ਇਹ ਨਿਸ਼ਚਾ ਦਸ ਗੁਰੂਆਂ ਅਤੇ ਗੁਰੂ ਗ੍ਰੰਥ ਸਾਹਿਬ ਮੰਨਣ ਵਾਲੀ ਸ਼ਰਤ ਵਿਚ ਸ਼ਾਮਿਲ ਹੈ, ਕਿਉਂਕਿ ਗੁਰੂ

ਸਾਹਿਬਾਨ ਦਾ ਧਰਮ ਇਕ ਈਸ਼ਵਰਵਾਦ ਅਤੇ ਅਦੈਤਵਾਦ ਉੱਤੇ ਆਧਾਰਿਤ ਸੀ।

### 1.2.3 'ਗੁਰੂ' ਸ਼ਬਦ ਦਾ ਅਰਥ

ਗੁਰੂ ਸੰਸਕ੍ਰਿਤ ਦੇ ਗੁਰੂ ਦਾ ਪੰਜਾਬੀ ਰੂਪ ਹੈ ਜੋ ਵਿਸ਼ੇਸ਼ਣ ਅਤੇ ਨਾਉਂ ਦੋਹਾਂ ਰੂਪਾਂ ਵਿਚ ਵਰਤਿਆ ਜਾਂਦਾ ਹੈ। ਵਿਸ਼ੇਸ਼ਣ ਦੇ ਤੌਰ ਤੇ ਇਸ ਦਾ ਅਰਥ ਹੈ ਭਾਰੀ, ਵੱਡਾ, ਵਿਸ਼ਾਲ, ਲੰਬਾ (ਸੁਰ), ਮਹੱਤਵਪੂਰਨ ਜਾਂ ਮੁੱਲਵਾਨ ਅਤੇ ਨਾਉਂ ਦੇ ਰੂਪ ਵਿਚ ਸਿੱਖਿਅਕ ਉਸਤਾਦ, ਉਪਦੇਸ਼ ਹਨੇਰੇ ਜਾਂ ਅਗਿਆਨ ਦਾ ਨਿਵਾਰਨ ਕਰਕੇ ਚਾਨਣ ਜਾਂ ਗਿਆਨ ਦੇਣ ਵਾਲਾ, ਵਿਸ਼ੇਸ਼ ਕਰਕੇ ਧਾਰਮਿਕ, ਅਧਿਆਤਮਿਕ ਜਾਂ ਨੈਤਿਕ ਸਿੱਖਿਆ ਦੇਣ ਵਾਲਾ। ਸਿੱਖੀ ਦੇ ਸੰਦਰਭ ਵਿਚ ਕੇਵਲ ਅਧਿਆਤਮਕ ਸਿੱਖਿਆ ਦੇਣ ਵਾਲੇ ਨੂੰ ਹੀ ਗੁਰੂ ਕਿਹਾ ਜਾਂਦਾ ਹੈ ਅਤੇ ਹਰ ਐਸੇ ਸਿੱਖਿਅਕ ਨੂੰ ਨਹੀਂ ਬਲਕਿ ਦਸ ਵਿਸ਼ੇਸ਼ ਇਤਿਹਾਸਿਕ ਵਿਅਕਤੀਆਂ ਨੂੰ ਹੀ ਗੁਰੂ ਦੀ ਉਪਾਧੀ ਦਿੱਤੀ ਜਾਂਦੀ ਹੈ। ਇਹਨਾਂ ਤੋਂ ਇਲਾਵਾ ਅਕਾਲ ਪੁਰਖ ਅਤੇ ਗੁਰੂ ਸਾਹਿਬਾਨ ਅਤੇ ਕੁਝ ਹੋਰ ਮਹਾਂਪੁਰਖਾਂ ਦੀ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਸੰਕਲਿਤ ਕੀਤੀ ਇਲਾਹੀ ਰੰਗ ਵਿਚ ਉਚੇਰੀ ਬਾਣੀ ਦੇ ਭੰਡਾਰ, ਸਿੱਖਾਂ ਦੀ ਪਵਿੱਤਰ ਧਰਮ ਪੁਸਤਕ ਆਦਿ ਗ੍ਰੰਥ ਸਾਹਿਬ ਨੂੰ ਗੁਰੂ ਮੰਨਿਆ ਜਾਂਦਾ ਹੈ।

ਅਸਲ ਵਿਚ ਗੁਰਮਤਿ ਅਨੁਸਾਰ ਪਰਮ ਗੁਰੂ, ਸਤਿਗੁਰੂ ਤਾਂ ਅਕਾਲ ਪੁਰਖ ਖੁਦ ਹੀ ਹੈ। ਕਿਉਂਕਿ ਜੇਕਰ-ਧਰਮ ਦਾ ਆਖਰੀ ਨਿਸ਼ਾਨਾ ਪਰਮ ਸਤਿ ਦੀ ਪ੍ਰਾਪਤੀ ਜਾਂ ਗਿਆਨ ਹੈ ਇਹ ਗਿਆਨ ਤਾਂ ਕੇਵਲ ਉਸ ਕੋਲ ਹੀ ਹੈ। ਉਹ ਕਰਤਾ ਪੁਰਖ ਹੈ ਉਸ ਦੀ ਰਚੀ ਵਿਸ਼ਾਲ ਕਾਇਨਾਤ ਤੇ ਇਕ ਨਿਗੁਣੇ ਜਿਹੇ ਧਰਤੀ ਨਾਮ ਟੁਕੜੇ ਦਾ ਇਕ ਨਿਗੁਣਾ ਜਿਹਾ ਦੋ-ਟੰਗਾ ਜਾਨਵਰ, ਇਨਸਾਨ, ਭਾਵੇਂ ਲਖ ਡੀਗਾਂ ਮਾਰੇ, ਕਾਇਨਾਤ ਦੇ ਰਚਣਹਾਰ ਕਰਤਾਰਪੁਰਖ ਨੂੰ ਨਹੀਂ ਜਾਣ ਸਕਦਾ। ਉਹ ਤਾਂ ਆਪਣੀ ਗਤਿ ਮਿਤਿ ਆਪ ਜਾਣੈ....... ''ਸਾਈ ਜਾਣੈ ਕਰਣੈਹਾਰ ਕੀਤਾ ਗਿਆ ਬੇਚਾਰਾ'' ਕਿਉਂਕਿ ''ਕਰਤੇ ਕੀ ਮਿਤਿ ਨਾ ਜਾਨੇ ਕੀਆ'' – ਇਹ ਇਕ ਵਿਗਿਆਨਕ ਸਚਾਈ ਹੈ। ਹਾਂ ਉਹ ਜੋ ਚਾਹੇ, ਜਦ ਚਾਹੇ ਕਿਸੇ ਪ੍ਰਾਣੀ ਮਾਤਰ ਤੇ ਤੁੱਠ ਕੇ ਅਪਨਾ ਬਿੰਬ, ਅਕਸ, ਝਲਕਾਰਾ ਉਸ ਤੇ ਪਾਵੇ, ਉਸਨੂੰ ਆਪਣੇ ਨਿਰਾਕਾਰ ਰੂਪ ਦਾ ਪ੍ਰਦਰਸ਼ਨ ਕਰਾਵੇ, ਤਾਂ ਹੀ ਉਹ ਪ੍ਰਾਣੀ ਪਰਮ ਸਤਿ ਨੂੰ ਜਾਣ ਸਕਦਾ ਹੈ। ਪਰੰਤੂ ਇਸ ਹਾਲਤ ਵਿਚ ਵੀ ਉਸ ਸਰਬੰਗ ਪ੍ਰਾਣੀ ਦਾ ਗੁਰੂ ਤਾਂ ਅਕਾਲ ਪੁਰਖ ਆਪ ਹੀ ਹੋਇਆ ਨਾ, ਸਿੱਖਾਂ ਦਾ ਵਿਸ਼ਵਾਸ ਹੈ ਗੁਰੂ ਨਾਨਕ ਦੇਵ ਇਕ ਅਜਿਹੇ ਪ੍ਰਾਣੀ ਸਨ। ਉਨ੍ਹਾਂ ਤੇ 'ਸਤਿਗੁਰ ਤੁਠਾ' ਅਤੇ ਉਨ੍ਹਾਂ ਨੇ 'ਸਤਿਗੁਰ ਡਿੱਠਾ।' ਇਸੇ ਲਈ ਉਨ੍ਹਾਂ ਅਤੇ ਉਨ੍ਹਾਂ ਦੇ ਉਤਰਾਧਿਕਾਰੀ ਗੁਰੂ ਸਾਹਿਬਾਨ ਨੇ ਅਕਾਲ ਪੁਰਖ ਲਈ ਅਕਸਰ ਸਤਿਗੁਰ ਸ਼ਬਦ ਵਰਤਿਆ ਹੈ। ਗੁਰੂ ਅਤੇ ਗੋਬਿੰਦ ਨੂੰ ਗੁਰਬਾਣੀ ਵਿਚ ਸਮਾਨ ਅਰਥਾਂ ਵਿਚ ਅਕਸਰ ਵੇਖਿਆ ਜਾ ਸਕਦਾ ਹੈ।

ਗੁਰੂ ਨਾਨਕ ਦੇਵ ਨੂੰ ਅਕਾਲ ਪੁਰਖ ਨੇ ਆਪ ਬੁਲਾ ਕੇ ਸ਼ਬਦ, ਅਖਰ ਦੀ ਦਾਤ ਬਖਸ਼ੀ। ਇਹ ਜਨਮ-ਸਾਖੀਕਾਰਾਂ ਦਾ ਕਥਨ ਅਤੇ ਸਿੱਖਾਂ ਦਾ ਵਿਸ਼ਵਾਸ਼ ਹੈ। ਸ਼ਬਦ, ਨਾਮ, ਅੱਖਰ ਨੂੰ ਵੀ ਗੁਰੂ ਸਾਹਿਬਾਨ ਨੇ ਸਤਿਗੁਰੂ ਅਕਾਲ ਪੁਰਖ ਦੇ ਸਮਾਨਾਰਥਕ ਮੰਨਿਆ ਹੈ ਕਿਉਂਕਿ ਇਨ੍ਹਾਂ ਰਾਹੀਂ ਹੀ 'ਓ ਅੰਕਾਰੁ ਨੇ ਅਪਨੇ ਨਿਰਾਕਾਰ ਸਰੂਪ ਦੀ ਛਾਪ ਇਨ੍ਹਾਂ ਨੂੰ ਬਖਸ਼ੀ ਜੋ ਸ਼ਬਦਾਂ ਵਿਚ ਰਚੀ, ਉਚਾਰੀ ਅਤੇ ਗਾਈ ਗਈ ਬਾਣੀ ਦੁਆਰਾ ਉਹਨਾਂ ਜਗ ਨੂੰ ਦਿੱਤੀ। ਇਸੇ ਲਈ ਸ਼ਬਦ ਨੂੰ ਵੀ ਗੁਰੂ ਨਾਨਕ ਦੇਵ ਨੇ ਗੁਰੂ ਕਹਿ ਕੇ ਵਡਿਆਇਆ, ਯਥਾ : ''ਸ਼ਬਦ ਗੁਰੂ ਪੀਰਾ ਗਹਿਰ ਗੰਭੀਰਾ.......... ''ਸ਼ਬਦ ਗੁਰੂ ਸੁਰਤਿ ਧੁਨਿ ਚੇਲਾ''।

ਸ਼ਬਦ ਦੇ ਗੁਰੂ ਹੋਣ ਬਾਰੇ ਇਕ ਹੋਰ ਵਿਚਾਰ ਇਹ ਵੀ ਹੈ ਕਿ ਅਧਿਆਤਮਿਕ ਗਿਆਨ ਦਾ ਅਰਥ ਅਤੇ ਮੰਤਵ ਬਾਹਰੀ ਛਿਲਕੇ ਤੋਂ ਲੰਘ ਕੇ ਤੱਤੇ-ਬੀਜ ਦੀ ਪਛਾਣ ਕਰਨਾ ਹੈ। ਏਸੇ ਆਧਾਰ ਤੇ ਗੁਰੂ ਦਾ ਗੁਰਤੱਵ ਉਸ ਦੇ ਸਰੀਰ ਵਿਚ ਨਹੀਂ ਉਸਦੇ ਵਿਚਾਰ ਵਿਚ ਹੈ, ਜੋ ਉਸਦੇ ਕਹੇ ਸ਼ਬਦਾਂ ਵਿਚ ਪਰਤੱਖ ਹੁੰਦਾ ਹੈ। ਜਿਵੇਂ ਗੁਰਵਾਕ ਹੈ ''ਡਿਠੇ ਮੁਕਤਿ ਨ ਹੋਵਈ, ਜਿਚਰੁ ਸ਼ਬਦ ਨ ਕਰੇ ਵੀਚਾਰ''।

ਸੋ ਸਿੱਖ ਧਰਮ ਵਿਚ 'ਗੁਰ' ਸ਼ਬਦ ਤਿੰਨ ਵੱਖ ਵੱਖ ਪਰ ਅੰਤਰ-ਸੰਬੰਧੀ ਅਰਥਾਂ ਵਿਚ ਆਉਂਦਾ ਹੈ – (1) ਪਰਮ ਗੁਰੂ, ਸਤਿਗੁਰੂ, ਵਾਹਿਗੁਰੂ (2) ਗੁਰੂ ਨਾਨਕ ਦੇਵ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਤੀਕ ਦਸ ਇਤਿਹਾਸਕ ਗੁਰੂ; ਅਤੇ (3) ਸ਼ਬਦ ਗੁਰੂ ਜੋ ਗੁਰੂ ਗ੍ਰੰਥ ਸਾਹਿਬ ਦੇ ਹਾਜ਼ਰ-ਨਾਜ਼ਰ ਸਰੂਪ ਵਿਚ ਹੁਣ ਸਿੱਖਾਂ ਦਾ ਸਦੀਵੀ ਗੁਰੂ ਹੈ। ਇਹਨਾਂ ਤੋਂ ਇਲਾਵਾ ਸਿੱਖ ਭਾਵੇਂ ਸਭ ਭਲੇ ਪੁਰਖਾਂ ਦਾ ਸਤਿਕਾਰ ਤਾਂ ਕਰਦੇ ਹਨ, ਪਰੰਤੂ ਕਿਸੇ ਨੂੰ ਆਪਣਾ ਗੁਰੂ ਨਹੀਂ ਮੰਨਦੇ।

### 1.2.4 ਗੁਰਿਆਈ ਦਾ ਆਰੰਭ

ਇਕ ਸੰਸਥਾ ਦੇ ਰੂਪ ਵਿਚ ਗੁਰਿਆਈ ਦਾ ਆਰੰਭ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਤੋਂ ਹੀ ਹੋ ਗਿਆ, ਭਾਵੇਂ ਉਨ੍ਹਾਂ ਨੇ ਆਪਣੇ ਨਿਮਰ ਸੁਭਾਅ ਕਾਰਨ ਆਪਣੇ ਆਪ ਗੁਰੂ ਨਾ ਅਖਵਾਇਆ ਹੋਵੇ। ਜਨਮ ਸਾਖੀਆਂ ਦੇ ਲੇਖਕਾਂ ਨੇ ਉਨ੍ਹਾਂ ਨੂੰ ਬਹੁਤ ਕਰਕੇ ਬਾਬਾ ਨਾਨਕ ਹੀ ਲਿਖਿਆ ਹੈ। ਅਜਿਹਾ ਕੋਈ ਸੰਕੇਤ ਨਹੀਂ ਮਿਲਦਾ ਕਿ ਉਨ੍ਹਾਂ ਨੇ ਖੁਦ ਕਿਸੇ ਮਨੁੱਖ ਨੂੰ ਗੁਰੂ ਧਾਰਿਆ ਹੋਵੇ। ਉਹਨਾਂ ਦਾ ਗੁਰੂ ਕੇਵਲ ਅਕਾਲ ਪੁਰਖ ਹੀ ਸੀ। ਪਰੰਤੂ ਉਹ ਆਪਣੇ ਗੁਰਿਆਈ ਦੇ ਮਿਸ਼ਨ ਬਾਰੇ ਚੇਤੰਨ ਸਨ। ਇਹ ਉਹਨਾਂ ਦੀ ਬਾਣੀ ਤੋਂ ਸਪੱਸ਼ਟ ਹੈ। ਵਾਰ ਮਾਝ ਕੀ ਦੇ ਅੰਤਿਮ ਸਲੋਕ ਅਤੇ ਪਉੜੀ ਵਿਚ ਉਨ੍ਹਾਂ ਸਾਫ ਕਿਹਾ ਹੈ ਕਿ ਮਾਲਕ ਨੇ ਨਾਨਕ ਨੂੰ ਆਪਣਾ ਢਾਡੀ ਬਣਾ ਕੇ ਆਪਣੀ ਜ਼ਬਾਨੀ ਅੱਖਰ ਦੀ ਦਾਤ ਬਖਸ਼ੀ, ਸਿਫਤਿ ਸਲਾਹ ਦਾ ਕਪੜਾ ਅਤੇ ਅੰਮ੍ਰਿਤ ਨਾਮ ਦਾ ਭੋਜਨ ਦਿੱਤਾ ਅਤੇ ਉਹਨਾਂ ਨੇ ਗੁਰਮਤਿ ਦਾ ਨਾਦ

ਵੱਜਾ ਕੇ ਇਸ ਨੂੰ ਪਰਚਾਰਿਆ। ਆਪਣੀ ਬਾਣੀ ਵਿਚ ਥਾਂ ਥਾਂ ਤੇ ਉਹਨਾਂ ਆਪਣੇ ਸਿੱਖਾਂ ਲਈ ਗੁਰੂ ਦੀ ਜ਼ਰੂਰਤ ਤੇ ਜ਼ੋਰ ਦਿੱਤਾ। ਜਿਵੇ ' ''ਬਿਨੁ ਗੁਰ ਮੈਲੁ ਨ ਉਤਰੇ.....'' ''ਬਿਨ ਗੁਰ ਪੰਥ ਨਾ ਸੁਝਈ.........'' ''ਬਿਨੁ ਗੁਰ ਭਰਮੈ ਆਵੈ ਜਾਇ। ਬਿਨੁ ਗੁਰ ਘਾਲ ਨ ਪਵਈ ਥਾਇ'' ਆਦਿ। ਸਭ ਤੋਂ ਵੱਡੀ ਗੱਲ ਜੋ ਗੁਰੂ-ਸੰਸਥਾ ਬਾਰੇ ਉਹਨਾਂ ਦਾ ਵਿਚਾਰ ਸਪੱਸ਼ਟ ਕਰਦੀ ਹੈ ਕਿ ਉਹ ਆਪਣੇ ਚਲਾਏ ਪੰਥ ਨੂੰ ਸਥਾਈ ਰੂਪ ਵਿਚ ਵਧਦਾ-ਫੁਲਦਾ ਲੋਚਦੇ ਸਨ, ਅਤੇ ਇਸ ਮੰਤਵ ਲਈ ਉਹ ਪੰਥ ਦਾ ਇਕ ਵਾਹਿਕ ਪੇਸ਼ਵਾ ਗੁਰੂ ਹੋਣਾ ਜ਼ਰੂਰੀ ਸਮਝਦੇ ਸਨ।

ਨਾਲ ਹੀ ਗੁਰ-ਗੱਦੀ ਆਪਣੇ ਤਪੱਸਵੀ ਪੁੱਤਰ ਬਾਬਾ ਸ਼੍ਰੀ ਚੰਦ ਦੀ ਥਾਂ ਆਪਣੇ ਇਕ ਸਿੱਖ ਨੂੰ ਦੇ ਕੇ ਗੁਰੂ ਨਾਨਕ ਦੇਵ ਨੇ ਇਹ ਸਪੱਸ਼ਟ ਕੀਤਾ ਕਿ ਸਿੱਖ ਧਰਮ ਵਿਚ ਗੁਰੂ ਅਜਿਹਾ ਹੋਵੇ ਜੋ ਅਕਾਲ ਪੁਰਖ ਵਲੋਂ ਦਿੱਤੇ ਗਏ ਮਿਸ਼ਨ ਨੂੰ ਪੂਰੀ ਤਰ੍ਹਾਂ ਜੋ 'ਸੱਚ ਦੀ ਕੋਠੜੀ' ਜਗਤ ਨੂੰ ਜਿਸ ਵਿਚ ਉਸ ਸੱਚੇ ਸਿਰਜਨਹਾਰ ਦਾ ਵਾਸਾ ਹੈ, ਤੁਛ ਸਮਝ ਕੇ ਤਿਆਗੇ ਨਾ ਸਗੋਂ ਇਸ ਵਿਚ ਵਿਚਰਦਾ ਹੋਇਆ ਸੱਚ ਦੇ ਰਾਹ ਤੇ ਚਲਦਾ ਹੋਇਆ ਜੀਵਨ-ਮੁਕਤ ਬਣੇ। ਅਜਿਹੇ ਸਮਾਜ ਦਾ ਅਜਿਹੇ ਸਿੱਖਾਂ ਦਾ ਗੁਰੂ ਉਹ ਨਹੀਂ ਹੋ ਸਕਦਾ ਜੋ ''ਜਤੀ ਸਦਾਵਹਿ ਜੁਗਤਿ ਨ ਜਾਣਹਿ ਛਡਿ ਬਹਹਿ ਘਰਬਾਰ''। ਉਹ ਨਹੀਂ ਜੋ ਮੌਤ ਤੋਂ ਡਰਦੇ ਜੰਗਲਾਂ ਵਿਚ ਤਪ ਕਰਦੇ ਹੋਣ, ਆਪਣੀ ਉਮਰ ਵਧਾਉਣ ਲਈ ਸਿੱਧੀਆਂ ਦੀ ਪ੍ਰਾਪਤੀ ਲਈ, ਸਗੋਂ ਉਹ ਜੋ ਆਪਣੇ ਸਿੱਖਾਂ ਨੂੰ ਖੁਲ੍ਹੇ ਮੂੰਹ ਸਿਖਾ ਸਕਣ ਕਿ ''ਮਰਣੁ ਨਾ ਮੰਦਾ ਲੋਕਾਂ ਆਖੀਐ........'' ਅਤੇ ''ਮਰਣੁ ਮੁਣਸਾ ਸੂਰਿਆ ਹਕ ਹੈ......''। ਗੁਰੂ ਨਾਨਕ ਦੇਵ ਦੇ ਉਲੀਕੇ ਰਾਹ ਉੱਤੇ ਚਲਣ ਵਾਲੇ ਸੰਤ ਸਿਪਾਹੀਆਂ ਦੇ ਪੰਥ ਦਾ ਗੁਰੂ ਉਹ ਹੀ ਹੋ ਸਕਦਾ ਹੈ ਜੋ ''ਲਰੈ ਦੀਨ ਕੇ ਹੇਤ'' ਅਤੇ ਕਬਹੂ ਨਾ ਛਾਡੈ ਖੇਤ, ਅਤੇ ਗੁਰੂ ਨਾਨਕ ਦੇਵ ਦੇ ਅਧਿਆਤਮਿਕ ਉੱਤਰਾਧਿਕਾਰੀ ਏਸ ਕਸੌਟੀ ਤੇ ਪੂਰੇ ਉਤਰੇ। ਇਹ ਸਾਰੇ ਦੇ ਸਾਰੇ ਪਿੱਛੋਂ ਹੱਟ ਜਾਣ ਵਾਲੇ ਨਹੀਂ, ਸਗੋਂ ਅੱਗੇ ਲੱਗਣ ਵਾਲੇ ਨੇਤਾ ਦੇ ਤੌਰ ਤੇ ਸਥਾਪਤ ਹੋਏ।

### 1.2.5 ਗੁਰਿਆਈ ਦਾ ਵਿਕਾਸ

ਆਪਣੇ ਜਿਊਂਦੇ ਜੀਅ ਅਗਲੇ ਗੁਰੂ ਦੀ ਚੋਣ ਅਤੇ ਗੱਦੀ ਨਸ਼ੀਨੀ ਦੀ ਪ੍ਰਥਾ ਗੁਰੂ ਗੋਬਿੰਦ ਸਿੰਘ ਤੱਕ ਚਲਦੀ ਰਹੀ। ਇਸ ਦੇ ਨਾਲ ਹੀ ਸਿੱਖਾ ਵਿਚ ਇਹ ਵਿਸ਼ਵਾਸ ਪੱਕਾ ਹੋ ਗਿਆ ਕਿ ਇਸ ਤਰ੍ਹਾਂ ਕਰਨ ਨਾਲ ਗੁਰੂ ਨਾਨਕ ਦੇਵ ਦੀ ਅਧਿਆਤਮਿਕ ਜੋਤ ਹੀ ਵਾਰੀ ਵਾਰੀ ਸਾਰੇ ਗੁਰੂ ਸਾਹਿਬਾਨ ਵਿਚ ਪਰਵੇਸ਼ ਕਰਦੀ ਰਹੀ ਅਤੇ ਇਸ ਤਰ੍ਹਾਂ ਗੁਰੂ ਭਾਵੇਂ ਦਿੱਸਣ ਵਿਚ ਵੱਖ ਵੱਖ ਜਾਮਿਆਂ ਵਿਚ ਆਏ, ਉਹਨਾਂ ਵਿਚ ਗੁਰੂ-ਤੱਤ ਅਥਵਾ ਗੁਰਤਾ ਅਥਵਾ ਗੁਰਿਆਈ ਨਿਰੰਤਰ ਇਕ ਹੀ ਰਹੀ। ਏਸ ਵਿਚਾਰ ਨੂੰ ਹਾਮੀ ਇਸ ਗੱਲ ਦੀ ਵੀ ਮਿਲੀ ਕਿ ਗੁਰੂ ਗੋਬਿੰਦ ਸਿੰਘ ਤੋਂ ਬਿਨਾਂ ਬਾਕੀ ਜਿਨ੍ਹਾਂ ਗੁਰੂ ਸਾਹਿਬਾਨ ਨੇ ਬਾਣੀ ਦੀ ਰਚਨਾ ਕੀਤੀ ਉਹਨਾਂ ਆਪਣਾ ਉਪਨਾਮ 'ਨਾਨਕ' ਹੀ ਵਰਤਿਆ। ਜਿਹਾ ਕਿ ਸੱਤੇ ਬਲਵੰਡ ਦੀ ਵਾਰ ਅਤੇ ਭੱਟਾਂ ਦੇ ਸਵੱਯੇ ਤੋਂ ਪਤਾ ਲੱਗਦਾ ਹੈ ਸਭ ਗੁਰੂਆਂ ਵਿਚ ਇਕ ਜੋਤ ਦਾ ਸਿਧਾਂਤ ਇਕ ਸਰਬ-ਵਿਆਪੀ ਮਨੌਤ ਸੀ। ਏਸ ਮਨੌਤ ਨੇ ਗੁਰਿਆਈ ਦੀ ਸੰਸਥਾ ਨੂੰ ਹੋਰ ਦ੍ਰਿੜ੍ਹਤਾ ਦਿੱਤੀ ਜਿਸ ਨਾਲ ਕੁਝ ਵੱਖਵਾਦੀ ਰੁਝਾਨਾਂ ਅਤੇ ਅਨਸਰਾਂ ਨੂੰ ਫੇਲ੍ਹ ਕਰਨ ਵਿਚ ਸਹਾਇਤਾ ਮਿਲੀ।

ਇਨ੍ਹਾਂ ਅਨਸਰਾਂ ਦੇ ਸਿਰ ਚੁੱਕਣ ਦਾ ਕਾਰਨ ਗੁਰੂ ਘਰ ਦੀ ਵੱਧ ਰਹੀ ਮਕਬੂਲੀਅਤ ਅਤੇ ਮਾਇਕ ਸਮਰਿੱਧੀ ਸੀ ਜਿਸ ਨੇ ਕੁਝ ਮਾਇਆਧਾਰੀ ਸ਼ਰੀਕਾਂ ਦੇ ਮਨਾਂ ਵਿਚ ਲੋਭ ਅਤੇ ਈਰਖਾ ਦੀ ਅੱਗ ਸੁਲਗਾਈ। ਪਰੰਤੂ ਗੁਰੂਆਂ ਦੀ ਸਹੀ ਚੋਣ ਅਤੇ ਉਨ੍ਹਾਂ ਦੇ ਦੈਵੀ ਗੁਣਾਂ ਦੇ ਪ੍ਰਭਾਵ ਹੇਠ ਸੰਗਤ ਦੀ ਆਸਥਾ ਛੇਤੀ ਹੀ ਗੁਰੂ ਵਿਚ ਏਨੀ ਵੱਧ ਗਈ ਸੀ ਕਿ ਵੱਖਵਾਦੀਆਂ ਦੀ ਤਾਕਤ ਸੀਮਿਤ ਹੀ ਰਹੀ ਅਤੇ ਵਕਤ ਦੀ ਸਰਕਾਰ ਦੀ ਸ਼ਹਿ ਦੇ ਬਾਵਜੂਦ ਵੀ ਉਹ ਸਿੱਖ ਸੰਗਤਾਂ ਦੇ ਗੁਰੂ ਵਿਚ ਵਿਸ਼ਵਾਸ ਨੂੰ ਡੁਲਾ ਨਾ ਸਕੇ। ਇਸੇ ਤਰ੍ਹਾਂ ਕੁਝ ਸਥਾਨਿਕ ਸੰਤਾਂ, ਸਾਧਾਂ, ਮਹੰਤਾਂ ਦਾ ਗੁਰੂਆਂ ਦੇ ਖਿਲਾਫ ਝੂਠਾ ਪਰਚਾਰ ਵੀ ਅਪਨੀ ਮੌਤ ਆਪ ਹੀ ਮਰਦਾ ਰਿਹਾ।

ਗੁਰੂ ਨਾਨਕ ਦੇਵ ਦਾ ਗੁਰੂ ਤਾਂ ਵਾਹਿਗੁਰੂ ਆਪ ਸੀ ਜਿਸਨੇ ਗੁਰਿਆਈ ਉਨ੍ਹਾਂ ਨੂੰ ਸੌਂਪੀ, ਪਰੰਤੂ ਦੂਜੇ ਗੁਰੂ ਅੰਗਦ ਨੂੰ ਨਾਮ ਬਾਣੀ ਦੀ ਦਾਤ ਵਾਹਿਗੁਰੂ ਨੇ ਗੁਰੂ ਨਾਨਕ ਦੇਵ ਰਾਹੀਂ ਦਿੱਤੀ। ਇਸੇ ਤਰ੍ਹਾਂ ਬਾਕੀ ਗੁਰੂ ਸਾਹਿਬਾਨ ਵਾਸਤੇ ਅਕਾਲ ਪੁਰਖ ਗੁਰੂ ਦੇ ਨਾਲ ਨਾਲ ਉਨ੍ਹਾਂ ਤੋਂ ਪਹਿਲੇ ਗੁਰੂ ਵੀ ਸਨ ਜਿਨ੍ਹਾਂ ਨੂੰ ਉਹਨਾਂ ਉਹੋ ਵਡਿਆਈ ਅਤੇ ਸਿਫਤ ਸਲਾਹ ਦਿੱਤੀ ਜੋ ਗੁਰੂ ਨਾਨਕ ਦੇਵ ਨੇ ਆਪਣੇ ਗੁਰੂ ਪਰਮੇਸ਼ਰ ਨੂੰ ਦਿੱਤੀ। ਫਲਸਰੂਪ ਗੁਰੂ ਅਤੇ ਪਰਮੇਸ਼ਰ ਨੂੰ ਬਰਾਬਰ ਵਰਦਾਨਿਆ ਗਿਆ। ਗੁਰੂ ਤੇ ਸਤਿਗੁਰੂ ਸਮਾਨ ਅਰਥਕ ਸ਼ਬਦ ਹੋ ਗਏ। ਵੈਸੇ ਇਹ ਵਿਚਾਰ ਬਿਲਕੁਲ ਨਵਾਂ ਵੀ ਨਹੀਂ ਸੀ। ਗੁਰੂ ਨਾਨਕ ਦੇਵ ਨੇ ਵੀ ਹਰੀ ਨਾਲ ਸਮਾ ਜਾਣ, ਇਕ ਮਿਕ ਹੋਣ ਦੀ ਸੰਭਾਵਨਾ ਹੀ ਨਹੀਂ, ਇਸਨੂੰ ਭਗਤੀ ਦਾ ਨਿਸ਼ਾਨਾ ਦਸਿਆ ਸੀ, ਯਥਾ : ''ਤਉ ਨਾਨਕ ਕੰਤੋ ਮਨਿ ਭਾਵੈ ਛੋਡਿ ਵਡਾਈ ਆਪਣੇ ਖਸਮ ਸਮਾਵੈ'' ਅਤੇ ਕਹਤ ਨਾਨਕ ਐਸੀ ਮਤਿ ਆਵੈ। ਤਾਂ ਕੋ ਸਚੇ ਸਮਾਵੈ'' ਪਰ ਹੁਣ ਇਸ ਵਿਚਾਰ ਨੂੰ ਹੋਰ ਉਜਾਗਰ ਕੀਤਾ ਗਿਆ। ਗੁਰੂ ਅਰਜਨ ਦੇਵ ਨੇ ਸਾਫ ਕਿਹਾ : ''ਨਾਨਕ ਸੋਧੇ ਸਿੰਮ੍ਰਿਤ ਬੇਦ ਪਾਰਬ੍ਰਹਮ ਗੁਰੂ ਨਹੀਂ ਭੇਦ'' ਅਤੇ ਮਥੁਰਾ ਭਟ ਨੂੰ ''ਗੁਰੂ ਅਰਜਨੁ ਪਰਤਖ ਹਰਿ'' ਦਿਸਿਆ।

ਵੈਸੇ ਤਾਂ ਗੁਰੂ ਨਾਨਕ ਦੇਵ ਜੀ ਤੋਂ ਹੀ ਗੁਰੂ ਕੇਵਲ ਨਾਮ ਰਟਾਉਣ ਵਾਲਾ ਸਾਧ ਨਹੀਂ ਸੀ। ਉਹ ਲੋਕਾਂ ਦੇ ਦੁਖ ਸੁੱਖ ਦਾ ਸਾਂਝੀ ਸੀ। ਉਹ ਖੁਦ ਘਰਬਾਰੀ ਸੀ, ਨਾਮ ਵਿਚ ਰੰਗੇ ਰਹਿਣ ਦੇ ਨਾਲ ਉਸ ਪਸ਼ੂ ਵੀ ਚਰਾਏ, ਵਣਜ ਵੀ ਕੀਤਾ, ਨੌਕਰੀ ਵੀ ਕੀਤੀ ਅਤੇ ਵਰ੍ਹਿਆਂ ਬੱਧੀ ਪ੍ਰਚਾਰ ਕਰਨ ਤੋਂ ਬਾਅਦ ਅਖੀਰ ਉਮਰ ਖੇਤੀ ਵੀ ਕੀਤੀ। ਉਸ ਮੁਗਲਈ ਜ਼ੁਲਮ ਦੇ ਖਿਲਾਫ ਹਾਅ ਦਾ ਨਾਅਰਾ ਰੱਬ ਕੋਲ ਵੀ ਮਾਰਿਆ ਅਤੇ ਉਧਰ ਆਲਸੀ ਅਤੇ ਕਮਜ਼ੋਰ ਰੱਖਿਆ ਨੀਤੀ ਲਈ ਲੋਧੀਆਂ ਨੂੰ ਵੀ ਤਾੜਿਆ। ਬਾਦ ਦੇ ਗੁਰੂ ਸਾਹਿਬਾਨ ਨੇ ਵੀ ਨਾਮ ਬਾਣੀ ਦੇ ਪਰਚਾਰ ਦੇ ਨਾਲ ਨਾਲ ਲੋਕਾਂ ਦੀ ਸਮਾਜੀ ਅਤੇ ਰਾਜਨੀਤਕ ਜ਼ਿੰਦਗੀ ਸੁਧਾਰਨ ਦਾ ਪੂਰਾ ਪੂਰਾ ਯਤਨ ਕੀਤਾ ਅਤੇ ਸਿੱਖਾਂ ਨੂੰ ਅਨਿਆਂ ਅਤੇ ਜ਼ੁਲਮ ਦੇ ਖਿਲਾਫ ਖੜੇ ਹੋਣ ਲਈ ਤਿਆਰ ਕੀਤਾ। ਗੁਰੂ ਹੁਣ ਧਾਰਮਿਕ ਮੁਰਸ਼ਦ ਹੀ ਨਹੀਂ ਸਮਾਜ ਸੁਧਾਰਕ ਅਤੇ ਰਾਜਨੀਤਿਕ ਨੇਤਾ ਵੀ ਸੀ ਅਤੇ ਲੋੜ ਪੈਣ ਤੇ ਸੈਨਿਕ ਕਮਾਂਡਰ ਵੀ। ਗੁਰੂ ਜੇ ਪਹਿਲਾਂ ਨਹੀਂ ਤਾਂ ਘੱਟੋ ਘੱਟ ਗੁਰੂ ਰਾਮਦਾਸ ਦੇ ਸਮੇਂ ਤੋਂ ਸੱਚਾ ਪਾਤਸ਼ਾਹ ਬਣ ਚੁੱਕਾ ਸੀ ਜਿਸ ਦਾ ਰਾਜ 22 ਸੂਬਿਆਂ (ਮੰਜੀਆਂ) ਵਿਚ ਵੰਡਿਆ ਹੋਇਆ ਸੀ। ਜਿਥੇ ਉਸਦੇ ਸੂਬੇਦਾਰ (ਮਸੰਦ) ਭੇਟਾਵਾਂ ਅਤੇ ਦਸਵੰਧ ਵਸੂਲ ਕਰਦੇ ਲੰਗਰ ਚਲਾਉਂਦੇ, ਖੂਹ ਲਵਾਉਂਦੇ ਅਤੇ ਹੋਰ ਭਲਾਈ ਦੇ ਕੰਮ ਕਰਵਾ ਕੇ ਬਾਕੀ ਬਚੀ ਰਕਮ ਬਕਾਇਆ ਗੁਰੂ ਦੇ ਖਜ਼ਾਨੇ ਗੋਲਕ ਵਿਚ ਜਮਾਂ ਕਰਦੇ। ਖੁਦ ਗੁਰੂ ਸਾਹਿਬਾਨ ਨੇ ਨਗਰ ਵਸਾਏ ਬਾਉਲੀਆਂ, ਖੂਹ ਅਤੇ ਸਰੋਵਰ ਬਣਵਾਏ, ਬੀੜਾ ਆਬਾਦ ਕਰਵਾਈਆਂ, ਕੋਹੜੀਆਂ ਲਈ ਆਸ਼ਰਮ ਖੋਲ੍ਹੇ, ਬਾਦਸ਼ਾਹ ਨੂੰ ਮਿਲਕੇ ਚੁੰਗੀ ਅਤੇ ਟੈਕਸ ਕਾਲ ਦੇ ਸਮੇਂ ਮੁਆਫ ਕਰਵਾਏ। ਗੁਰੂ ਰਾਮਦਾਸ ਦੇ ਸਮੇਂ ਅੰਮ੍ਰਿਤਸਰ ਸਿੱਖਾਂ ਦੀ ਧਾਰਮਿਕ ਅਤੇ ਸ਼ਹਿਰੀ ਰਾਜਧਾਨੀ ਬਣਿਆ, ਵਪਾਰ ਅਤੇ ਸਨਅਤ ਦੀ ਤਰੱਕੀ ਹੋਈ। ਗੁਰੂ ਅਰਜਨ ਦੇਵ ਨੇ ਆਉਣ ਵਾਲੇ ਸਮੇਂ ਲਈ ਗੁਰੂ ਗ੍ਰੰਥ ਸਾਹਿਬ ਦੀ ਰਚਨਾ ਕੀਤੀ ਅਤੇ ਹਰਿਮੰਦਰ ਵਿਚ ਉਸਦਾ ਪ੍ਰਕਾਸ਼ ਕਰਕੇ ਪਹਿਲੇ ਗੁਰਦੁਆਰੇ ਦੀ ਸਥਾਪਨਾ ਕੀਤੀ। ਸਿੱਖਾਂ ਨੂੰ ਸ਼ਸਤਰਬੱਧ ਕਰਨ ਦੀ ਕਿਰਿਆ ਗੁਰੂ ਅਰਜਨ ਦੇਵ ਦੇ ਸਮੇਂ ਸ਼ੁਰੂ ਹੋ ਗਈ ਸੀ, ਗੁਰੂ ਹਰਿਗੋਬਿੰਦ ਨੇ ਤਾਂ ਬਾਣਾ ਹੀ ਸ਼ਾਹੀ ਪਹਿਨ ਕੇ ਗੁਰੂ ਨੂੰ ਸੱਚ ਮੁੱਚ ਦਾ ਸੱਚਾ ਪਾਤਸ਼ਾਹ ਬਣਾ ਦਿੱਤਾ ਅਤੇ ਆਉਂਦੇ ਸਮੇਂ ਵਿਚ ਹੋਣ ਵਾਲੇ ਖਾਲਸਾ ਪੰਥ ਦੇ ਸਿੰਘਾਸਨ ਅਕਾਲ ਤਖਤ ਦੀ ਸਥਾਪਨਾ ਕੀਤੀ। ਭਾਵੇਂ ਉਨ੍ਹਾਂ ਦੇ ਕੀਰਤਪੁਰ ਚਲੇ ਜਾਣ ਤੋਂ ਬਾਅਦ ਕੋਈ ਗੁਰੂ ਇਸ ਤਖਤ ਤੇ ਨਾ ਬੈਠ ਸਕਿਆ, ਪਰੰਤੂ ਖਾਲਸੇ ਦੇ ਸੈਨਿਕ ਪੱਖ ਦਾ ਮੁੱਢ ਬੱਝ ਚੁੱਕਾ ਸੀ ਅਤੇ ਸੱਤਵੇਂ, ਅੱਠਵੇਂ ਅਤੇ ਨੌਵੇਂ ਗੁਰੂ ਦੇ ਕਾਲ ਵਿਚ ਭਾਵੇਂ ਸ਼ਾਂਤੀ ਹੀ ਰਹੀ, ਫਿਰ ਵੀ 2200 ਘੋੜਸਵਾਰਾਂ ਦੀ ਫੌਜ ਕਾਇਮ ਰਹੀ। ਗੁਰੂ ਪੰਥ ਨੂੰ ਆਪਣੇ ਸਿਖਰੀ ਰੂਪ ਖਾਲਸੇ ਵੱਲ ਉਹ ਨਿਰੰਤਰ ਲਿਜਾ ਰਹੇ ਸਨ। ਇਸ ਦੇ ਅਖੀਰਲੇ ਪੜਾਅ ਵੱਲ ਅਗਵਾਈ ਗੁਰੂ ਗੋਬਿੰਦ ਸਿੰਘ ਦੇ ਹਿੱਸੇ ਆਈ।

**ਆਪੇ ਗੁਰ-ਚੇਲਾ**

ਇਕ ਆਮ ਮਿਸਾਲ ਹੈ ਕਿ ਡਾਕਟਰ ਉਹੋ ਚੰਗਾ ਹੈ ਅਤੇ ਉਸਦਾ ਕੰਮ ਉਦੋਂ ਮੁਕੰਮਲ ਸਮਝਿਆ ਜਾਂਦਾ ਹੈ ਜਦੋਂ ਉਹ ਮਰੀਜ਼ ਨੂੰ ਇਸ ਕਾਬਲ ਬਣਾ ਦੇਵੇ ਕਿ ਉਸਨੂੰ ਡਾਕਟਰ ਦੀ ਹੋਰ ਲੋੜ ਨਾ ਰਹੇ ਅਤੇ ਟੀਚਰ ਉਹ ਹੀ ਸਫਲ ਹੈ ਜੋ ਸਿਖਿਆਰਥੀ ਨੂੰ ਪੜ੍ਹਾ ਲਿਖਾ ਕੇ ਇਸ ਲਾਇਕ ਕਰ ਦੇਵੇ ਕਿ ਉਹ ਬਿਨਾਂ ਟੀਚਰ ਦੀ ਸਹਾਇਤਾ ਦੇ ਅਪਨੇ ਪ੍ਰਸ਼ਨ ਹੱਲ ਕਰ ਸਕੇ। ਗੁਰਮਤਿ ਜੁਗਤਿ ਵਿਚ ਇਹੀ ਗੱਲ ਸਿਧਾਂਤ ਬਣ ਗਈ। ਗੁਰੂ ਨੇ ਸਿੱਖ ਨੂੰ ਪ੍ਰਾਪਤੀ ਤਕ ਪਹੁੰਚਾਉਣ ਦੀ ਥਾਂ ਪ੍ਰਾਪਤੀਆਂ ਕਰ ਸਕਣ ਦੇ ਯੋਗ ਬਨਾਉਣਾ ਹੈ।

ਨੌਂ ਗੁਰੂ ਸਾਹਿਬਾਨ ਨੇ ਆਪਣੇ 200 ਸਾਲ ਦੇ ਗੁਰੂ ਕਾਲ ਵਿਚ ਇਕ ਨਵੇਂ ਧਰਮ (ਮਜ਼ਬ) ਦੀ ਹੀ ਨਹੀਂ ਇਕ ਨਵੇਂ ਨਵੇਕਲੇ ਸਮਾਜ ਦੀ ਵੀ ਸਿਰਜਨਾ ਕਰ ਲਈ ਸੀ ਜਿਸਦਾ ਅਧਾਰ ਇਕੋ ਇਕ ਪਰਮ ਸਤਿ ਉੱਤੇ ਵਿਸ਼ਵਾਸ, ਨਾਮ ਸਿਮਰਨ, ਘਾਲ ਘਾਲਣ, ਮਨੁੱਖੀ ਬਰਾਬਰੀ ਅਤੇ ਭਰਾਤਰੀ ਭਾਵ, ਸੰਗਤ-ਪੰਗਤ ਵਿਚ ਮਿਲ ਬੈਠਣਾ, ਨੇਕ ਨੀਤੀ ਨਾਲ ਕਾਰ-ਵਿਹਾਰ, ਸੇਵਾ, ਦਇਆ ਆਦਿ ਵਿਵਹਾਰਕ ਮਨੁੱਖੀ ਗੁਣਾਂ ਤੇ ਰਖਿਆ ਗਿਆ ਸੀ। ਇਹਨਾਂ ਗੁਣਾਂ ਦੀ ਸਿੱਖਿਆ ਉਹਨਾਂ ਕੇਵਲ ਜ਼ਬਾਨੀ ਭਾਸ਼ਣ ਨਾਲ ਨਹੀਂ, ਆਪ ਭਰਪੂਰ ਜੀਵਨ ਜਿਉ ਕੇ ਇਹ ਜਿਊਣ-ਜਾਂਚ ਸਿੱਖਾਂ ਨੂੰ ਸਿਖਾਈ। ਪੰਥ ਨੂੰ ਉਹਨਾਂ ਨਵੇਕਲੇ ਧਰਮ-ਅਸਥਾਨ ਅਤੇ ਨਵੇਕਲੀ ਧਰਮ-ਪੁਸਤਕ ਮੁਹੱਈਆ ਕੀਤੀ ਅਤੇ ਪੰਥ ਨੂੰ ਪ੍ਰਬੰਧ ਲਈ ਦਸਵੰਧ ਪ੍ਰਣਾਲੀ ਜਾਰੀ ਕੀਤੀ, ਜਨਮ ਮਰਨ, ਵਿਆਹ-ਸ਼ਾਦੀ, ਦਿਨ ਤਿਓਹਾਰ ਮਨਾਉਣ ਲਈ ਮਰਯਾਦਾ ਬੰਨ੍ਹੀ। ਦੋ ਗੁਰੂ ਸਾਹਿਬਾਨ ਨੇ ਆਪਣੇ ਪ੍ਰਾਣਾਂ ਦੀ ਆਹੂਤੀ ਦੇ ਕੇ ਆਪਣੇ ਪੈਰੋਕਾਰਾਂ ਨੂੰ ਜ਼ੁਲਮ ਅਤੇ ਅਨਿਆਂ ਦੇ ਖਿਲਾਫ ਸ਼ਾਂਤਮਈ ਸੰਘਰਸ਼ ਦਾ ਰਾਹ ਦਸਿਆ ਅਤੇ ਗੁਰੂ ਹਰਿਗੋਬਿੰਦ ਨੇ ਹਥਿਆਰ ਚੁੱਕਣ ਦੀ ਜਾਂਚ ਵੀ ਦੱਸੀ। ਹੁਣ ਵਕਤ ਆ ਗਿਆ ਸੀ ਪਰੀਖਿਆ ਲੈਣ ਦਾ ਅਤੇ ਪਾਸ ਹੋਣ ਦੀ ਸੂਰਤ ਵਿਚ ਪੰਥ ਨੂੰ ਗੁਰੂ ਕਾਲ ਦਾ ਜਾਮਾ ਪਹਿਨਾਉਣ ਦਾ।

ਗੁਰੂ ਗੋਬਿੰਦ ਸਿੰਘ ਜੀ ਦੇ ਗੁਰੂ-ਕਾਲ ਨੂੰ ਦੋ ਹਿੱਸਿਆਂ ਵਿਚ ਵੰਡ ਸਕਦੇ ਹਾਂ - ਪਹਿਲਾ ਤਿਆਰੀ ਅਤੇ ਤਜਰਬੇ ਦਾ ਅਤੇ ਦੂਸਰਾ ਪਰੀਖਿਆ ਦਾ। ਦੋਹਾਂ ਦੌਰਾਨ ਪਹਿਲਾਂ ਵਾਂਗ ਹੀ ਗੁਰੂ ਆਪ ਕੇਂਦਰ ਬਿੰਦੂ ਬਣਿਆ ਰਿਹਾ। ਗੁਰੂ-ਗੱਦੀ

*ਮਿਲਣ ਤੋਂ ਪਹਿਲਾਂ ਹੀ ਉਹਨਾਂ ਨੇ ਆਪਣੀ ਅਪਣਾਈ ਜਾਣ ਵਾਲੀ ਸੋਧ ਸਪੱਸ਼ਟ ਕਰ ਦਿੱਤੀ ਉਹਨਾਂ ਆਪਣੇ ਗੁਰੂ ਨੂੰ ਸਲਾਹ ਦਿੱਤੀ ਕਿ ਜੇ ਕੁਰਬਾਨੀ ਦੇਣ ਦੀ ਲੋੜ ਆ ਪਈ ਤਾਂ ਕਿਉਂ ਨਾ ਉਹ ਮਹਾਨ ਕੁਰਬਾਨੀ ਗੁਰੂ ਆਪਣੇ ਸਰੀਰ ਦੀ ਦੇਵੇ। ਨੌ ਸਾਲਾਂ ਦੇ ਬਾਲ ਗੁਰੂ ਸਾਹਮਣੇ ਜਦੋਂ ਉਸਦੇ ਗੁਰੂ-ਪਿਤਾ ਦਾ ਸਰੀਰ ਨਾਲੋਂ ਵੱਖ ਕੀਤਾ ਸਿਰ ਲਿਆ ਕੇ ਸਾਹਮਣੇ ਰਖਿਆ ਗਿਆ ਤਾਂ ਉਸ ਲਿਆਉਣ ਵਾਲੇ ਨਿਮਾਣੇ ਰੰਘਰੇਟੇ ਨੂੰ ਗਲ ਨਾਲ ਲਾ ਕੇ ਆਪਣਾ ਬੇਟਾ ਬਣਾਇਆ, ਬੜੇ ਠਰ੍ਹਮੇ ਨਾਲ ਸਸਕਾਰ ਦਾ ਪ੍ਰਬੰਧ ਕੀਤਾ ਅਤੇ ਦੁਖ ਵਿਚ ਡੁਬੇ ਪਰਿਵਾਰ ਅਤੇ ਸਿੱਖਾਂ ਨੂੰ ਧਰਵਾਸ ਦਿੱਤਾ। ਅਗਲੇ ਸੱਤ ਸਾਲ ਬੜੇ ਰੁਝੇਵੇਂ ਦੇ ਸਨ। ਅਧਿਆਤਮਿਕਤਾ ਤਾਂ ਗੁਰ-ਗੱਦੀ ਸਮੇਂ ਹੀ ਨਾਨਕ-ਜੋਤ ਦੇ ਰੂਪ ਵਿਚ ਇਹਨਾਂ ਅੰਦਰ ਪਰਵੇਸ਼ ਕਰ ਗਈ ਸੀ। ਹੁਣ ਸਿੱਖਾਂ ਨੂੰ ਦੀਖਿਆ ਦੇਣ ਦੇ ਨਾਲ ਨਾਲ ਆਪਣੀ ਸਿਖਿਆ ਅਤੇ ਸ਼ਸਤਰ ਅਸਤਰ ਵਿਚ ਮਹਾਰਤ ਹਾਸਲ ਕੀਤੀ। ਹਥਿਆਰ, ਘੋੜੇ ਅਤੇ ਯੋਧਿਆਂ ਦੇ ਨਾਲ ਨਾਲ ਵਿਦਵਾਨ ਇਕੱਠੇ ਕੀਤੇ। ਸੰਤ-ਸਿਪਾਹੀ ਅਤੇ ਯੋਧੇ ਪੰਡਤ, ਕਥਾ ਕੀਰਤਨ ਅਤੇ ਕਸਰਤ-ਮੁਸ਼ੱਕਤ ਸਭ ਨਾਲੋਂ-ਨਾਲ ਚੱਲ ਰਹੇ ਸਨ। ਭਗਤੀ ਅਤੇ ਸ਼ਕਤੀ ਨੂੰ ਇਕ ਥਾਂ ਇਕੱਠਾ ਕਰਨ ਦਾ ਉੱਦਮ ਸ਼ੁਰੂ ਹੋ ਗਿਆ ਸੀ। ਸੋਲਾਂ ਸਾਲ ਦੇ ਹੋਏ ਤਾਂ ਰਣਜੀਤ ਨਗਾਰਾ, ਰਾਜ-ਸਾਜ ਦਾ ਮੰਨਿਆ ਹੋਇਆ ਚਿੰਨ੍ਹ ਤਿਆਰ ਹੋ ਗਿਆ। ਯੁੱਧ ਕੀਤੇ, ਰਚਨਾਵਾਂ ਕੀਤੀਆਂ-ਕਰਵਾਈਆਂ, ਕਿਲ੍ਹੇ ਬਣਵਾਏ ਅਤੇ ਪੰਥਕ ਪ੍ਰਕਾਸ਼ਨ ਮਾਹੌਲ ਪੈਦਾ ਕੀਤਾ। ਇੰਜ ਅਗਲੇ ਦਸ-ਪੰਦਰਾਂ ਸਾਲਾਂ ਵਿਚ ਪੰਥ ਦਾ ਮਹਿਲ ਉਸਰਦਾ ਰਿਹਾ ਅਤੇ ਫਿਰ ਦਿਨ ਆਇਆ ਪਰੀਖਿਆ ਦਾ। ਇਹ ਪ੍ਰੀਖਿਆ ਪੰਥ ਨੂੰ ਗ੍ਰੰਥ ਦੀ ਤਾਬਿਆ ਕਰਕੇ ਗੁਰੂ ਪਦਵੀ ਤੱਕ ਲੈ ਜਾਣ ਦੀ ਸੀ।*

*ਸੰਮਤ 1756 ਦੀ ਵਿਸਾਖੀ ਤੋਂ ਕੁਝ ਸਮਾਂ ਪਹਿਲਾਂ ਹੀ ਮਸੰਦਾਂ ਅਤੇ ਮਸੰਦ ਪ੍ਰਥਾ ਨੂੰ ਖਾਰਜ ਕਰ ਦਿੱਤਾ, ਕਿਉਂਕਿ ਉਸ ਵਿਚ ਕਮਜ਼ੋਰੀਆਂ ਆ ਗਈਆਂ ਸਨ। ਸੰਗਤਾਂ ਨੂੰ ਹੁਕਮਨਾਮੇ ਚਲੇ ਗਏ ਕਿ ਉਹ ਗੁਰੂ ਨਾਲ ਸਿੱਧਾ ਸੰਪਰਕ ਕਾਇਮ ਕਰਨ। ਵਿਸਾਖੀ ਲਈ ਸੱਦੇ-ਪੱਤਰ ਭੇਜ ਦਿੱਤੇ ਗਏ। ਪਰੀਖਿਆ ਦਾ ਪਰਚਾ ਸਖਤ ਸੀ ; ਸਿਰ ਮੰਗੇ ਗਏ ; ਕਈ ਘਬਰਾ ਗਏ; ਕਈ ਡੋਲ ਗਏ; ਪਰ ਪੰਜ ਨਿੱਤਰੇ; ਕਾਫੀ ਸਨ ਪੰਥ ਦੀ ਪੰਚਾਇਤ ਲਈ। ਉਹਨਾਂ ਪੰਜਾਂ ਨੂੰ ਆਪਣਾ ਰੂਪ ਬਣਾਇਆ ਅਤੇ ਪੰਜ ਪਿਆਰੇ ਕਿਹਾ। ਪੰਜ ਬਾਣੀਆਂ ਦਾ ਪਾਠ ਕਰ ਅੰਮ੍ਰਿਤ ਤਿਆਰ ਕਰਕੇ ਉਹਨਾਂ ਛਕਾਇਆ ਅਤੇ ਪੰਜ ਕਕਾਰ ਦੀ ਰਹਿਤ ਵਿਚ ਦ੍ਰਿੜ ਕੀਤਾ। ਉਨ੍ਹਾਂ ਦੀ ਪ੍ਰੀਖਿਆ ਤਾਂ ਪੂਰੀ ਹੋਈ ਪਰ ਅਜੇ ਕੌਤਕ ਪੂਰਾ ਨਹੀਂ ਸੀ ਹੋਇਆ। ਦਰਸ਼ਕ ਦੰਗ ਰਹਿ ਗਏ ਜਦੋਂ ਉਹਨਾਂ ਪੰਜਾਂ ਅੱਗੇ ਹੱਥ ਜੋੜ ਕੇ ਗੁਰੂ ਆਪ ਖੜਾ ਹੋ ਕੇ ਅੰਮ੍ਰਿਤ ਦੀ ਦਾਤ ਮੰਗਦਾ ਵੇਖਿਆ। ਗੁਰਿਆਈ ਗੁਰੂ ਵੱਲੋਂ ਪੰਥ ਹਸਤਾਂਤ੍ਰਿਤ ਹੋ ਰਹੀ ਸੀ। ਹੁਣ ਅਸਿੱਖ ਨੂੰ ਸਿੱਖ ਬਣਾਉਣ ਦੀ ਮਰਿਯਾਦਾ, ਪਾਹੁਲ ਦੇਣੀ, ਗੁਰੂ ਨਹੀਂ ਬਲਕਿ ਪੰਜ ਪਿਆਰੇ ਪੰਥ ਦਾ ਸੰਕੇਤਿਕ ਰੂਪ ਹੋਣ ਦੇ ਨਾਤੇ ਦਿਆ ਕਰਨਗੇ। ਗੁਰੂ ਚੇਲਾ ਅਤੇ ਚੇਲਾ ਗੁਰੁ; ਭਿੰਨ-ਭੇਦ ਨਾ ਰਿਹਾ। ਖਾਲਸੇ ਦਾ ਜਨਮ ਹੋਇਆ ਅਤੇ ਗੁਰੂ ਨੇ ਕਿਹਾ, ''ਖਾਲਸਾ ਮੇਰੀ ਜਾਨ' ਕੀ ਜਾਨ। ਖਾਲਸਾ ਮੇ ਰੇ ਪਿੰਡ ਪ੍ਰਾਣ। ''ਏਥੋਂ ਤੱਕ ਕਹਿ ਦਿੱਤਾ ਕਿ, ''ਇਨ ਹੀ ਕੀ ਕ੍ਰਿਪਾ ਤੇ ਸਜੇ ਹਮ ਹੈਂ ਨਹੀਂ ਮੋ ਸੋ ਗਰੀਬ ਕ੍ਰੋਰ ਪਰੇ । ਦੁਨੀਆਂ ਦੇ ਇਤਿਹਾਸ ਵਿਚ ਅਜੇ ਤੱਕ ਕਿਸੇ ਗੁਰੂ ਅਵਤਾਰ, ਧਰਮ-ਪਰਵਰਤਕ, ਨਬੀ, ਪੈਗੰਬਰ ਨੇ ਨਾ ਅਜਿਹਾ ਕਿਹਾ, ਨਾ ਕੀਤਾ। ਕਾਦਰ ਨੇ ਆਪਣੀ ਸਾਜੀ ਕੁਦਰਤ ਅੱਗੇ ਸਿਰ ਝੁਕਾਇਆ।*

***ਪਰਿਵਰਤਨ ਜੁਗਤਿ***

*ਭਾਰੀ ਤਬਦੀਲੀ ਸੀ ਇਹ। ਗੁਰਿਆਈ ਗੁਰੂ ਤੇ ਚੇਲੇ ਦੀ ਸਾਂਝ ਹੋਈ। ਪਰੰਤੂ ਗੁਰੂ ਦੀ ਮਹਾਨਤਾ ਘਟੀ ਨਹੀਂ। ਆਪਣੇ ਪੰਥ ਨਾਲ ਆਪਣੇ ਆਪ ਨੂੰ ਇਕ ਜਿਸਮ ਇਕ ਜਾਨ ਕਰਕੇ ਗੁਰੂ ਹੋਰ ਵੀ ਮਹਾਨ, ਹੋਰ ਵੀ ਵਿਸ਼ਾਲ ਹੋ ਗਿਆ। ਗੁਰੂ ਜਿਸਨੂੰ ਪਹਿਲਾਂ ਹੀ ਪਾਰਬ੍ਰਹਮ ਵੀ ਮੰਨ ਲਿਆ ਗਿਆ ਸੀ, ਉਹ ਆਪਣੀ ਰਚਨਾ ਪੰਥ ਵਿਚ ਸਮੋ ਕੇ, ਉਸ ਨਾਲ ਇਕਮਿਕ ਹੋ ਕੇ ਵੀ ਉਸ ਤੋਂ ਵੱਖਰਾ, ਉਚੇਰਾ ਜੀਵਨ ਸੰਕੇਤ ਰਿਹਾ, ਠੀਕ ਉਸੇ ਤਰ੍ਹਾਂ ਜਿਵੇਂ ਪਾਰਬ੍ਰਹਮ ਆਪਣੀ ਸ੍ਰਿਸ਼ਟੀ ਦੇ ਕਣ-ਕਣ ਵਿਚ ਸਮਾ ਕੇ ਵੀ ਉਸ ਤੋਂ ਪਰੇ, ਪਾਰ 'ਅਪਰ ਅਪਾਰ ਆਗਮਿ ਅਗੋਚਰ' ਸ੍ਵੈ-ਸੰਭੂ ਹਸਤੀ ਹੈ। ਗੁਰੂ ਪੰਥ ਦਾ ਕੇਂਦਰ-ਬਿੰਦੂ ਸੀ ਅਤੇ ਕੇਂਦਰ ਬਿੰਦੂ ਹੀ ਰਿਹਾ। ਕਿਉਂਕਿ ਪੰਜ ਪਿਆਰੇ ਜਾਂ ਸਮੁੱਚਾ ਪੰਥ ਉਸ ਦੇ ਬਣਾਏ, ਕਾਰੇ ਲਾਏ , ਸੇਵਕ ਹਨ ਜਿਨ੍ਹਾਂ ਨੂੰ ਉਹ ਜਿਵ ਤਿਤ ਭਾਵੇਂ ਤਿਵੇਂ ਚਲਾਵੈ ਜਿਵ ਹੋਵੈ ਫੁਰਮਾਣੁ। ਗੁਰੂ ਗੋਬਿੰਦ ਸਿੰਘ ਦਾ ਮਕਸਦ ਪੰਥ ਨੂੰ ਖਾਲਸੇ ਦਾ ਰੂਪ ਬਣਾ ਕੇ ਸਵੈ-ਅਵਲੰਬੀ ਕਰਨਾ ਸੀ। ਮਾਪੇ-ਰੂਪ ਗੁਰੂ ਨੇ ਆਪਣੇ ਦਸਾਂ ਜਾਮਿਆ ਵਿਚ ਜੋ ਪਾਲਣ-ਪੋਸ਼ਣ ਕਰਨਾ ਸੀ, ਕਰ ਚੁੱਕਾ ਸੀ, 'ਜੋ ਸਿੱਖਿਆ-ਦੀਖਿਆ ਦੇਣੀ ਸੀ, ਦੇ ਚੁੱਕਾ ਸੀ, ਧਰਮ-ਕਰਮ ਵਿਚ ਪ੍ਰਬੀਣ ਕਰ ਚੁੱਕਾ ਸੀ, ਏਥੋਂ ਤੀਕ ਕਿ ਆਪਣੀ ਸਾਰੀ ਸਿੱਖਿਆ ਲਿਖਿਤ ਰੂਪ ਵਿਚ ਵੀ ਅਸਲੀ ਅਗਵਾਈ ਲਈ ਦੇ ਚੁੱਕਾ ਸੀ, ਆਪਣੀ ਹਸਤੀ ਕਾਇਮ ਰੱਖਣ ਅਤੇ ਸੁਆਰਨ ਲਈ ਸਾਰੀ ਜਾਂਚ ਏਥੋਂ ਤੀਕ ਕਿ ਹਸਤੀ ਦੀ ਪਾਤਰ ਨੇਸਤੀ ਦਾ ਸਬਕ, ਜ਼ਿੰਦਗੀ ਦੀ ਪਾਤਰ, ਮੌਤ ਦਾ ਰਾਹ। ਆਪ ਦਾ ਰਾਹ, ਆਪ ਉਸ ਉਤੇ ਤੁੱਕ ਕੇ ਵਿਖਾ ਚੁੱਕਾ ਸੀ। ਹੁਣ ਵਕਤ ਆ ਗਿਆ ਸੀ ਕਿ ਗੱਭਰੂ ਪੁੱਤਰ ਮਾਪਿਆਂ ਦਾ ਗੋਡਾ ਛੱਡ ਕੇ ਆਪ ਤੁਰਨ ਦੀ ਜਾਂਚ ਸਿੱਖੇ। ਸਿੱਖ ਹੁਣ*

ਆਪਣੇ ਰਾਹ ਆਪ ਲੱਭੇ ਜਾ ਬਣਾਵੇ, ਆਪਣੇ ਮਸਲੇ ਆਪ ਹੱਲ ਕਰੇ। ਸੇਧ ਦਿੱਤੀ ਹੋਈ ਉਸ ਦੇ ਕੋਲ ਹੈ, ਉਸਨੂੰ ਸਮਝਦਾ, ਸਤਕਾਰਦਾ ਹੋਇਆ, ਗੁਰੂ-ਮਾਪਿਆਂ ਦੇ ਭਾਵੀ ਮਿਸ਼ਨ ਨੂੰ ਆਪਣੀ ਸਿੱਖ-ਮੱਤ ਜੋ ਹੁਣ ਗੁਰਮਤਿ ਨਾਲੋਂ ਵੱਖਰੀ ਨਹੀ ਸੀ ਰਹੀ, ਅਨੁਸਾਰ ਪੂਰਾ ਕਰੇ।

***ਸੰਪੰਨਤਾ***

*ਇਸ ਅੰਤਿਮ ਪੜਾਅ ਵੱਲ ਆਖਰੀ ਕਦਮ ਗੁਰੂ ਗੋਬਿੰਦ ਸਿੰਘ ਨੇ ਆਪਣੇ ਅੰਤਿਮ ਸਮੇਂ ਪੁੱਟਿਆ ਜੋ ਦੂਰ ਦੱਖਣ ਵਿਚ ਨਾਂਦੇੜ ਦੇ ਅਸਥਾਨ ਤੇ ਸਾਹਮਣੇ ਆਇਆ। ਪਰੰਪਰਾ ਅਨੁਸਾਰ ਜ਼ਰੂਰੀ ਸੀ ਕਿ ਉਹ ਆਪਣੇ ਜਿਉਂਦੇ ਜੀਅ ਆਪਣੇ ਉੱਤਰ-ਅਧਿਕਾਰੀ ਥਾਪ ਜਾਣ। ਸੋ ਜੋਤੀ ਜੋਤ ਸਮਾਉਣ ਤੋਂ ਇਕ ਦਿਨ ਪਹਿਲਾ, ਕੱਤਕ ਸੁਦੀ 4 ਸੰਮਤ 1765 (6 ਅਕਤੂਬਰ 1708) ਨੂੰ ਮਰਯਾਦਾ ਅਨੁਸਾਰ ਮੱਥਾ ਟੇਕ ਕੇ ਗੁਰਿਆਈ ਬਾਣੀ ਦੇ ਪੁੰਜ ਸ਼ਬਦ ਗੁਰੂ, ਗੁਰੂ ਗ੍ਰੰਥਿ ਸਾਹਿਬ ਨੂੰ ਸੌਂਪ ਦਿੱਤੀ ਅਤੇ 'ਸਰਬਤ ਸੰਗਤ ਕੋ ਕਹਾ ਮੇਰਾ ਹੁਕਮ ਹੈ ਮੇਰੀ ਜਗਾ ਸ੍ਰੀ ਗ੍ਰੰਥਿ ਜੀ ਕੋ ਜਾਣਨਾ।' ਤਦੋਂ ਤੋਂ ਹੀ 'ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥਿ' ਨੂੰ ਸਿੱਖ ਧਰਮ ਵਿਚ ਕੇਂਦਰੀ ਸਥਾਨ ਪ੍ਰਾਪਤ ਹੈ।*

***ਗ੍ਰੰਥ ਅਤੇ ਪੰਥ***

*ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਐਲਾਨਣ ਦਾ ਕਾਰਜ ਨਿਰਸੰਦੇਹ ਨੰਦੇੜ ਸਾਹਿਬ ਵਿਖੇ 1708 ਈਸਵੀ ਨੂੰ ਹੀ ਹੋਇਆ ਪਰੰਤੂ ਸ਼ਬਦ ਗੁਰੂ ਦੀ ਨੀਂਹ ਤਾਂ ਗੁਰੂ ਨਾਨਕ ਦੇਵ ਜੀ ਨੇ ਹੀ ਰੱਖ ਦਿੱਤੀ ਸੀ। ਇਹ ਦੇਹਧਾਰੀ ਗੁਰੂ ਦਾ ਬਦਲ ਸੀ ਅਤੇ ਬੰਦੇ ਨੂੰ ਬੰਦੇ ਦੀ ਮੁਥਾਜੀ ਤੋਂ ਸੁਤੰਤਰ ਕਰਨ ਦੀ ਜੁਗਤਿ ਸੀ। ਇਸ ਨਾਲ ਮੂਰਤੀ ਪੂਜਾ ਦਾ ਵੀ ਅੰਤ ਹੋਇਆ। ਇਕ ਮੁਕਤ ਜਨ-ਸਮੂਹ ਨੂੰ ਪੰਥ ਦੀ ਸੰਗਿਆ ਦਿੱਤੀ ਗਈ। ਪੰਥਕ ਇਮਤਿਹਾਨ 1699 ਈਸਵੀ ਵਿਚ ਹੋ ਚੁੱਕਾ ਸੀ ਅਤੇ ਉਸ ਵੇਲੇ ਤੱਕ ਗੁਰੂ ਦੇ ਸਿੱਖ ਪੰਥਕ ਰੂਪ ਵਿਚ ਗੁਰੂ ਕਰਤੱਵ ਨੂੰ ਨਿਭਾਉਣ ਦੀ ਸਮਰਥਾ ਦਾ ਪ੍ਰਗਟਾਵਾ ਕਰ ਚੁੱਕੇ ਸਨ। ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਸਿੱਖ ਚਿੰਤਨ ਵਿਚ ਗੁਰਗੱਦੀ ਨਾਨਕ-ਜੋਤਿ ਕੋਲ ਦਸਮ ਪਾਤਸ਼ਾਹ ਤਕ ਰਹੀ। ਪਰੰਤੂ ਗੁਰਗੱਦੀ ਨੂੰ ਜਨਮ ਨਾਲ ਨਹੀਂ, ਅਧਿਕਾਰੀ ਹੋਣ ਨਾਲ ਜੋੜਿਆ ਗਿਆ। ਅਧਿਕਾਰੀ ਹੋਣ ਦਾ ਸਬੂਤ ਸੰਗਤ ਪ੍ਰਵਾਨਗੀ ਨੂੰ ਮੰਨਿਆ ਗਿਆ। ਸੰਗਤ ਦੀ ਹੀ ਖਾਲਸਾ ਵਿਚ ਤਬਦੀਲੀ ਹੋਈ (ਗੁਰਸੰਗਤ ਕੀਨੀ ਖਾਲਸਾ) ਸੋ ਗੁਰਗੱਦੀ ਗ੍ਰੰਥ ਅਤੇ ਪੰਥ ਨੂੰ ਦਿੱਤੀ ਗਈ। ਗ੍ਰੰਥ ਅਤੇ ਪੰਥ ਸਮਾਨਾਂਤਰਤਾ ਵਿਚ ਨਹੀਂ ਹਨ ਅਤੇ ਇਹਨਾਂ ਦੋਹਾਂ ਨੂੰ ਇਕ ਦੂਜੇ ਦੇ ਪੂਰਕ ਪਰਵਾਨ ਕਰਦੇ ਹੋਏ, ਇੱਕੋ ਰੂਪ ਵਿਚ ਵੇਖੇ ਜਾਣ ਦੀ ਲੋੜ ਹੈ। ਇਹੀ ਗੁਰਮਤਿ ਜੁਗਤਿ ਹੈ।*

### *1.2.6 ਸਿੱਟਾ*

*ਪਾਠ ਵਿੱਚ ਸਿੱਖ ਧਰਮ ਵਿੱਚ ਪ੍ਰਾਪਤ ਗੁਰਿਆਈ ਦੀ ਪਰੰਪਰਾ ਅਤੇ ਵਿਕਾਸ ਨੂੰ ਦਰਸਾਇਆ ਗਿਆ ਹੈ। ਗੁਰੂ ਸਾਹਿਬਾਨਾਂ ਦੁਆਰਾ ਇਸ ਪਰੰਪਰਾ ਨੂੰ ਸ਼ੁਰੂ ਕਰਕੇ ਗੁਰੂ ਗ੍ਰੰਥ ਅਤੇ ਗੁਰੂ ਪੰਥ ਨੂੰ ਸਾਂਝੇ ਤੌਰ ਤੇ ਗੁਰਿਆਈ ਸੌਂਪਣਾ ਇੱਕ ਨਿਵੇਕਲਾ ਕਾਰਜ ਸੀ।*

### *1.2.7 ਅਭਿਆਸ ਲਈ ਪ੍ਰਸ਼ਨ*

*1. ਸਿੱਖ ਧਰਮ ਵਿੱਚ ਗੁਰਿਆਈ ਦੀ ਪਰੰਪਰਾ ਦੇ ਆਰੰਭ ਅਤੇ ਵਿਕਾਸ ਬਾਰੇ ਕੀ ਜਾਣਦੇ ਹੋ?*

### *1.2.8 ਸਹਾਇਕ ਪੁਸਤਕਾਂ*

*1. ਗੰਡਾ ਸਿੰਘ, ਤੇਜਾ ਸਿੰਘ, ਸਿੱਖ ਇਤਿਹਾਸ ਭਾਗ-1*

*2. ਪਰਮਿੰਦਰ ਕੌਰ, ਗੁਰੂ ਗ੍ਰੰਥ ਸਾਹਿਬ, ਸਿਧਾਂਤ ਅਤੇ ਸੰਦੇਸ਼*

ਪਾਠ ਨੰ. : 1.3

# ਸੰਗਤ

1.3.1 ਉਦੇਸ਼
1.3.2 ਭੂਮਿਕਾ
1.3.3 ਇਤਿਹਾਸਕ ਪਿਛੋਕੜ
1.3.4 ਸਿੱਖ ਧਰਮ ਵਿੱਚ ਸੰਗਤ-ਇੱਕ ਸੰਸਥਾ
1.3.5 ਗੁਰੂ ਕਾਲ ਦੌਰਨ ਸੰਸਥਾ ਦਾ ਵਿਕਾਸ
1.3.6 ਸਤਿ ਸੰਗਤ ਵਿੱਚ ਕੀਤੇ ਜਾਂਦੇ ਕਾਰਜ
1.3.7 ਸਿੱਟਾ
1.3.8 ਅਭਿਆਸ ਲਈ ਪ੍ਰਸ਼ਨ
1.3.9 ਸਹਾਇਕ ਪੁਸਤਕਾਂ

## 1.3.1 ਉਦੇਸ਼

ਇਸ ਪਾਠ ਵਿੱਚ ਵਿਦਿਆਰਥੀ ਸੰਗਤ ਦਾ ਇਤਿਹਾਸਿਕ ਪਿਛੋਕੜ ਅਤੇ ਸਿੱਖ ਧਰਮ ਵਿੱਚ ਸੰਗਤ ਬਾਬਤ ਪੜ੍ਹਨਗੇ।

## 1.3.2 ਭੂਮਿਕਾ

ਸੰਗ ਸਾਥ ਕਰਨਾ ਮਨੁੱਖੀ ਫਿਤਰਤ ਦਾ ਪਹਿਲਾ ਗੁਣ-ਹੈ। ਇਸੇ ਕਾਰਨ ਸੰਗਤ ਦੀ ਪ੍ਰੰਪਰਾ ਨੂੰ ਮਨੁੱਖ ਜਿੰਨੀ ਪੁਰਾਣੀ ਮੰਨਿਆ ਜਾਂਦਾ ਹੈ। ਜਦੋਂ ਤੋਂ ਮਨੁੱਖ ਜਾਤੀ ਹੋਂਦ ਵਿਚ ਆਈ, ਸਾਰੇ ਮਨੁੱਖ ਟੱਬਰ ਜਾਂ ਕਬੀਲੇ ਦੇ ਰੂਪ ਵਿਚ ਇਕੱਠੇ ਮਿਲ ਕੇ ਰਹਿੰਦੇ ਸਨ। ਆਦਿ ਕਾਲ ਤੋਂ ਹੀ ਮਨੁੱਖ ਕੁਦਰਤ ਦੇ ਮੁਕਾਬਲੇ ਵਿਚ ਆਪਣੀ ਹੋਂਦ ਨੂੰ ਸੁਰੱਖਿਅਤ ਕਰਨ ਲਈ ਤੇ ਆਪਣੇ ਜੀਵਨ ਪ੍ਰਵਾਹ ਦੇ ਸਾਧਨ ਇਕੱਠੇ ਕਰਨ ਲਈ ਮਿਲ ਜੁਲ ਕੇ ਬੈਠਣਾ, ਰਹਿਣਾ ਉਸ ਲਈ ਬੜਾ ਜ਼ਰੂਰੀ ਸੀ। ਇਸ ਤੋਂ ਵੀ ਪਹਿਲਾਂ ਜਦੋਂ ਮਨੁੱਖ ਨੇ ਅਜੇ ਬੋਲਣਾ ਵੀ ਨਹੀਂ ਸੀ ਸਿੱਖਿਆ ਹੋਵੇਗਾ, ਉਦੋਂ ਵੀ ਉਹ ਆਪਣੇ ਕੁਟੰਬ ਨੂੰ ਜਾਂ ਮਾਨਵਾਂ ਨੂੰ ਇਸ਼ਾਰਿਆਂ ਰਾਹੀਂ ਬੇਖ਼ੌਫ ਜਾਨਵਰਾਂ ਅਤੇ ਪਸ਼ੂਆਂ ਜਾਂ ਨੁਕਸਾਨਦਾਇਕ ਵਸਤਾਂ ਦਾ ਜਾਣਕਾਰੀ ਦਿੰਦਾ ਹੋਵੇਗਾ। ਇਸ ਤਰ੍ਹਾਂ ਸੰਗਤ ਦਾ ਅੰਸ਼ ਆਦਿ ਮਾਨਵ ਦੀ ਚੇਤਨਾ ਤੋਂ ਸਾਡੇ ਕੋਲ ਆਇਆ। ਭਾਵੇਂ ਮੁੱਢਲੇ ਸੰਗਤੀ ਅੰਸ਼ ਪਿਛੇ ਬਹੁਤੀ ਧਾਰਮਿਕ ਭਾਵਨਾ ਹੀ ਕੰਮ ਕਰਦੀ ਲਗਦੀ ਹੈ ਚਾਹੇ ਉਹ ਧਰਮ ਦੀ ਕਿੰਨੀ ਵੀ ਮੁੱਢਲੀ ਅਵਸਥਾ ਹੀ ਕਿਉਂ ਨਾ ਹੋਵੇ।

## 1.3.3 ਇਤਿਹਾਸਕ ਪਿਛੋਕੜ

ਭਾਰਤ ਵਿਚ ਆਰੰਭਕ ਸਮੇਂ ਤੋਂ ਹੀ ਸਤਿਸੰਗ ਦੇ ਤਾਤਵਿਕ ਸਰੂਪ ਤੇ ਮਹਿਮਾ ਦੇ ਅੰਸ਼ ਮਿਲਦੇ ਹਨ। ਭਾਰਤੀ ਪੁਰਾਤਨ ਸਾਹਿਤ ਵੇਦਾਂ ਅਨੁਸਾਰ ਸਾਰਾ ਬ੍ਰਹਿਮੰਡ ਉਸ ਸਤਿ ਦੀ ਖੇਡ ਹੈ। ਉਪਨਿਸ਼ਦ ਸਾਹਿਤ ਸੰਗਤ ਦੀਆਂ ਸ੍ਰੇਸ਼ਟ ਉਦਾਹਰਣਾਂ ਪੇਸ਼ ਕਰਦਾ ਹੈ। ਉਪਨਿਸ਼ਦ ਸ਼ਬਦ ਦਾ ਅਰਥ ਸ਼ਰਧਾ ਨਾਲ ਕੋਲ ਬੈਠਣਾ ਹੈ ਕਿਉਂਕਿ ਰਿਸ਼ੀ ਲੋਕ ਜੰਗਲਾਂ ਵਿਚ ਦਰਿਆਵਾਂ ਕਿਨਾਰੇ ਆਪਣੇ ਆਸ਼ਰਮਾਂ ਵਿਚ ਆਪਣੇ ਅਨੁਆਈਆਂ ਨੂੰ ਸਿੱਖਿਆ ਦਿਆ ਕਰਦੇ ਸਨ। ਇਹੀ ਕਾਰਣ ਹੈ ਕਿ ਬਹੁਤੇ ਉਪਨਿਸ਼ਦ ਸਵਾਲ ਜਵਾਬ ਵਿਚ ਲਿਖੇ ਮਿਲਦੇ ਹਨ। ਪੁਰਾਣਕ ਸਾਹਿਤ ਵੀ ਸੰਗਤ ਦੀਆਂ ਅਨੇਕਾਂ ਉਦਾਹਰਣਾਂ ਪੇਸ਼ ਕਰਦਾ ਹੈ ਸ੍ਰੀਮਦ ਭਗਵਤ ਵਿਚ ਤਾਂ ਸਤਿ ਸੰਗਤ ਦੀ ਪੂਰਣ ਵਿਆਖਿਆ ਕੀਤੀ ਗਈ ਹੈ। ਜੈਨ ਧਰਮ ਤੇ ਬੁਧ ਧਰਮ ਵਿਚ ਵੀ ਸੰਗਤ ਦੀ ਮਹਿਮਾ ਗਾਈ ਗਈ ਹੈ ਕਿਉਂਕਿ ਇਹਨਾਂ ਧਰਮਾਂ ਦਾ ਪ੍ਰਚਾਰ ਵੀ ਸੰਗਤ ਰਾਹੀਂ ਹੀ ਹੋਇਆ। ਯਹੂਦੀ ਧਰਮ, ਈਸਾਈ ਧਰਮ ਤੇ ਇਸਲਾਮ ਵਿਚ ਤਾਂ

ਪਹਿਲਾਂ ਹੀ ਇਕੱਠੇ ਮਿਲ ਬੈਠਣ ਦਾ ਉਪਦੇਸ਼ ਦਿੱਤਾ ਗਿਆ ਹੈ। ਇਸਲਾਮ ਵਿਚ ਹੱਜ ਸਮੇਂ ਇਕੱਠੇ ਹੋ ਕੇ ਨਿਮਾਜ਼ ਪੜ੍ਹਨ ਦਾ ਵਧੇਰੇ ਫਲ ਦਸਿਆ ਗਿਆ ਹੈ। ਇਸ ਤਰ੍ਹਾਂ ਸੰਗਤ ਦੀ ਸ੍ਰੇਸ਼ਟਤਾ ਨੂੰ ਸਾਰੇ ਧਰਮਾਂ ਦੇ ਮਹਾਂ ਪੁਰਸ਼ਾਂ ਨੇ ਸਵੀਕਾਰ ਕੀਤਾ ਹੈ। ਅੱਜ ਮਨੋਵਿਗਿਆਨੀ ਵੀ ਇਹ ਸਵੀਕਾਰ ਕਰਦੇ ਹਨ ਕਿ ਮਨੁੱਖ ਦੇ ਮਨ ਵਿਚ ਸਦਾ ਚਾਉ ਬਣਿਆ ਰਹਿੰਦਾ ਹੈ ਕਿ ਨਾ ਕੇਵਲ ਮੈਂ ਭਾਈਚਾਰੇ ਵਿਚ ਰਹਾਂ ਸਗੋਂ ਭਾਈਚਾਰੇ ਦਾ ਅੰਗ ਬਣਾਂ।

### 1.3.4 ਸਿੱਖ ਧਰਮ ਵਿੱਚ ਸੰਗਤ-ਇੱਕ ਸੰਸਥਾ

ਭਾਵੇਂ ਉਪਰੋਕਤ ਧਰਮਾਂ ਵਿਚ ਸੰਗਤ ਦੇ ਚਿੰਨ੍ਹ ਵਿਖਾਈ ਦਿੰਦੇ ਹਨ ਪਰ ਸਿਖ ਧਰਮ ਨੇ ਜੋ ਸਤਿ ਸੰਗਤ ਦਾ ਖਿਆਲ ਦਿੱਤਾ ਉਹ ਭਾਰਤੀ ਪ੍ਰੰਪਰਾ ਤੋਂ ਬਿਲਕੁਲ ਵੱਖਰਾ ਹੈ ਤੇ ਨਵੀਨ ਹੈ। ਕਿਉਂਕਿ ਭਾਰਤ ਵਿਚ ਪ੍ਰਾਚੀਨ ਸਮਿਆਂ ਤੋਂ ਹੀ ਵਿਅਕਤੀਗਤ ਰੂਪ ਵਿਚ ਆਚਰਣ ਉਸਾਰੀ ਤੇ ਬੜਾ ਜ਼ੋਰ ਦਿੱਤਾ ਗਿਆ ਹੈ। ਰਿਸ਼ੀ ਮੁਨੀ ਜੰਗਲਾਂ ਵਿਚ ਜਾ ਕੇ ਤਪ ਕਰਦੇ ਸਨ। ਆਮ ਲੋਕ ਵੀ ਆਪਣੀ ਜ਼ਿੰਦਗੀ ਦੇ ਆਖਰੀ ਸਮੇਂ ਸੰਨਿਆਸ ਧਾਰਨ ਕਰ ਲੈਂਦੇ ਹਨ। ਬੋਧੀ ਭਿਖਸ਼ੂ ਮੱਠਾਂ ਵਿਚ ਮਨ ਇਕਾਗਰ ਕਰਨ ਦਾ ਯਤਨ ਕਰਦੇ ਸਨ। ਸਿੱਧ ਤੇ ਜੋਗੀ ਪਰਬਤਾਂ ਦੀਆਂ ਚੋਟੀਆਂ ਤੇ ਰਿਧੀਆਂ ਸਿਧੀਆਂ ਪ੍ਰਾਪਤ ਕਰਨ ਵਿਚ ਲਗੇ ਰਹਿੰਦੇ ਸਨ।

ਸ੍ਰੀ ਗੁਰੂ ਨਾਨਕ ਦੇਵ ਜੀ ਆਗਮਨ ਤੋਂ ਪਹਿਲਾਂ ਭਾਵੇਂ ਸੰਗਤ ਦੀ ਪ੍ਰੰਪਰਾ ਮੌਜੂਦ ਸੀ ਪਰ ਇਸ ਸੰਗਤ ਵਿਚ ਪੱਖਪਾਤ, ਜਾਤਪਾਤ ਤੇ ਛੂਤਛਾਤ ਆਦਿ ਦੇ ਆਧਾਰ ਤੇ ਵੱਖਰੇਵੇ ਸਨ। ਕਿਉਂਕਿ ਗੁਰੂ ਜੀ ਉਦਾਸੀਆਂ ਦੌਰਾਨ ਸਾਰੇ ਹਿੰਦੁਸਤਾਨ ਦਾ ਚੱਕਰ ਲਾ ਚੁਕੇ ਸਨ ਇਸ ਲਈ ਗੁਰੂ ਜੀ ਨੇ ਅਜਿਹੀ ਸੰਗਤ ਪ੍ਰਣਾਲੀ ਚਾਲੂ ਕੀਤੀ ਜਿਸ ਵਿਚ ਕੋਈ ਵੱਡਾ ਛੋਟਾ ਨਹੀਂ, ਕੋਈ ਊਚ ਨਹੀਂ, ਕੋਈ ਜਾਤ ਮਜ੍ਹਬ ਦਾ ਵਿਤਕਰਾ ਨਹੀਂ। ਗੁਰੂ ਘਰ ਵਿਚ ਸਭ ਬਰਾਬਰ ਹਨ। ਗੁਰੂ ਜੀ ਨੇ ਇਕਲਿਆਂ ਇਕਾਂਤ ਵਿਚ ਵਿਚਰਨ ਦੀ ਥਾਂ ਸਤਿਸੰਗਤ ਅਤੇ ਸੰਨਿਆਸ ਦੀ ਥਾਂ ਗ੍ਰਹਿਸਤ ਮਾਰਗ ਨੂੰ ਪ੍ਰਧਾਨਤਾ ਦਿੱਤੀ ਹੈ। ਉਦਾਸੀਆਂ ਦੌਰਾਨ ਵੀ ਜਦੋਂ ਗੁਰੂ ਜੀ ਜਿਥੇ ਰਾਤੀ ਟਿਕਾਣਾ ਕਰਦੇ ਉਥੇ ਹੀ ਸਤਿ-ਸੰਗ ਹੁੰਦਾ ਤੇ ਆਈ ਸੰਗਤ ਨੂੰ ਇਕ ਪਰਮਾਤਮਾ ਨਾਲ ਜੁੜਨ ਦਾ ਉਪਦੇਸ਼ ਹੁੰਦਾ ਸੀ ਕਿ ਉਹ ਸਤਿ ਸੰਗਤ ਕਰਿਆ ਕਰਨ। ਇਸ ਤਰ੍ਹਾਂ ਇਹ ਪਰੰਪਰਾ ਗੁਰੂ ਜੀ ਤੋਂ ਪਿਛੋਂ ਵੀ ਜਾਰੀ ਰਹਿੰਦੀ। ਗੁਰਸਿੱਖਾਂ ਦੇ ਘਰ ਸੰਗਤ ਲਈ ਖਿਚ ਦਾ ਕਾਰਨ ਬਣੇ, ਜਿਥੇ ਸਭ ਲਈ ਇਕੋ ਜਿਹਾ ਉਪਦੇਸ਼ ਹੁੰਦਾ ਸੀ। ਸਾਰੇ ਇਕੱਠੇ ਬੈਠ ਕੇ ਗੁਰੂ ਜਸ ਸੁਣਦੇ ਤੇ ਪਿਛੋਂ ਇਕ ਪੰਗਤ ਵਿਚ ਬੈਠ ਕੇ ਅੰਨ ਪਾਣੀ ਛਕਦੇ। ਸਵੇਰੇ ਸ਼ਾਮ ਸੰਗਤਾਂ ਇਕੱਠੀਆਂ ਹੋ ਕੇ ਹਰਿਜਸ ਗ੍ਰਹਿਣ ਕਰਦੀਆਂ। ਜਿਸ ਦੀ ਸਾਖੀ ਭਾਈ ਗੁਰਦਾਸ ਇਸ ਤਰ੍ਹਾਂ ਭਰਦੇ ਹਨ।

*ਘਰਿ ਘਰਿ ਅੰਦਰਿ ਧਰਮਸਾਲ, ਹੋਵੈ ਕੀਰਤਨੁ ਸਦਾ ਵਿਸੋਆ।*

*(ਭਾਈ ਗੁਰਦਾਸ ਵਾਰ ਪਹਿਲੀ)*

ਉਦਾਸੀਆ ਦੌਰਾਨ ਵੀ ਗੁਰੂ ਜੀ ਜਦੋਂ ਕਿਸੇ ਸਥਾਨ ਤੇ ਜਾਂਦੇ ਤਾਂ ਉਹ ਉਥੋਂ ਦੇ ਧਾਰਮਿਕ ਆਗੂਆਂ ਨਾਲ ਵਿਚਾਰ ਵਟਾਂਦਰਾ ਕਰਦੇ ਤੇ ਆਪਣੇ ਵਿਚਾਰਾਂ ਤੋਂ ਉਥੋਂ ਦੀ ਸੰਗਤ ਨੂੰ ਜਾਣੂ ਕਰਵਾਉਂਦੇ। ਸਿਧਾਂ ਨਾਲ ਗੋਸਟਿ ਸਮੇਂ ਜਦੋਂ ਸਿਧ ਗੁਰੂ ਜੀ ਨੂੰ ਪੁਛਦੇ ਹਨ ਕਿ ਤੁਹਾਡੇ ਕੋਲ ਅਜਿਹੀ ਕਿਹੜੀ ਸ਼ਕਤੀ ਹੈ ਜੋ ਤੁਹਾਨੂੰ ਇੱਥੇ ਲਿਆਈ ਹੈ ਤਾਂ ਗੁਰੂ ਜੀ ਉੱਤਰ ਦਿੰਦੇ ਹਨ :

*ਗੁਰਬਾਣੀ ਸੰਗਤਿ ਬਿਨਾ ਦੂਜੀ ਓਟ ਨਹੀਂ ਹੈ ਰਾਈ।*

*(ਭਾਈ ਗੁਰਦਾਸ ਵਾਰ ਪਹਿਲੀ)*

ਪੁਰਾਤਨ ਜਨਮ ਸਾਖੀ ਦੇ ਕਰਤਾ ਅਨੁਸਾਰ ਜਦੋਂ ਗੁਰੂ ਜੀ ਸੁਲਤਾਨਪੁਰ ਵਿਚ ਰਹਿੰਦੇ ਸਨ ਤਾਂ ਉਹਨਾਂ ਦਾ ਨਿਤਨੇਮ ਇਸ ਪ੍ਰਕਾਰ ਦਾ ਸੀ :

*ਜੋ ਕਿਛ ਜੋਗੁ ਅਲੂਫਾ ਮਿਲੈ ਸੋ ਖਾਵੈ, ਸੋ ਰਹਿੰਦਾ ਪ੍ਰਮੇਸ਼ਰ ਦੇ ਅਰਥ ਦੇਇ*
*ਅਤੇ ਰਾਤ ਨੂੰ ਕੀਰਤਨ ਨਿਤਾ ਪ੍ਰਤੀ ਹੋਵੈ।*

*(ਪੁਰਾਤਨ ਜਨਮ ਸਾਖੀ ਪੰਨਾ 16)*

ਇਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਦੇ ਸਮੇਂ ਹੀ ਗੁਰਸਿੱਖਾਂ ਦੇ ਘਰ ਸਤਿਸੰਗ ਕੇਂਦਰਾਂ ਦਾ ਰੂਪ ਧਾਰਨ ਕਰ ਚੁੱਕੇ ਸਨ। ਉਸ ਸਮੇਂ ਸਥਾਪਿਤ ਹੋਏ ਕਈ ਸਤਿਸੰਗ ਕੇਂਦਰਾਂ ਦਾ ਪਤਾ ਲਗਦਾ ਹੈ। ਜਿਵੇਂ ਭਾਈ ਲਾਲੋ ਦੇ ਜ਼ਿੰਮੇ

ਦੱਖਣੀ ਹਿੱਸੇ ਦੀ ਪੰਗਤ ਵਿਚ ਗੁਰੂ ਸਿੱਧਾਂਤਾਂ ਨੂੰ ਪ੍ਰਚਾਰਨਾ ਸੀ। ਗੋਪਾਲ ਦਾਸ ਬਨਾਰਸ ਦੇ ਇਲਾਕੇ ਦੀ ਸੰਗਤ ਦੀ ਪ੍ਰਤਿਨਿਧਤਾ ਕਰਦੇ ਸਨ। ਪਟਨਾ ਵਿਚ ਸਾਲਸ ਰਾਏ, ਸੰਗਲਾਦੀਪ ਵਿਖੇ ਸ਼ਿਵਨਾਭ ਗੁਰੂ ਸਿਧਾਂਤਾਂ ਦੇ ਪ੍ਰਚਾਰਕ ਸਨ। ਅਜਿਹੇ ਹੋਰ ਕਈ ਪ੍ਰਚਾਰ ਕੇਂਦਰਾਂ ਦਾ ਪਤਾ ਲਗਦਾ ਹੈ। ਗੁਰੂ ਜੀ ਨੇ ਆਪਣੀ ਜ਼ਿੰਦਗੀ ਦੇ ਆਖਰੀ ਸਾਲਾਂ ਵਿਚ ਜਦੋਂ ਕਰਤਾਰਪੁਰ ਵਿਖੇ ਟਿਕਾਣਾ ਕੀਤਾ ਤਾਂ ਬਾਹਰੋਂ ਦੂਰੋਂ ਦੂਰੋਂ ਸੰਗਤ ਗੁਰੂ ਦਰਸ਼ਨਾਂ ਨੂੰ ਆਉਂਦੀ ਹੈ। ਗੁਰੂ ਜੀ ਸੰਗਤ ਨੂੰ ਜਿਥੇ ਇਕ ਪ੍ਰਮਾਤਮਾ ਨਾਲ ਜੁੜਨ ਦਾ ਉਪਦੇਸ਼ ਦਿੰਦੇ ਤਾਂ ਸੰਗਤ ਨੂੰ ਰੋਜ਼ ਨਿਤਨੇਮ ਕਰਨ ਸੱਚੀ ਕਿਰਤ ਸੱਚੀ ਕਿਰਤ ਤੇ ਵੰਡ ਕੇ ਛੱਕਣ ਦੇ ਸਿਧਾਂਤ ਵੀ ਦ੍ਰਿੜ੍ਹ ਕਰਵਾਉਂਦੇ। ਭਾਈ ਗੁਰਦਾਸ ਵੀ ਇਸ ਗੱਲ ਦੀ ਹਾਮੀ ਭਰਦੇ ਹਨ :

*ਸੋਦਰੁ ਆਰਤੀ ਗਾਵੀਐ, ਅੰਮ੍ਰਿਤ ਵੇਲੇ ਜਾਪੁ ਉਚਾਰਾ॥*

*(ਵਾਰ ਪਹਿਲੀ ਪਉੜੀ 38)*

ਇਹ ਗੁਰੂ ਜੀ ਦੀ ਸੰਗਤ ਦਾ ਹੀ ਪ੍ਰਭਾਵ ਸੀ ਜਿਸ ਨੇ ਠੱਗਾਂ ਨੂੰ ਸੱਜਣ ਬਣਾ ਦਿੱਤਾ। ਗੁਰੂ ਜੀ ਦੀ ਇਕ ਮਿਲਣੀ ਤੋਂ ਬਾਦ ਹੀ ਉਸ ਨੇ ਆਪਣਾ ਘਰ ਲੋਕਾਂ ਨੂੰ ਮਾਰਨ ਦੀ ਥਾਂ ਗੁਰੂ ਉਪਦੇਸ਼ਾਂ ਦੀ ਧਰਮਸ਼ਾਲਾ ਬਣਾ ਦਿੱਤੀ। ਜਾਦੂਗਰਨੀ ਨੂਰਸ਼ਾਹ ਤੇ ਭੂਮੀਏ ਡਾਕੂ ਨੂੰ ਬਦਲਣਾ ਗੁਰੂ ਜੀ ਦੀ ਸੱਚੀ ਸੰਗਤ ਦਾ ਕਮਾਲ ਸੀ ਜਿਸ ਨੇ ਅਜਿਹੇ ਪਾਪੀ ਲੋਕਾਂ ਦੇ ਜੀਵਨ ਵਿਚ ਅਜਿਹਾ ਪਰਿਵਰਤਨ ਲਿਆਂਦਾ ਕਿ ਉਹ ਗੁਰੂ ਵਾਲੇ ਬਣ ਗਏ।

### 1.3.5 ਗੁਰੂ ਕਾਲ ਦੌਰਨ ਸੰਸਥਾ ਦਾ ਵਿਕਾਸ

ਗੁਰੂ ਨਾਨਕ ਦੇਵ ਜੀ ਤੋਂ ਬਾਅਦ ਗੁਰੂ ਅੰਗਦ ਦੇਵ ਜੀ ਨੇ ਖਡੂਰ ਸਾਹਿਬ ਨਿਵਾਸ ਕੀਤਾ। ਪਰ ਸੰਗਤ ਦੀ ਮਰਿਆਦਾ ਉਹ ਹੀ ਕਾਇਮ ਰੱਖੀ ਜਿਹੜੀ ਕਿ ਗੁਰੂ ਨਾਨਕ ਦੇਵ ਜੀ ਨੇ ਚਲਾਈ। ਸੱਤਾ ਤੇ ਬਲਵੰਡ ਸੰਗਤ ਵਿਚ ਗੁਰੂ ਜਸ ਦਾ ਕੀਰਤਨ ਕਰਦੈ :

*ਬਲਵੰਡ ਰਬਾਬੀ ਤੁਮ ਸੰਗ ਜਾਵੈ,*
*ਸਮੇਂ ਸਮੇਂ ਹਰਿ ਕੀਰਤਨ ਗਾਵੈ।*

*(ਸਰੂਪ ਦਾਸ ਭੱਲਾ, ਮਹਿਮਾ ਪ੍ਰਕਾਸ਼ ਛੰਦ 165)*

ਭਾਈ ਵੀਰ ਸਿੰਘ ਅਨੁਸਾਰ ਵੀ ਸੱਤਾ ਤੇ ਬਲਵੰਡ ਰਬਾਬੀ ਸਵੇਰੇ ਸ਼ਾਮ ਕੀਰਤਨ ਕਰਦੇ ਸਨ।

ਐਉਂ ਸੱਤੇ ਬਲਵੰਡ ਦੀ ਚੌਂਕੀ ਖਡੂਰ ਵਿਖੇ ਗੁਰੂ ਜੀ (ਗੁਰੂ ਅੰਗਦ ਦੇਵ) ਦੇ ਹਜੂਰ ਆਰੰਭ ਹੋਈ ਜਿਹਨਾਂ ਦੀ ਉਲਾਦ ਹੁਣ ਤਾਈਂ ਖਡੂਰੀਏ ਰਬਾਬੀ ਕਹਾਉਂਦੀ ਹੈ।"

(ਅਸ਼ਟ ਗੁਰੂ ਚਮਤਕਾਰ ਪੰਨਾ 251)

ਸੱਤਾ ਤੇ ਬਲਵੰਡ ਗੁਰੂ ਕੀਰਤਨੀਆਂ ਨੇ ਗੁਰੂ ਦਰਬਾਰ ਵਿਚ ਸੰਗਤ ਦੀ ਮਹਿਮਾ ਦਾ ਰਾਮਕਲੀ ਦੀ ਵਾਰ ਵਿਚ ਇਉਂ ਜ਼ਿਕਰ ਕੀਤਾ ਹੈ :

*ਗੁਰੂ ਅੰਗਦ ਦੀ ਦੋਹੀ ਫਿਰੀ, ਸਚੁ ਕਰਤੈ ਬੰਧਿ ਬਹਾਲੀ।*
*ਨਾਨਕ ਕਾਇਆ ਪਲਟੁ ਕਰਿ ਮਲਿ ਤਖਤ ਬੈਠਾ ਸੈ ਡਾਲੀ।*
*ਦਰੁ ਸੇਵੇ ਉਮਤਿ ਖੜੀ ਮੁਸਕਲੈ ਹੋਇ ਜੰਗਾਲੀ।*
*ਲੰਗਰ ਦਉਲਤਿ ਵੰਡੀਐ ਰਸੁ ਅੰਮ੍ਰਿਤ ਖੀਰ ਘਿਆਲੀ।*

*(ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 967)*

ਗੁਰੂ ਅਮਰਦਾਸ ਜੀ ਦੇ ਸਮੇਂ ਤਕ ਸੰਗਤ ਵਿਚ ਵਾਧਾ ਹੋ ਚੁੱਕਾ ਸੀ। ਗੁਰੂ ਜੀ ਨੇ ਗੋਇੰਦਵਾਲ ਆਬਾਦ ਕਰਕੇ ਸਤਿ ਸੰਗਤ ਦਾ ਨਵਾਂ ਕੇਂਦਰ ਸਥਾਪਿਤ ਕੀਤਾ। ਗੁਰੂ ਜੀ ਨੇ ਸੰਗਤ ਦੇ ਪ੍ਰਬੰਧ ਨੂੰ ਸੁਚਾਰੂ ਰੂਪ ਵਿਚ ਚਲਾਉਣ ਲਈ ਸੰਗਤ ਨੂੰ 22 ਮੰਜੀਆਂ ਵਿਚ ਵੰਡ ਦਿੱਤਾ ਅਤੇ ਹਰ ਮੰਜੀ ਦੇ ਮੁੱਖੀ ਸਿੱਖ ਨੂੰ ਮੰਜੀਦਾਰ ਨਿਯੁਕਤ ਕੀਤਾ ਜਿਸ ਦਾ ਕੰਮ ਗੁਰੂਆਂ ਦੀਆਂ ਸਿਖਿਆਵਾਂ ਦਾ ਪ੍ਰਚਾਰ ਕਰਨਾਂ ਤੇ ਸਥਾਨਕ ਸੰਗਤ ਨੂੰ ਗੁਰੂ ਨਾਲ ਜੋੜੀ ਰੱਖਣਾ ਸੀ। ਇਸ ਦੇ ਫਲਸਰੂਪ ਜਿਥੇ ਸਿੱਖ ਧਰਮ ਦੇ ਪ੍ਰਚਾਰ ਖੇਤਰ ਵਿਚ ਬਹੁਤ ਵਾਧਾ ਹੋਇਆ, ਉਥੇ ਥਾਂ ਥਾਂ ਸਿੱਖ

ਸੰਗਤਾਂ ਵੀ ਕਾਇਮ ਹੋ ਗਈਆਂ। ਗੁਰੂ ਜੀ ਦਾ ਫੁਰਮਾਨ ਸੀ, "ਪਹਿਲੇ ਪੰਗਤ ਪਾਛੈ ਸੰਗਤ" ਅਰਥਾਤ ਗੁਰੂ ਦਰਸ਼ਨਾਂ ਨੂੰ ਆਏ ਸਿੱਖਾਂ ਨੂੰ ਪਹਿਲਾਂ ਲੰਗਰ ਛਕਾਇਆ ਜਾਵੇ ਫਿਰ ਗੁਰੂ ਦਰਸ਼ਨਾਂ ਲਈ ਸੰਗਤ ਵਿਚ ਭੇਜਿਆ ਜਾਵੇ। ਗਿਆਨੀ ਗਿਆਨ ਸਿੰਘ ਗੁਰੂ ਅਮਰਦਾਸ ਜੀ ਦੇ ਦਰਬਾਰ ਦਾ ਵਰਨਣ ਇਸ ਤਰ੍ਹਾਂ ਕਰਦੇ ਹਨ :

> ਗੁਰੂ ਅਮਰਦਾਸ ਜੀ ਨਿੱਤ ਅੰਮ੍ਰਿਤ ਵੇਲੇ ਡੇਢ ਪਹਿਰ ਦਾ ਤੜਕੇ ਜਾਗਦੇ। ਸਾਧ ਸੰਗਤ ਨੂੰ ਭੀ ਉਸ ਵੇਲੇ ਜਗਾ ਕਰਕੇ ਇਸ਼ਨਾਨ ਤੇ ਨਾਮ ਜਪਣ ਦਾ ਹੁਕਮ ਦੇ ਰਖਿਆ ਸੀ ਪਹੁ ਫੁਟੀ ਤੋਂ ਸਫੈਦ ਪੁਸ਼ਾਕਾਂ ਪਹਿਨ ਕੇ ਸਿੰਘਾਸਨ ਉੱਤੇ ਜਾ ਬੈਠਦੇ। ਭਾਈ ਸਾਦੂ ਬਾਦੂ ਕੀਰਤਨ ਕਰਦੇ ਤੇ ਗੁਰੂ ਜੀ ਸਿੱਖਾਂ ਨੂੰ ਉਪਦੇਸ਼ ਦੇ ਕੇ ਨਿਹਾਲ ਕਰਦੇ।

(ਗਿਆਨੀ ਗਿਆਨ ਸਿੰਘ, ਤਵਾਰੀਖ ਗੁਰੂ ਖਾਲਸਾ : ਪੰਨਾ 317)

ਗੁਰੂ ਰਾਮ ਦਾਸ ਜੀ ਨੇ ਇਹ ਮਹਿਸੂਸ ਕੀਤਾ ਕਿ ਚੱਕ ਰਾਮਦਾਸ ਅਜਿਹਾ ਧਾਰਮਿਕ ਕੇਂਦਰ ਬਣਾਇਆ ਜਾਵੇ ਜਿਸ ਨਾਲ ਸੰਗਤ ਦੀਆਂ ਹਰ ਕਿਸਮ ਦੀਆਂ ਲੋੜਾਂ ਪੂਰੀਆਂ ਹੋਣ। ਅੰਮ੍ਰਿਤਸਰ ਨਗਰ ਦੀ ਸਥਾਪਨਾ ਤੇ ਭਾਈ ਗੁਰਦਾਸ ਜੀ ਦੀ ਮਦਦ ਨਾਲ ਵੱਖ-ਵੱਖ ਜਾਤਾਂ ਦੇ ਲੋਕਾਂ ਦਾ ਉਥੇ ਵਸਾਉਣਾ ਸਰੋਵਰ ਤੇ ਹਰਿਮੰਦਰ ਦੀ ਉਸਾਰੀ ਨੇ ਸਿੱਖ ਸੰਗਤ ਦੀ ਹਰ ਲੋੜ ਨੂੰ ਪੂਰਾ ਕਰ ਦਿੱਤਾ। ਗੁਰੂ ਰਾਮਦਾਸ ਜੀ ਦੇ ਸਮੇਂ ਅੰਮ੍ਰਿਤਸਰ ਰਹਿੰਦੀ ਸੰਗਤ ਦੀ ਮਰਿਆਦਾ ਦਾ ਵਰਨਣ ਤਵਾਰੀਖ ਗੁਰੂ ਖਾਲਸਾ ਦਾ ਕਰਤਾ ਇਸ ਤਰ੍ਹਾਂ ਕਰਦਾ ਹੈ :

> ਇਹ ਗੁਰ ਭੀ ਪਿਛਲੇ ਗੁਰੂ ਸਾਹਿਬਾਨ ਵਾਂਗ ਨਿੱਤ ਸਵਾ ਪਹਿਰ ਦਾ ਤੜਕੇ ਸੋਚ ਇਸ਼ਨਾਨ ਕਰ ਆਤਮਾ ਪਰਮਾਤਮਾ ਦੇ ਸਰੂਪ ਵਿਚ ਮਨ ਨੂੰ ਜੋੜ ਕੇ ਤਾੜੀ ਲਾ ਬੈਠਦੇ। ਪੋਹ ਫੁਟੀ ਤੋਂ ਸਭ ਸੰਗਤ ਵਿਚ ਆ ਕਰ ਆਸਾ ਦੀ ਵਾਰ ਦਾ ਕੀਤਰਨ ਸੁਣਦੇ ਜੋ ਸੱਤਾ ਤੇ ਬਲਵੰਡ ਕਰਦੇ।

(ਗਿਆਨੀ ਗਿਆਨ ਸਿੰਘ ਤਵਾਰੀਖ ਗੁਰੂ ਖਾਲਸਾ ਪੰਨਾ 346)

ਗੁਰੂ ਅਮਰਦਾਸ ਜੀ ਸਿੱਖਾਂ ਨੂੰ ਸੰਗਤ ਵਿਚ ਆ ਕੇ ਗੁਰਬਾਣੀ ਗਾਉਣ ਦਾ ਆਦੇਸ਼ ਆਪਣੀ ਬਾਣੀ ਵਿਚ ਦਿੰਦੇ ਹਨ :

*ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ।*
*ਬਾਣੀ ਤ ਗਾਵਹੁ ਗੁਰੂ ਕੇਰੀ ਬਾਣੀਆਂ ਸਿਰਿ ਬਾਣੀ।*

*(ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 920)*

ਸੰਗਤ ਦੇ ਵਿਕਾਸ ਵਿਚ ਗੁਰੂ ਅਰਜਨ ਦੇਵ ਜੀ ਨੇ ਬੜਾ ਮਹੱਤਪੂਰਨ ਹਿੱਸਾ ਪਾਇਆ ਸੀ। ਗੁਰੂ ਜੀ ਦੁਆਰਾ ਸ਼ੁਰੂ ਕੀਤੇ ਹੋਏ ਕੰਮ ਸਰੋਵਰ ਤੇ ਹਰਿਮੰਦਰ ਦੀ ਉਸਾਰੀ ਆਦਿ ਲਈ ਧਨ ਦੀ ਲੋੜ ਸੀ। ਲੰਗਰ ਨਿਯਮਬਧ ਚਲਾਉਣ ਲਈ ਗੁਰੂ ਜੀ ਨੇ ਆਪਣੇ ਸਿੱਖਾਂ ਲਈ ਕਮਾਈ ਵਿਚੋਂ ਦਸਵੰਧ ਗੁਰੂ ਦੇ ਖਜਾਨੇ ਵਿਚ ਜਮ੍ਹਾਂ ਕਰਵਾਉਣ ਲਈ ਕਿਹਾ। ਇਸ ਨਾਲ ਜਿਥੇ ਸੰਗਤਾਂ ਦਾ ਗੁਰੂ ਘਰ ਪ੍ਰਤਿ ਉਤਸ਼ਾਹ ਵਧਿਆ, ਉਥੇ ਗੁਰੂ ਘਰ ਵਿਚ ਇਕ ਨਿਸ਼ਚਿਤ ਆਮਦਨ ਹੋਣ ਲੱਗੀ। ਇਸ ਨਾਲ ਜਿਥੇ ਉਸਾਰੀ ਦੇ ਕੰਮ ਸਿਰੇ ਚੜ੍ਹੇ ਉਥੇ ਸੰਗਤ ਤੇ ਪੰਗਤ ਦੇ ਕੰਮ ਵਿਚ ਵਿਸ਼ੇਸ਼ ਵਾਧਾ ਹੋਇਆ। ਗੁਰੂ ਅਰਜਨ ਦੇਵ ਜੀ ਸ੍ਰੀ ਆਦਿ ਗ੍ਰੰਥ ਸਾਹਿਬ ਦਾ ਸੰਪਾਦਨ ਕਰਕੇ ਮਹਾਨ ਕਾਰਜ ਕੀਤਾ। ਪਹਿਲੀ ਵਾਰ ਨੀਚ ਜਾਤੀ ਦੇ ਭਗਤਾਂ ਦੀ ਬਾਣੀ ਨੂੰ ਇਸ ਗ੍ਰੰਥ ਸਾਹਿਬ ਦਾ ਸਤਿਕਾਰ ਕਰਨ ਦਾ ਉਪਦੇਸ਼ ਦਿੱਤਾ। ਗੁਰੂ ਅਰਜਨ ਦੇਵ ਜੀ ਨੇ ਇਸ ਤੋਂ ਇਲਾਵਾ ਤਰਨਤਾਰਨ, ਕਰਤਾਰਪੁਰ ਆਦਿ ਵਿਖੇ ਸੰਗਤਾਂ ਕਾਇਮ ਕੀਤੀਆਂ। ਗੁਰੂ ਜੀ ਦੀ ਬਹੁਤ ਵੱਡੀ ਦੇਣ ਸੰਗਤ ਨੂੰ ਘਰਾਣਿਆਂ ਵਿਚੋਂ ਕੱਢ ਕੇ ਆਮ ਸਿੱਖਾਂ ਨੂੰ ਕੀਰਤਨ ਕਰਨ ਦੀ ਪਿਰਤ ਪਾਈ। ਨਵੇਂ ਸਤਿ ਸੰਗਤ ਕੇਂਦਰ ਸਥਾਪਤ ਹੋਣ ਨਾਲ ਸਿੱਖੀ ਦਾ ਘੇਰਾ ਵਿਸ਼ਾਲ ਹੋਇਆ। ਗੁਰੂ ਜੀ ਦੀ ਸ਼ਹਾਦਤ ਨੇ ਸਤਿ ਸੰਗਤੀਆਂ ਨੂੰ ਸੰਤ ਸਿਪਾਹੀ ਬਣਨ ਦੀ ਪ੍ਰੇਰਨਾ ਦਿੱਤੀ। ਗੁਰੂ ਜੀ ਦੇ ਹੇਠ ਲਿਖੇ ਵਾਕ ਸੰਗਤ ਤੇ ਕੀਰਤਨ ਦੀ ਮਹਾਨਤਾ ਦਰਸਾਉਂਦੇ ਹਨ :

*ਗੁਰਦੁਆਰੇ ਹਰਿ ਕੀਰਤਨ ਸੁਣੀਐ।*
*ਸਤਿਗੁਰੂ ਭੇਟਿ ਹਰਿ ਜਸੁ ਮੁਖਿ ਭਣੀਐ।*

*(ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 1075)*

ਭਾਈ ਸੰਤੋਖ ਸਿੰਘ ਗੁਰੂ ਦਰਬਾਰ ਦੀ ਮਹਿਮਾ ਦਾ ਵਰਨਣ ਇਸ ਤਰ੍ਹਾਂ ਕਰਦੇ ਹਨ :

*ਕਰਹਿ ਰਬਾਬੀ ਕੀਰਤਨ ਆ ਕੇ,*
*ਸਿਖ ਕਰਿ ਗਾਇ ਜਿ ਰਾਗੀ ਬਨੇ।*

*(ਗੁਰੂ ਪ੍ਰਤਾਪ ਸੂਰਜ, ਰਾਸ 4 ਅਧਿਆਏ 45)*

ਇਹ ਗੁਰੂ ਜੀ ਦੀ ਸੰਗਤ ਦੀ ਹੀ ਕਮਾਲ ਸੀ ਜਿਸ ਨੇ ਬਿਧੀ ਚੰਦ ਵਰਗੇ ਚੋਰਾਂ ਨੂੰ ਭਾਈ ਬਿਧੀ ਚੰਦ ਬਣਾ ਦਿੱਤਾ ਸੀ।

ਗੁਰੂ ਹਰਿਗੋਬਿੰਦ ਜੀ ਸਮੇਂ ਸੰਗਤ ਵਿਚ ਇਕ ਵਿਸ਼ੇਸ਼ ਕਿਸਮ ਦੀ ਤਬਦੀਲੀ ਆਈ ਕਿਉਂਕਿ ਗੁਰੂ ਅਰਜਨ ਦੇਵ ਜੀ ਮੁਗਲਾਂ ਦੀ ਧਾਰਮਿਕ ਕੱਟੜਤਾ ਦਾ ਸ਼ਿਕਾਰ ਹੋ ਚੁੱਕੇ ਸਨ। ਇਸ ਲਈ ਗੁਰੂ ਜੀ ਮਜ਼ਹਬੀ ਈਰਖਾ ਤੋਂ ਬਚਣ ਲਈ ਤੇ ਸਵੈ-ਰਖਿਆ ਲਈ ਮੀਰੀ ਪੀਰੀ ਦੀਆਂ ਦੋ ਤਲਵਾਰਾਂ ਧਾਰਨ ਕਰਕੇ ਗੁਰਗੱਦੀ ਤੇ ਬੈਠੇ। ਮੀਰੀ ਰਾਜਸੀ ਸ਼ਕਤੀ ਦੀ ਪ੍ਰਤੀਕ ਹੈ ਤੇ ਪੀਰੀ ਅਧਿਆਤਮਕ ਗੁਰੂ ਦੀ ਪ੍ਰਤੀਕ ਹੈ। ਛੇਵੀਂ ਪਾਤਸ਼ਾਹੀ ਨੇ ਸ੍ਰੀ ਅਕਾਲ ਤਖਤ ਸਾਹਿਬ ਦੀ ਸਥਾਪਨਾ ਕੀਤੀ। ਗੁਰੂ ਜੀ ਨੇ ਸੰਗਤ ਨੂੰ ਧਨ ਦੇ ਨਾਲ ਨਾਲ ਘੋੜੇ ਅਤੇ ਹਥਿਆਰ ਭੇਟ ਕਰਨ ਵਾਸਤੇ ਵੀ ਕਿਹਾ। ਸ਼ਾਂਤੀ ਦੇ ਸਰੂਪ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਨੇ ਸਿੱਖਾਂ ਦੇ ਦਿਲਾਂ ਨੂੰ ਵਲੂੰਧਰ ਕੇ ਰੱਖ ਦਿੱਤਾ। ਬਦਲੇ ਦੀ ਭਾਵਨਾ ਪੈਦਾ ਹੋ ਗਈ। ਬਦਲੇ ਦੀ ਭਾਵਨਾ ਨਾਲ ਉਤੇਜਿਤ ਹੋ ਕੇ ਗੁਰੂ ਜੀ ਨੇ ਆਪਣੀ ਫੌਜ ਵਿਚ ਭਰਤੀ ਕਰ ਲਿਆ ਜਿਸ ਦਾ ਸਬੂਤ ਗੁਰੂ ਜੀ ਦੀਆਂ ਮੁਗਲਾਂ ਨਾਲ ਹੋਈਆਂ ਲੜਾਈਆਂ ਵਿਚ ਜਿੱਤਾਂ ਹਨ। ਗੁਰੂ ਜੀ ਦੀਆਂ ਜਿੱਤਾਂ ਨੇ ਸੰਗਤ ਵਿਚ ਆਤਮ-ਵਿਸ਼ਵਾਸ ਨੂੰ ਵਧਾਇਆ। ਇਹਨਾਂ ਜਿੱਤਾਂ ਨੇ ਮੁਗਲ ਫੌਜ ਦੇ ਅਜਿੱਤ ਹੋਣ ਦੇ ਸੁਫਨਿਆਂ ਨੂੰ ਖੇਰੂੰ ਖੇਰੂੰ ਕਰ ਦਿੱਤਾ। ਭਾਵੇਂ ਇਹ ਕੰਮ ਗੁਰੂ ਜੀ ਨੇ ਰਾਜਨੀਤਿਕ ਸਤਾ ਪ੍ਰਾਪਤ ਕਰਨ ਲਈ ਨਹੀਂ ਸੀ ਕੀਤਾ ਪਰ ਪਿਛੋਂ ਇਹ ਧਰਮ ਅਧਾਰਤ ਸਿਆਸਤ ਦਾ ਸੰਕਲਪ ਬਣ ਗਿਆ।

ਬਾਬਾ ਗੁਰਦਿੱਤਾ ਜੀ ਨੇ ਗੁਰੂ ਹਰਿਗੋਬਿੰਦ ਜੀ ਦੇ ਕਹਿਣ ਤੇ ਚਾਰ ਮੁੱਖ ਪ੍ਰਚਾਰਕ ਉਦਾਸੀ ਬਾਣੇ ਵਾਲੇ ਵੱਖ-ਵੱਖ ਥਾਵਾਂ ਤੇ ਸੰਗਤਾਂ ਦੀ ਦੇਖ-ਰੇਖ ਤੇ ਧਰਮ ਪ੍ਰਚਾਰ ਲਈ ਨਿਯੁਕਤ ਕੀਤੇ ਜਿਹਨਾਂ ਨੇ ਸੰਗਤ ਵਿਚ ਬਹੁਤ ਸ਼ਰਧਾ ਨਾਲ ਗੁਰੂ ਸਿਧਾਂਤਾਂ ਨੂੰ ਪ੍ਰਚਾਰਿਆ।

ਗੁਰੂ ਹਰਿ ਰਾਏ ਜੀ ਨੇ ਸੰਗਤ ਵੱਲ ਵਿਸ਼ੇਸ਼ ਧਿਆਨ ਦਿੱਤਾ। ਉਹ ਨਾਂ ਦੇ ਨਿੱਤਨੇਮ ਵਿਚ ਕੀਰਤਨ ਤੇ ਸੰਗਤ ਦਾ ਸੰਗਮ ਹੁੰਦਾ ਸੀ। ਗਿਆਨੀ ਗਿਆਨ ਸਿੰਘ ਅਨੁਸਾਰ :

ਜਿਥੇ ਗੁਰੂ ਤੇਗ ਬਹਾਦਰ ਜੀ ਨੇ ਸਿੱਖ ਧਰਮ ਦੇ ਪ੍ਰਚਾਰ ਲਈ ਅੰਮ੍ਰਿਤਸਰ ਤੋਂ ਲੈ ਕੇ ਹਾਜੋ (ਆਸਾਮ) ਤਕ ਸਿੱਖ ਸੰਗਤਾਂ ਸਥਾਪਤ ਕੀਤੀਆਂ। ਮਾਲਵੇ ਵਿਖੇ ਫੇਰੀ ਦੇ ਮਾਧਿਅਮ ਨਾਲ ਅਗਿਆਨਤਾ ਤੇ ਅੰਧਕਾਰ ਵਿਚ ਸੁਤੀ ਹੋਈ ਲੋਕਾਈ ਨੂੰ ਉਸਾਰੂ ਤੇ ਉਪਯੋਗੀ ਜੀਵਨ ਬਤੀਤ ਕਰਨ ਦੀ ਪ੍ਰੇਰਨਾ ਦਿੱਤੀ। ਸਿੱਖ ਸੰਗਤਾਂ ਵਿਚ ਗੁਰੂ ਤੇਗ਼ ਬਹਾਦਰ ਜੀ ਦੇ ਸਮੇਂ ਬਹੁਤ ਵਾਧਾ ਹੋਇਆ। ਅੰਤ ਲੋਕਾਈ ਦੀ ਭਲਾਈ ਤੇ ਧਰਮ ਦੀ ਰਖਿਆ ਲਈ ਦਿੱਲੀ ਵਿਖੇ ਆਪਣੇ ਸੀਸ ਦਾ ਬਲੀਦਾਨ ਦਿੱਤਾ। ਗੁਰੂ ਤੇਗ਼ ਬਹਾਦਰ ਜੀ ਸੰਗਤ ਵਿਚ ਕੀਰਤਨ ਕਰਨ ਵਾਲੇ ਕੀਰਤਨੀਆਂ ਦਾ ਸਨਮਾਨ ਕਰਿਆ ਕਰਦੇ ਸਨ। ਤਵਾਰੀਖ ਗੁਰੂ ਖਾਲਸਾ ਅਨੁਸਾਰ ਜੋਨਪੁਰ ਦੇ ਇਕ ਮਸੰਦ ਗੁਰਬਖ਼ਸ਼ ਦੇ ਕੀਰਤਨ ਤੋਂ ਪ੍ਰਸੰਨ ਹੋ ਕੇ ਗੁਰੂ ਜੀ ਨੇ ਉਸ ਨੂੰ ਆਪਣਾ ਨਿੱਜੀ ਮਿਰਦੰਗ ਇਨਾਮ ਵਜੋਂ ਦੇ ਦਿੱਤਾ।

(ਗਿਆਨ ਗਿਆਨ ਸਿੰਘ ਤਵਾਰੀਖ ਗੁਰੂ ਖਾਲਸਾ ਪੰਨਾ 674)

ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਤੇ ਮਸੰਦਾਂ ਦੀ ਗਿਰਾਵਟ ਕਾਰਨ ਸੰਗਤ ਇਕ ਨਵੇਂ ਦੌਰ ਵਿਚ ਪ੍ਰਵੇਸ਼ ਕਰਦੀ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖ ਸੰਗਤਾਂ ਨੂੰ ਦੀਵਾਲੀ, ਵਿਸਾਖੀ ਨੂੰ ਆਨੰਦਪੁਰ ਆਉਣ, ਮਸੰਦਾ ਨੂੰ ਕੁਝ ਵੀ ਨਾ ਦੇਣ ਅਤੇ ਹਥਿਆਰਬੰਦ ਨੌਜਵਾਨ ਭੇਜਣ ਬਾਰੇ ਹੁਮਕਨਾਮੇ ਭੇਜੇ। ਗੁਰੂ ਜੀ ਸਥਾਨਕ ਤੇ ਦੂਰ-ਦੁਰਾਡੇ ਦੀਆਂ ਸੰਗਤਾਂ ਨਾਲ ਆਪ ਸੰਪਰਕ ਬਣਾਈ ਰਖਦੇ। ਜਿਥੇ ਗੁਰੂ ਸਾਹਿਬ ਨਹੀਂ ਪਹੁੰਚ ਸਕਦੇ ਸਨ ਉਥੇ ਹੁਕਮਨਾਮਿਆਂ ਰਾਹੀਂ ਸੰਗਤ ਨੂੰ ਧਰਮ ਦੇ ਅਸੂਲਾਂ ਤੇ ਚੱਲਣ ਦਾ ਉਪਦੇਸ਼ ਦਿੰਦੇ। ਗੁਰੂ ਜੀ ਦੇ ਹੁਕਮਨਾਮਿਆਂ ਵਿਚ ਸੰਗਤ ਨੂੰ ਹਥਿਆਰ, ਘੋੜੇ, ਹਾਥੀ, ਊਠ, ਮਾਇਆ ਭੇਜਣ ਵਾਸਤੇ ਵੀ ਦਿੱਤੇ।

ਜਦੋਂ ਮਸੰਦ ਪ੍ਰਥਾ ਵਿਚ ਭ੍ਰਿਸ਼ਟਤਾ ਆ ਗਈ, ਧੀਰ ਮੱਲੀਏ, ਮੀਣੇ ਤੇ ਰਾਮਰਾਈਆਂ ਨੇ ਵੱਖਰੀਆਂ ਗੱਦੀਆਂ ਚਲਾਅ ਲਈਆਂ ਤਾਂ ਗੁਰੂ ਗੋਬਿੰਦ ਸਿੰਘ ਜੀ ਨੇ ਸੰਗਤ ਪ੍ਰਥਾ ਨੂੰ ਨਵੇਂ ਸਿਰੇ ਤੋਂ ਸੰਗਠਿਤ ਕੀਤਾ ਤੇ

ਸੰਗਤ ਲਈ ਚਰਣ ਪਾਹੁਲ ਦੀ ਥਾਂ ਖੰਡੇ ਦੀ ਪਾਹੁਲ ਦੀ ਵਿਧੀ ਸ਼ੁਰੂ ਕੀਤੀ ਤੇ ਸੰਗਤ ਵਿਚ ਅੰਦਰਲੇ ਤੇ ਬਾਹਰਲੇ ਨੁਕਸ ਦੂਰ ਕਰਨ ਵਾਸਤੇ 1699 ਈ. ਵਿਚ ਵਿਸਾਖੀ ਵਾਲੇ ਦਿਨ ਆਨੰਦਪੁਰ ਸਾਹਿਬ ਵਿਚ ਇਕ ਵੱਡਾ ਇਕੱਠ ਕੀਤਾ ਜਿਸ ਗੁਰੂ ਜੀ ਨੇ ਖਾਲਸੇ ਦੀ ਸਿਰਜਣਾ ਕੀਤੀ। ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਾਉਣ ਤੋਂ ਬਾਅਦ ਗੁਰੂ ਜੀ ਨੇ ਆਪ ਉਹਨਾਂ ਤੋਂ ਅੰਮ੍ਰਿਤ ਛਕ ਕੇ ਗੁਰੂ ਤੇ ਸਿੱਖ ਦਾ ਬਾਹਰੀ ਭੇਦ ਦੂਰ ਕਰ ਦਿੱਤਾ :

*ਪੀਵਹੁ ਪਾਹੁਲ ਖੰਡੇਧਾਰ ਹੋਇ ਜਨਮ ਸੁਹੇਲਾ।*
*ਗੁਰ ਸੰਗਤਿ ਕੀਨੀ ਖਾਲਸਾ ਮਨਮੁਖੀ ਦੁਹੇਲਾ।*
*ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ।*

1708 ਈ. ਵਿਚ ਦੇਹਧਾਰੀ ਗੁਰੂ ਦੀ ਪ੍ਰਥਾ ਨੂੰ ਖਤਮ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰ ਗੱਦੀ ਦਿੱਤੀ। ਖਾਲਸਾ ਪੰਥ ਵਿਚ ਗ਼ੈਰ ਜਮਹੂਰੀ ਲੀਹਾਂ ਲਈ ਕੋਈ ਥਾਂ ਨਾ ਰਹਿਣ ਦਿੱਤੀ। ਖਾਲਸੇ ਵਿਚ ਸਭ ਬਰਾਬਰ ਹਨ। ਗੁਰੂ ਸਾਹਿਬ ਤੋਂ ਪਿਛੋਂ ਸਰਬਤ ਖਾਲਸਾ ਸਭ ਬਰਾਬਰ ਹਨ। ਇਸਤਰੀ ਨੂੰ ਬਰਾਬਰ ਦਾ ਅਧਿਕਾਰ ਦਿੱਤਾ ਗਿਆ। ਗੁਰੂ ਸਾਹਿਬ ਤੋਂ ਪਿਛੋਂ ਸਰਬਤ ਖਾਲਸਾ ਸਾਲ ਵਿਚ ਇਕ ਵਾਰੀ ਦੀਵਾਲੀ ਜਾਂ ਵਿਸਾਖੀ ਦੇ ਮੌਕੇ ਅਕਾਲ ਤਖਤ ਸਾਹਿਬ ਤੇ ਬੁਲਾਇਆ ਜਾਂਦਾ ਤੇ ਹਰ ਪ੍ਰਕਾਰ ਦੇ ਧਾਰਮਿਕ ਮਸਲੇ ਸੰਗਤ ਦੇ ਸਾਹਮਣੇ ਰੱਖੇ ਜਾਂਦੇ ਤੇ ਸੰਗਤ ਪੰਜ ਪਿਆਰਿਆਂ ਰਾਹੀਂ 'ਗੁਰਮਤੇ' ਦੇ ਰੂਪ ਵਿਚ ਫੈਸਲੇ ਕਰਦੀ।

ਗੁਰੂ ਘਰ ਵਿਚ ਸੰਗਤ ਤੇ ਗੁਰੂ ਵਿਚ ਕੋਈ ਭੇਦ ਨਹੀਂ ਰਿਹਾ। ਗੁਰੂ ਨਾਨਕ ਦੇਵ ਜੀ ਦੁਆਰਾ ਭਾਈ ਲਹਿਣੇ ਦੀ ਚੋਣ ਸੰਗਤ ਵਿਚੋਂ ਹੀ ਕੀਤੀ ਗਈ ਸੀ ਤੇ ਇਸ ਤਰ੍ਹਾਂ ਗੁਰੂ ਅੰਗਦ ਦੇਵ ਜੀ ਦਾ ਗੁਰੂ ਅਮਰਦਾਸ ਨੂੰ ਗੁਰੂ ਥਾਪਣਾ ਸੰਗਤ ਦੀ ਪ੍ਰਮੁੱਖਤਾ ਦਾ ਪ੍ਰਮਾਣ ਹਨ। ਸੰਗਤ ਵਿਚੋਂ ਹੀ ਗੁਰੂ ਦੀ ਚੋਣ ਕੀਤੀ ਗਈ ਤੇ ਪਰਿਵਾਰਿਕ ਮੈਂਬਰਾਂ ਨੂੰ ਗੁਰਗੱਦੀ ਤੋਂ ਲਾਂਭੇ ਰਖਿਆ। ਅਗਲੇ ਗੁਰੂਆਂ ਨੇ ਵੀ ਸੰਗਤ ਨੂੰ ਹਮੇਸ਼ਾਂ ਪ੍ਰਮੁੱਖਤਾ ਦਿੱਤੀ। ਗੁਰੂ ਅਰਜਨ ਦੇਵ ਜੀ ਨੇ ਆਪਣੇ ਸ਼ਹਿਜਾਦੇ ਹਰਿਗੋਬਿੰਦ ਦਾ ਵਿਆਹ ਚੰਦੂ ਨਾਮੀ ਅਹਿਲਕਾਰ ਦੀ ਲੜਕੀ ਨਾਲ ਕਰਨ ਤੋਂ ਸੰਗਤ ਦੇ ਕਹੇ ਤੋਂ ਹੀ ਇਨਕਾਰ ਕੀਤਾ ਸੀ ਕਿਉਂਕਿ ਚੰਦੂ ਨੇ ਗੁਰੂ ਘਰ ਦੇ ਪ੍ਰਤੀ ਅਪਮਾਨਯੋਗ ਸ਼ਬਦ ਵਰਤੇ ਸਨ। ਇਸ ਦੀ ਗਵਾਹੀ ਪੰਥ ਪ੍ਰਕਾਸ਼ ਦਾ ਕਰਤਾ ਇਸ ਤਰ੍ਹਾਂ ਦਿੰਦਾ ਹੈ :

*ਬਾਬੇ ਬੁਢੇ ਅਰ ਗੁਰਦਾਸ।*
*ਇਤਿਆਦਕ ਸਿੱਖ ਥੇ ਜੋ ਪਾਸ।*
*ਚਿਠੀ ਸਭ ਕੋ ਗੁਰੂ ਸੁਣਾਈ।*

*ਸਭ ਨੇ ਕਿਹਾ ਨਾ ਲੇਹ ਸਗਾਈ।*

*(ਗਿਆਨੀ ਗਿਆਨ ਸਿੰਘ ਪੰਥ ਪ੍ਰਕਾਸ਼ ਪੰਨਾ 409)*

ਗੁਰੂ ਸਾਹਿਬ ਵਲੋਂ ਇਹ ਗੱਲ ਪ੍ਰਚਾਰੀ ਜਾਂਦੀ ਸੀ ਗੁਰੂ ਵੀਹ ਵਿਸਵੇ ਤੇ ਸੰਗਤ ਇਕੀ ਵਿਸਵੇ। ਗੁਰੂ ਤੇਗ਼ ਬਹਾਦਰ ਜੀ ਵੀ ਦਿੱਲੀ ਔਰੰਗਜੇਬ ਕੋਲ ਸੰਗਤ ਦੇ ਆਖੇ ਹੀ ਗਏ ਸਨ ਜਿਥੇ ਉਹਨਾਂ ਨੂੰ ਸ਼ਹੀਦੀ ਤੱਕ ਪ੍ਰਾਪਤ ਕਰਨੀ ਪਈ। ਗੁਰੂ ਗੋਬਿੰਦ ਸਿੰਘ ਜੀ ਨੂੰ ਵੀ ਸੰਗਤ ਨੇ ਤਨਖਾਹ ਲਾਈ ਜਦੋਂ ਉਹਨਾਂ ਨੇ ਆਪਣੇ ਤੀਰ ਨਾਲ ਸੰਤ ਦਾਦੂ ਦੀ ਸਮਾਧ ਨੂੰ ਸਿਜਦਾ ਕੀਤਾ ਸੀ। ਖਾਲਸੇ ਦਾ ਹੁਕਮ ਮੰਨ ਕੇ ਗੁਰੂ ਜੀ ਨੇ ਚਮਕੌਰ ਦੀ ਗੜ੍ਹੀ ਛੱਡੀ ਸੀ। ਭਾਈ ਨੰਦ ਲਾਲ ਅਨੁਸਾਰ ਉਹ ਸਿੱਖ ਤਨਖਾਹੀਆ ਹੈ ਸਤਿ ਸੰਗਤ ਵਿਚ ਨਾ ਆਵੇ :

*ਪ੍ਰਾਤਕਾਲ ਸਤਸੰਗ ਨਾ ਜਾਵੈ*
*ਤਨਖਾਹਦਾਰ ਬਹੁ ਬਡਾ ਕਹਾਵੈ।*

ਸਿੱਖ ਰਹਿਤ ਮਰਿਆਦਾ ਵਿਚ ਸੰਗਤ ਨੂੰ ਵਿਸ਼ੇਸ਼ ਸਥਾਨ ਦਿੱਤਾ ਗਿਆ ਹੈ। ਸਿੱਖ ਧਰਮ ਵਿਚ ਸੰਗਤ ਤੋਂ ਭਾਵ ਸਤਿ ਸੰਗਤ ਤੋਂ ਹੈ। ਇਸ ਦਾ ਅਰਥ ਹੈ-ਉੱਤਮ ਸੰਗਤ, ਨੇਕ ਸੁਹਬਤ, ਸੰਤਾਂ ਅਤੇ ਭਲੇ ਲੋਕਾਂ ਦੀ ਸੰਗਤ। ਗੁਰੂ ਨਾਨਕ ਦੇਵ ਜੀ ਸਤਿ ਸੰਗਤ ਦੀ ਪਰਿਭਾਸ਼ਾ ਦਿੰਦਿਆਂ ਇਹ ਗੱਲ ਸਪੱਸ਼ਟ ਕਰਦੇ ਹਨ ਕਿ ਨਾਮ ਅਭਿਆਸ ਲਈ ਜੁੜੇ ਗੁਰਮੁਖ ਜਨਾਂ ਦੀ ਇਕੱਤਰਤਾ ਨੂੰ ਹੀ ਸਾਧ ਸੰਗਤ ਜਾਂ ਸਤਿ ਸੰਗਤ ਕਿਹਾ ਜਾ ਸਕਦਾ ਹੈ।

*ਸਤ ਸੰਗਤਿ ਕੈਸੀ ਜਾਣੀਐ।*
*ਜਿਥੈ ਏਕੋ ਨਾਮੁ ਵਖਾਣੀਐ।*
*ਏਕੋ ਨਾਮੁ ਹੁਕਮੁ ਹੈ ਨਾਨਕ ਸਤਿਗੁਰ ਦੀਆ ਬੁਝਾਇ ਜੀਉ।*

*(ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 72)*

ਗੁਰੂ ਰਾਮ ਦਾਸ ਜੀ ਗੁਰੂ ਨਾਨਕ ਦੇਵ ਜੀ ਦੇ ਵਿਚਾਰਾਂ ਦੀ ਪ੍ਰੋੜ੍ਹਤਾ ਕਰਦੇ ਹੋਏ ਆਖਦੇ ਹਨ।

*ਸਤ ਸੰਗਤਿ ਸਾਈ ਹਰਿ ਤੇਰੀ*
*ਜਿਤੁ ਹਰਿ ਕੀਰਤਿ ਹਰਿ ਸੁਨਣੇ।*

*(ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 1135)*

*ਗੁਰੂ ਅਰਜਨ ਦੇਵ ਜੀ ਅਨੁਸਾਰ :*
*ਸੰਤ ਮੰਡਲੁ ਤਹਾ ਕਾ ਨਾਉ।*
*ਪਾਰਬ੍ਰਹਮ ਕੇਵਲ ਗੁਣਗਾਉ।*

*(ਸ੍ਰੀ ਗੁਰੂ ਗ੍ਰੰਥ ਸਹਿਬ ਪੰਨਾ 146)*

ਭਾਈ ਨੰਦ ਲਾਲ ਨੇ ਤਾਂ ਸਿੱਖ ਧਰਮ ਦਾ ਨਾਉਂ ਹੀ ਸਾਧ ਸੰਗ ਲਿਖਿਆ ਹੈ :

*ਹਮ ਚੁਨਾ ਦਰ ਮਜ਼ਹਬੇ ਈਂ ਸਾਧ ਸੰਗ*

*(ਜ਼ਿੰਦਗੀਨਾਮਾ)*

ਸਤਿ ਸੰਗਤ ਤੋਂ ਭਾਵ ਹੈ ਪਦਾਰਥਕ ਦੁਨੀਆਂ ਵਿਚ ਰਹਿੰਦਿਆਂ ਹੋਇਆਂ ਸਤਿ ਨਾਲ ਮੇਲ ਸਥਾਪਤ ਕਰਨ ਦੀ ਸੰਸਥਾ, ਬੈਠਕ, ਅਥਵਾ ਲੋਕ ਸਮੂਹ। ਗੁਰਬਾਣੀ ਵਿਚ ਸਤਿ ਸੰਗਤ ਸ਼ਬਦ ਤੋਂ ਇਲਾਵਾ ਸੰਗਤਿ, ਸਾਧ ਸੰਗਤਿ, ਸਾਧ ਸੰਗੁ, ਸੰਤ-ਸੁਭਾ, ਸੰਤ ਮੰਡਲੀ ਆਦਿ ਸ਼ਬਦਾਂ ਦਾ ਪ੍ਰਯੋਗ ਹੋਇਆ ਹੈ, ਜੋ ਵਿਸ਼ੇ ਪੱਖੋਂ ਇਕ ਹੀ ਅਰਥ ਰਖਦੇ ਹਨ।

ਕੁਝ ਹੋਰ ਵੀ ਸਤਿ ਸੰਗਤ ਦੀਆਂ ਪਰਿਭਾਸ਼ਾਵਾਂ ਮਿਲਦੀਆਂ ਹਨ ਜਿਵੇਂ ਮਹਾਨ ਕੋਸ਼ ਦੇ ਕਰਤਾ ਭਾਈ ਕਾਹਨ ਸਿੰਘ ਸਤਿ ਸੰਗਤ ਤੋਂ ਭਾਵ ਲੋਕਾਂ ਦੀ ਮਜ਼ਲਿਸ, ਗੁਰਸਿੱਖਾਂ ਦੇ ਜੁਮਾਂ ਹੋਣ ਦੀ ਥਾਂ ਤੇ ਸਤਿ ਸੰਗਤ ਨੂੰ ਉਤਮ ਲੋਕਾਂ ਦੀ ਸੰਗਤ ਕਹਿੰਦਾ ਹੈ। ਗੁਰੂ ਗੋਬਿੰਦ ਸਿੰਘ ਦੇ ਪਿਆਰੇ ਸਿੱਖ ਭਾਈ ਨੰਦ ਲਾਲ ਜੀ ਗੋਇਆ ਦੀਵਾਨਿ ਗੋਇਆ, ਦੀ ਦਸਵੀਂ ਗਜ਼ਲ ਵਿਚ ਸਤ-ਸੰਗਤ ਦੀ ਪਰਿਭਾਸ਼ਾ ਇਸ ਤਰ੍ਹਾਂ ਪੇਸ਼ ਕਰਦੇ ਹਨ :

*ਦਰਮਿਆਨਿ ਬਜ਼ਮ ਮਾਂ, ਜੁਜ਼ ਕਿੱਸਾਇ ਜਾਨਾਨਾਂ ਨੇਸਤ।*
*ਬੇ ਹਜਾਬ ਆ ਅੰਦਰੀ ਮਜਲਸ ਕੇਸ ਬੇਗਾਨਾ ਨੇਸਤ।*

### 1.3.6 ਸਤਿ ਸੰਗਤ ਵਿੱਚ ਕੀਤੇ ਜਾਂਦੇ ਕਾਰਜ

ਮਨੁੱਖ ਇਕ ਸਮਾਜਿਕ ਜੀਵ ਹੈ ਸਮਾਜ ਵਿਚ ਵਿਚਰਦੇ ਹੋਏ ਆਪਣਾ ਜੀਵਨ ਨਿਰਬਾਹ ਚਲਾਉਣਾ ਹੈ। ਸਮਾਜਿਕ ਜੀਵ ਹੋਣ ਕਾਰਨ ਉਸ ਤੇ ਸਮਾਜ ਦੀ ਹਰ ਚੰਗੀ ਤੇ ਬੁਰੀ ਘਟਨਾ ਦਾ ਅਸਰ ਪੈਂਦਾ ਹੈ। ਸਮਾਜਿਕ ਢਾਂਚਾ ਚਲਾਉਣ ਲਈ ਸਮਾਜ ਵਿਚ ਜੋ ਕੰਮ ਕਰਨ ਯੋਗ ਹਨ ਖਾਸ ਕਰਕੇ ਜਿਹਨਾਂ ਕਰਮਾਂ ਨਾਲ ਸਮਾਜ ਉੱਨਤੀ ਕਰਦਾ ਹੋਵੇ, ਉਹਨਾਂ ਨੂੰ ਸ਼ੁਭ ਕਰਮ ਤੇ ਜੋ ਕੰਮ ਸਮਾਜ ਨੂੰ ਗਿਰਾਵਟ-ਪਛੜੇਪਨ ਵੱਲ ਲੈ ਜਾਂਦੇ ਹਨ, ਨੂੰ ਕੁਕਰਮ ਕਿਹਾ ਜਾਂਦਾ ਹੈ। ਇਸ ਲਈ ਸਮਾਜ ਹਮੇਸ਼ਾਂ ਸ਼ੁਭ ਕਰਮ ਵਾਲੇ ਮਨੁੱਖਾਂ ਨੂੰ ਹੀ ਪ੍ਰਵਾਨਗੀ ਦਿੰਦਾ ਹੈ। ਸਮਾਜਿਕ ਜੀਵ ਹੋਣ ਕਾਰਨ ਮਨੁੱਖ ਦੇ ਆਪਣੇ ਆਲੇ ਦੁਆਲੇ ਜਾਂ ਜਿਹਨਾਂ ਲੋਕਾਂ ਦਾ ਉਹ ਸੰਗ ਕਰਦਾ ਹੈ ਉਹਨਾਂ ਦਾ ਬਹੁਤ ਅਸਰ ਪੈਂਦਾ ਹੈ। ਇਹੀ ਕਾਰਣ ਹੈ ਕਿ ਸਾਰੇ ਗੁਰੂ ਸਾਹਿਬਾਨ ਤੇ ਭਗਤਾਂ ਨੇ ਮਨੁੱਖ ਨੂੰ ਸਤਿ ਸੰਗਤ ਕਰਨ ਦੀ ਪ੍ਰੇਰਨਾ ਦਿੱਤੀ ਹੈ। ਅਜਿਹੀ ਸੰਗਤ ਜਿਸ ਵਿਚ ਗੁਣਾਂ ਨੂੰ ਗ੍ਰਹਿਣ ਕਰਨ ਅਤੇ ਔਗੁਣ ਨੂੰ ਤਿਆਗਣ ਦੀ ਰੁਚੀ ਜਾਗਰਿਤ ਹੁੰਦੀ ਹੋਵੇ। ਸਤਿ ਸੰਗਤ ਦਾ ਅਸਰ ਪਾਰਸ ਜਿਹਾ ਹੈ, ਜਿਵੇਂ :

*ਊਤਮ ਸੰਗਤਿ ਊਤਮੁ ਹੋਵੈ।*

*ਗੁਣ ਕਉ ਧਾਵੈ ਅਵਗੁਣ ਧੋਵੈ।*

*(ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 414)*

*ਪਾਰਸ ਭੇਟਿ ਕੰਚਨੁ ਧਾਤੁ ਹੋਈ।*
*ਸਤ ਸੰਗਤਿ ਕੀ ਵਡਿਆਈ।।*

*(ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 505)*

ਗੁਰੂ ਜੀ ਸਚੇ ਲੋਕਾਂ ਦੀ ਸੰਗਤ ਦੀ ਵਡਿਆਈ ਦਰਸਾਉਣ ਲਈ ਕੰਚਨ ਰੁੱਖ ਦੀ ਉਦਾਹਰਣ ਦਿੰਦੇ ਹਨ ਕਿ ਜਿਵੇਂ ਚੰਦਨ ਦੇ ਨੇੜੇ ਉਗੇ ਹੋਰ ਦਰਖਤਾਂ/ਬੂਟਿਆਂ ਵਿਚੋ ਵੀ ਚੰਦਨ ਦੀ ਖੁਸ਼ਬੂ ਆਪ ਮੁਹਾਰੇ ਪ੍ਰਵੇਸ਼ ਕਰ ਜਾਂਦੀ ਹੈ ਇਸੇ ਤਰ੍ਹਾਂ ਸੱਚੀ ਸੰਗਤ ਵਿਚ ਰਹਿਣ ਕਰਕੇ ਮਨੁੱਖ ਆਦਰਸ਼ ਵਿਅਕਤੀ ਬਣ ਜਾਂਦਾ ਹੈ।

*ਜਿਉ ਛੁਹਿ ਪਾਰਸ ਮਨੂਰ ਭਏ ਕੰਚਨ*
*ਤਿਉ ਪਤਿਤ ਜਨ ਮਿਲਿ ਸੰਗਤੀ ਸੁਧ ਹੋਵਤ*
*ਗੁਰਮਤੀ ਸੁਧ ਹਾਧੋ।*

*(ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 1297)*

ਗੁਰੂ ਸਾਹਿਬ ਦੱਸਦੇ ਹਨ ਕਿ ਚੰਗੇ ਭਾਗਾਂ ਤੇ ਕਰਮਾਂ ਵਾਲੇ ਲੋਕ ਹੀ ਹਨ ਜਿਹਨਾਂ ਨੂੰ ਭਲੇ ਲੋਕਾਂ ਦੀ ਸੰਗਤ ਪ੍ਰਾਪਤ ਹੁੰਦੀ ਹੈ :

*ਬਿਨੁ ਭਾਗਾਂ ਸਤਿ ਸੰਗੁ ਨਾ ਲਭੈ*
*ਬਿਨੁ ਸੰਗਤਿ ਮੈਲ ਭਰੀਜੈ ਜੀਉ।।*

*(ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 95)*

*ਬਿਨੁ ਭਾਗਾ ਸਤ ਸੰਗੁ ਨ ਪਾਈਐ।*
*ਕਰਮਿ ਮਿਲੈ ਹਰਿ ਨਾਮੁ ਹਰੀ।।*

*(ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 1172)*

ਅਜਿਹੇ ਭਲੇ ਲੋਕਾਂ ਦੀ ਸੰਗਤ ਵਿਚ ਪ੍ਰਭੂ ਦੀ ਪ੍ਰਾਪਤੀ ਸਤਿ ਸੰਗਤ ਵਿਚੋਂ ਹੀ ਹੋ ਸਕਦੀ ਹੈ।

*ਹਉ ਮਨੁ ਤਨੁ ਖੋਜੀ ਭਾਲਿ ਭਾਲਾਈ।*
*ਕਿਉਂ ਪਿਆਰਾ ਪ੍ਰੀਤਮੁ ਮਿਲੈ ਮੇਰੀ ਮਾਈ।*
*ਮਿਲਿ ਸਤਿਸੰਗਤਿ ਖੋਜੁ ਦਸਾਈ।*
*ਵਿਚਿ ਸੰਗਤਿ ਹਰਿ ਪ੍ਰਭੁ ਵਸੈ ਜੀਉ।*

ਸਿੱਖ ਧਰਮ ਪੁਨਰ ਜਨਮਾਂ ਵਿਚ ਵਿਸ਼ਵਾਸ ਰਖਦਾ ਹੈ। ਇਨ੍ਹਾਂ ਪੁਨਰ ਜਨਮਾਂ ਕਾਰਨ ਹੀ ਮਨੁੱਖ ਦੁੱਖ ਸੁੱਖ ਭੋਗਦਾ ਹੈ। ਪਿਛਲੇ ਜਨਮਾਂ ਦੇ ਮਾੜੇ ਕਰਮਾਂ ਕਾਰਨ ਉਸ ਦਾ ਮਨ ਮੈਲ ਨਾਲ ਭਰਿਆ ਰਹਿੰਦਾ ਹੈ। ਮਨ ਇੰਨਾ ਕਾਲਾ ਹੋ ਜਾਂਦਾ ਹੈ ਕਿ ਉਸ ਵਿਚ ਕੁਝ ਵੀ ਦਿਖਾਈ ਨਹੀਂ ਦਿੰਦਾ। ਪਰ ਸਤਿ ਸੰਗਤ ਵਿਚ ਇਹ ਸਮਰਥਾ ਹੈ ਕਿ ਹਰ ਪ੍ਰਕਾਰ ਦੀ ਮੈਲ ਲਾਹ ਕੇ ਸਿੱਖ ਸਾਧਕ ਦੇ ਮਨ ਨੂੰ ਨਿਰਮਾਣ ਬਣਾ ਦਿੰਦੀ ਹੈ :

*ਜਨਮ ਜਨਮ ਕੀ ਹਉਮੈ ਮਲੁ ਲਾਗੀ।*
*ਮਿਲਿ ਸੰਗਤਿ ਮਲੁ ਲਹਿ ਜਾਵੈਗੋ।*

*(ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 1309)*

*ਜਨਮ ਜਨਮ ਕੇ ਲਾਗੇ ਬਿਖੁ ਮੋਰਚਾ*
*ਲਗਿ ਸੰਗਤਿ ਸਾਧ ਸਵਾਰੀ।।*

*(ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 666)*

ਦੁੱਖ ਤੇ ਸੁਖ ਨੂੰ ਭਾਈ ਭਾਈ ਮੰਨਿਆ ਜਾਂਦਾ ਹੈ। ਪਰ ਮਨੁੱਖ ਦੀ ਇਹ ਲਾਲਸਾ ਹੁੰਦੀ ਹੈ ਕਿ ਉਸ ਨੂੰ ਹਮੇਸ਼ਾਂ ਸੁਖ ਹੀ ਪ੍ਰਾਪਤ ਹੁੰਦੇ ਰਹਿਣ ਤੇ ਦੁੱਖਾਂ ਤੋਂ ਬਚਿਆ ਰਹੇ। ਇਸ ਲਈ ਸਤਿਗੁਰਾਂ ਜੀ ਨੇ ਉਪਦੇਸ਼ ਦਿੱਤੇ ਹਨ ਕਿ ਜੇ ਸੁਖਾਂ ਦੀ ਪ੍ਰਾਪਤੀ ਕਰਨੀ ਹੈ ਤਾਂ ਸਾਧ ਸੰਗਤ ਦਾ ਸਹਾਰਾ ਲੈ। ਉਥੋਂ ਹੀ ਸਭ ਕੁਝ ਪ੍ਰਾਪਤ ਹੋਵੇਗਾ :

*ਜੇ ਲੋੜਹਿ ਸਦਾ ਸੁਖੁ ਭਾਈ।*
*ਸਾਧੂ ਸੰਗਤਿ ਗੁਰਹਿ ਬਤਾਈ।*
*ਊਹਾ ਜਪੀਐ ਕੇਵਲ ਨਾਮ।*
*ਸਾਧੂ ਸੰਗਤਿ ਪਾਰਗਰਾਮ।* *(ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 1182)*

ਮਨੁੱਖ ਦੇ ਆਵਾਗਵਣ ਲਈ ਜ਼ਿੰਮੇਵਾਰ ਉਸ ਦੇ ਅੰਦਰ ਵਸਦੇ ਪੰਜ ਚੋਰ ਹਨ ਜੋ ਹਮੇਸ਼ਾਂ ਉਸ ਨੂੰ ਪੁਠੇ ਪਾਸੇ ਲਾਈ ਰਖਦੇ ਹਨ। ਇਹਨਾਂ ਪੰਜਾਂ ਚੋਰਾਂ ਤੇ ਵੀ ਗੁਰੂ ਦੀ ਕ੍ਰਿਪਾ ਨਾਲ ਹੀ ਫਤਿਹ ਪਾਈ ਜਾ ਸਕਦੀ ਹੈ। ਇਸ ਦੀ ਪੁਸ਼ਟੀ ਸ੍ਰੀ ਗੁਰੂ ਅਰਜਨ ਦੇਵ ਜੀ ਇਸ ਤਰ੍ਹਾਂ ਕਰਦੇ ਹਨ, "ਮੈਂ ਨਿਹਥੇ ਪੰਜ ਜਵਾਨ, ਗੁਰ ਥਾਪੀ ਦਿੱਤੀ ਕੰਡ ਜੀਉ।" ਇਹਨਾਂ ਵਿਕਾਰਾਂ ਦੀ ਗੁਲਾਮੀ ਤੋਂ ਛੁਟਕਾਰਾਂ ਸਤਿ ਸੰਗਤ ਵਿਚ ਹੀ ਹੋ ਸਕਦਾ ਹੈ। ਸਤਿ ਸੰਗਤ ਵਿਚ ਇਹ ਪੰਜੇ ਵਸ ਵਿਚ ਆ ਜਾਂਦੇ ਹਨ :

*ਪੰਚ ਸਿੰਘ ਰਾਖੇ ਪ੍ਰਭਿ ਮਾਰਿ।*
*ਦਸ ਬਘਿਆੜੀ ਲਈ ਨਿਵਾਰਿ।*
*ਤੀਨਿ ਆਵਰਤ ਕੀ ਚੂਕੀ ਘੇਰ।*
*ਸਾਧ ਸੰਗਿ ਚੂਕੇ ਭੈ ਫੇਰ।*

*(ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 899)*

ਸਾਧ ਸੰਗਤ ਵਿਚ ਅਜਿਹੀ ਸ਼ਕਤੀ ਹੈ ਜਿਸ ਵਿਚ ਜੀਵ ਦੇ ਸਾਰੇ ਪਾਪਾਂ ਦਾ ਨਾਸ਼ ਹੋ ਜਾਂਦਾ ਹੈ। ਮਨ ਸ਼ਾਂਤ ਹੋ ਜਾਂਦਾ ਹੈ ਤੇ ਆਉਣ ਜਾਣ ਦਾ ਚੱਕਰ ਖਤਮ ਹੋ ਜਾਂਦਾ ਹੈ :

*ਸੁਣਿ ਸਾਜਨ ਮੇਰੇ ਮੀਤ ਪਿਆਰੇ। ਸਾਧਸੰਗਿ ਖਿਨ ਮਾਹਿ ਉਧਾਰੇ।*
*ਕਿਲਵਿਖ ਕਾਟਿ ਹੋਆ ਮਨੁ ਨਿਰਮਲੁ ਮਿਟਿ ਗਏ ਆਵਣ ਜਾਣਾ ਜੀਉ।*

*(ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 103)*

ਸਾਧ ਸੰਗਤ ਵਿਚ ਅਜਿਹੀ ਸ਼ਕਤੀ ਹੈ ਕਿ ਮਨੁੱਖ ਨੂੰ ਸਾਰੇ ਤੀਰਥ ਸਥਾਨਾਂ ਜਿੰਨਾ ਫਲ ਪ੍ਰਾਪਤ ਹੋ ਜਾਂਦਾ ਹੈ। ਸਾਧ ਸੰਗਤ ਦੇ ਚਰਨਾਂ ਦੀ ਧੂੜ ਨੂੰ ਮਸਤਕ ਤੇ ਲਾਉਣ ਨਾਲ 68 ਤੀਰਥਾਂ ਦੇ ਇਸ਼ਨਾਨ ਦੀ ਪ੍ਰਾਪਤੀ ਹੋ ਜਾਂਦੀ ਹੈ।

*ਤ੍ਰਿਪਤ ਅਘਾਵਨੁ ਸਾਚੈ ਨਾਇ। ਅਠਸਠਿ ਮਜਨੁ ਸੰਤ ਧੂਰਾਇ।।*
*ਸਭ ਮਹਿ ਜਾਨਉ ਕਰਤਾ ਏਕ। ਸਾਧ ਸੰਗ ਮਿਲਿ ਬੁਧਿ ਬਿਬੇਕ।।*

*(ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 377)*

*ਸਤ ਸੰਗਤਿ ਸਾਧ ਧੂਰਿ ਮੁਖਿ ਪਰੀ।*
*ਇਸਨਾਨ ਕੀਓ ਅਠਸਠਿ ਸੁਰਸਰੀ।*

*(ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 1134)*

ਅਗਿਆਨਤਾ ਕਾਰਨ ਮਨੁੱਖ ਮਾਇਆ ਦੇ ਜਾਲ ਵਿਚ ਫਸ ਜਾਂਦਾ ਹੈ। ਮਾਇਆ ਸਾਧਕ ਨੂੰ ਮੋਹ ਲੈਂਦੀ ਹੈ ਤੇ ਇਸ ਦੇ ਅਜਿਹਾ ਚੱਕਰ ਵਿਚ ਫਸਦਾ ਹੈ ਕਿ ਮੁੜ ਕੇ ਨਿਕਲ ਨਹੀਂ ਸਕਦਾ। ਪਰ ਸਤਿ ਸੰਗਤ ਵਿਚ ਇਹ

ਮਹਾਨਤਾ ਹੈ ਕਿ ਤਿੰਨ ਲੋਕਾਂ ਨੂੰ ਜਿੱਤਣ ਵਾਲੀ ਮਾਇਆ ਦਾ ਇਥੇ ਕੋਈ ਜ਼ੋਰ ਨਹੀਂ ਚਲਦਾ

*ਬ੍ਰਹਮ ਲੋਕ ਅਰੁ ਰੁਦ੍ਰ ਲੋਕ ਆਈ ਇੰਦ੍ਰ ਲੋਕ ਤੇ ਧਾਇ।*
*ਸਾਧ ਸੰਗਤਿ ਕਉ ਜੋਹਿ ਨਾ ਸਕੈ ਮਲਿ ਮਲਿ ਧੋਵੈ ਪਾਇ।।*

*(ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 500)*

ਜਿਵੇਂ ਨਦੀ, ਦਰਿਆ ਪਾਰ ਕਰਨ ਲਈ ਬੇੜੀ ਦੀ ਲੋੜ ਪੈਂਦੀ ਹੈ ਇਸੇ ਤਰ੍ਹਾਂ ਸੰਸਾਰ ਸਾਗਰ ਤੋਂ ਪਾਰ ਜਾਣ ਲਈ ਸੰਗਤ ਬੇੜੀ ਦਾ ਕੰਮ ਕਰਦੀ ਹੈ। ਜਿਵੇਂ ਲੋਹੇ ਦਾ ਕਿੱਲ ਬੇੜੀ ਵਿਚ ਲੱਗ ਕੇ ਤਰ ਜਾਂਦਾ ਹੈ ਇਸ ਤਰ੍ਹਾਂ ਪਾਪੀ ਮਨੁੱਖ ਵੀ ਸੰਗਤ ਦੀ ਛੋਹ ਪ੍ਰਾਪਤ ਕਰਕੇ ਪਰਮਗਤਿ ਪ੍ਰਾਪਤ ਕਰ ਲੈਂਦਾ ਹੈ।

*ਜਿਉਂ ਕਾਸਟ ਸੰਗਿ ਲੋਹਾ ਬਹੁ ਤਰਤਾ*
*ਤਿਉਂ ਪਾਪੀ ਸੰਗਿ ਤਰੇ ਸਾਧ*
*ਸਾਧ ਸੰਗਤੀ ਗੁਰ ਸਤਿਗੁਰੂ ਗੁਰ ਸਾਧੋ।।*

*(ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 1297)*

ਸਾਧ ਸੰਗਤ ਪ੍ਰਾਪਤ ਕਰਨ ਵਾਲੇ ਮਨੁੱਖ ਦਾ ਜੀਵਨ ਹੀ ਬਦਲ ਜਾਂਦਾ ਹੈ। ਉਹ ਇਕ ਪਰਮਾਤਮਾ ਦੀ ਉਸਤਤਿ ਕਰਦਾ ਹੋਇਆ ਆਪਣੇ ਪਰਮ ਲਕਸ਼ ਪ੍ਰਾਪਤ ਕਰ ਲੈਂਦਾ ਹੈ ਜਿਸ ਨੂੰ ਸੁਰ ਨਰ ਸਭ ਲੋਚਦੇ ਹਨ :

*ਮਿਲਿ ਸਤਸੰਗਤਿ ਪਰਮਪਦੁ ਪਾਇਆ*
*ਆਤਮ ਰਾਮੁ ਰਹਿਆ ਭਰਪੂਰਿ।।*

*(ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 1198)*

ਸ੍ਰੀ ਗੁਰੂ ਅਰਜਨ ਦੇਵ ਜੀ ਵੀ ਸਤਿ ਸੰਗਤ ਦੀ ਅਪਾਰ ਮਹਿਮਾ ਦੱਸਦੇ ਹਨ :

*ਪਿੰਗਲ ਪਰਬਤ ਪਾਰਿ ਪਰੇ ਖਲ ਚਤੁਰ ਬਕੀਤਾ।*
*ਮਹਿਮਾ ਸਾਧੂ ਸੰਗ ਕੀ ਸੁਨਹੁ ਮੇਰੇ ਮੀਤਾ।*
*ਮੈਲੁ ਖੋਈ ਕੋਟਿ ਅਘ ਹਰੇ ਨਿਰਮਲ ਭਏ ਚੀਤਾ। ਰਹਾਉ।*

*(ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 809)*

ਭਾਈ ਗੁਰਦਾਸ ਤਾਂ ਸੰਸਾਰਿਕ ਰਿਸ਼ਤਿਆਂ ਨਾਤਿਆਂ ਨੂੰ ਕੂੜ ਮੰਨਦਾ ਹੈ ਜਿਹਨਾਂ ਵਿਚ ਮਨੁੱਖ ਸਾਰੀ ਉਮਰ ਰੁਝਿਆ ਰਹਿੰਦਾ ਹੈ। ਇਹਨਾਂ ਰਿਸ਼ਤੇਦਾਰਾਂ ਸਕੇ ਸੰਬੰਧੀਆਂ ਵਿਚੋਂ ਕਿਸੇ ਨੇ ਵੀ ਤੁਹਾਡੇ ਨਾਲ ਨਹੀਂ ਜਾਣਾ। ਇਨ੍ਹਾਂ ਨਾਲ ਸਾਧ ਸੰਗਤ ਦਾ ਰਿਸ਼ਤਾ ਪ੍ਰਪੱਕ ਹੈ। ਸੱਚਾ ਸੁੱਚਾ ਹੈ :

*ਨਹੀਂ ਦਦਦਾਰ ਪਿਤਾ ਪਿਤਾਮਾ ਅਰ ਪਿਤਾਮਾ*
*ਸੁਜਨ ਕਟੰਬ ਸੁਤ ਬਾਧਵ ਨਾ ਭ੍ਰਾਤਾ ਹੈ।*
*ਨਹੀਂ ਨਨਸਾਰ ਮਾਤਾ ਪਰਮਾਤਾ ਬ੍ਰਿਧ ਮਾਤਾ*

*(ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 94)*

*ਮਾਮੂ ਮਾਮੀ ਮਾਸੀ ਮੋਸਾ ਬਿਬਿਧ ਬਿਖਯਾਤਾ ਹੈ।।*
*ਨਹੀਂ ਸਸੁਰਾਰ ਸਾਸ ਸੁਸਰਾ ਔ ਸਾਰੇ ਸਾਰੀ*
*ਨਹੀਂ ਬਿਰਤੀਸੁਰ ਔ ਜਾਚਕ ਨਾ ਦਾਤਾ ਹੈ।*
*ਅਸਨ ਬਸਨ ਧਨ ਧਾਮ ਕਾਹੂੰ ਮੈਂ ਨ ਦੇਖਯੋ*
*ਜੈਸੇ ਗੁਰ ਸਿਖ ਸਾਧ ਸੰਗਤਿ ਕੋ ਨਾਤਾ ਹੈ।।*

ਭਾਈ ਗੁਰਦਾਸ ਅਨੁਸਾਰ ਗੁਰਸਿਖ ਦਾ ਇਹ ਫਰਜ਼ ਹੈ ਕਿ ਉਹ ਸੰਗਤ ਵਿਚ ਜਾਵੇ, ਹੱਥੀ ਕਾਰ ਕਮਾਏ ਤੇ ਵੰਡ ਕੇ ਛੱਕੇ :

*ਹਥੀ ਕਾਰ ਕਮਾਵਣੀ ਪੈਰੀ ਚਲਿ ਸਤਿ ਸੰਗ ਮਿਲੇਹੀ।*
*ਕਿਰਤਿ ਵਿਰਤਿ ਕਰਿ ਧਰਮ ਦੀ ਖਟਿ ਖਵਾਲਣ ਭਾਈ ਝਰੇਹੀ।*

*(ਵਾਰਾਂ ਭਾਈ ਗੁਰਦਾਸ)*

*ਨਾਮ ਨਾਦ ਇਸਨਾਨੁ ਦ੍ਰਿੜ ਸਾਧ ਸੰਗਤਿ ਮਿਲਿ ਅੰਮ੍ਰਿਤ ਵੇਲਾ।*

*(ਵਾਰਾਂ ਭਾਈ ਗੁਰਦਾਸ)*

ਨਿਮਰਤਾ ਜਿਹੇ ਗੁਣ ਸਤਿ ਸੰਗਤ ਵਿਚੋਂ ਹੀ ਪ੍ਰਾਪਤ ਹੁੰਦੇ ਹਨ :

*ਗੁਰੂ ਸਿਖਾਂ ਗੁਰ ਸਿਖ ਸੇਵਾ ਲਾਇਆ*
*ਸਾਧ ਸੰਗਤਿ ਕਰਿ ਸੇਵ ਸੁਖ ਫਲ ਪਾਇਆ।*

*(ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 148)*

ਸਤਿ ਸੰਗਤ ਵਿਚ ਅਜਿਹੀ ਸ਼ਕਤੀ ਹੈ ਜਿਸ ਵਿਚ ਆਪਣੇ ਪਰਾਏ, ਮੇਰੀ ਤੇਰੀ, ਮਿਤਰ ਵੈਰੀ ਸਭ ਇਕ ਸਮਾਨ ਦਿਖਾਈ ਦਿੰਦੇ ਹਨ। ਹਰ ਇਕ ਵਿਚ ਉਸ ਪਰਮਾਤਮਾ ਦੀ ਜੋਤ ਦਿਖਾਈ ਦਿੰਦੀ ਹੈ।

*ਬਿਸਰਿ ਗਈ ਸਭ ਤਾਤਿ ਪਰਾਈ, ਜਬ ਤੇ ਸਾਧ ਸੰਗਤਿ ਮੋਹਿ ਪਾਈ।*
*ਨਾ ਕੋ ਬੈਰੀ ਨਹੀਂ ਬਿਗਾਨਾ, ਸਗਲ ਸੰਗਿ ਹਮ ਕਉ ਬਨਿ ਆਈ।।*

*(ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 1299)*

ਇਹੀ ਕਾਰਨ ਹੈ ਕਿ ਸਤਿ ਸੰਗਤ ਨੂੰ ਸਿੱਖ ਧਰਮ ਵਿਚ ਇੰਨੀ ਪ੍ਰਮੁੱਖਤਾ ਦਿੱਤੀ ਗਈ ਹੈ ਤਾਂ ਕਿ ਸੰਸਾਰ ਵਿਚ ਰਹਿੰਦਾ ਹੋਇਆ ਜਗਿਆਸੂ ਭਲੇ ਲੋਕਾਂ ਦੀ ਸੰਗਤ ਕਰਦਾ ਹੋਇਆ ਪਰਮ ਪਿਤਾ ਪਰਮਾਤਮਾ ਨਾਲ ਅਭੇਦਤਾ ਪ੍ਰਾਪਤ ਕਰ ਸਕੇ।

### 1.3.7 ਨਿਸ਼ਕਰਸ਼

ਇਸ ਤਰ੍ਹਾਂ ਅਸੀਂ ਦੇਖ ਸਕਦੇ ਹਾਂ ਕਿ ਸੰਗਤ ਦੀ ਪ੍ਰਥਾ ਧਰਮ ਅਤੇ ਸਮਾਜ ਵਿੱਚ ਗੁਰੂ ਸਾਹਿਬਾਨ ਦੇ ਸਮੇ ਪੂਰੀ ਤਰ੍ਹਾਂ ਪ੍ਰਚਲਿਤ ਹੋ ਗਈ ਅਤੇ ਜਿੱਥੇ=ਜਿੱਥੇ ਸੰਗਤਾਂ ਸਥਾਪਿਤ ਹੋਈਆਂ ਮਨੁੱਖੀ ਜੀਵਨ ਨੂੰ ਗੁਰ-ਸ਼ਬਦ ਅਤੇ ਗੁਰ-ਆਸ਼ੇ ਅਨੁਸਾਰ ਜੀਵਨ ਨੂੰ ਢਾਲਣ ਦੀ ਪ੍ਰੇਰਣਾ ਮਿਲਣ ਲੱਗੀ, ਮਨ ਆਤਮਕ ਉੱਨਤੀ ਵੱਲ ਲੱਗਣ ਲੱਗਾ, ਊਚ-ਨੀਚ ਦੀ ਭਾਵਨਾ ਖਤਮ ਹੋਣ ਲੱਗੀਂ ਮਨ ਪ੍ਰਮਾਤਮਾ ਨਾਲ ਜੁੜਨ ਲੱਗਾ, ਲੋਕਾਂ ਦਾ ਆਪਸ ਵਿੱਚ ਪਿਆਰ ਵਧਣ ਲੱਗਾ, ਫੋਕੇ ਕਰਮ ਕਾਂਡਾਂ ਅਤੇ ਵਹਿਮ ਭਰਮਾਂ ਤੋਂ ਛੁਟਕਾਰਾ ਹੋਣ ਲੱਗਾ ਅਤੇ ਵਿਅਕਤੀ ਨਿਜੀ ਸੁਆਰਥਾਂ ਤੋਂ ਉੱਪਰ ਉੱਠ ਕੇ ਸਰਬੱਤ ਦੇ ਭਲੇ ਹਿੱਤ ਕੰਮ ਕਰਨ ਲੱਗਾ। ਸੋ ਸੰਗਤ ਦੀ ਪ੍ਰਥਾ ਕਾਰਨ ਨੂੰ ਅੰਤਰ-ਧਾਰਮਿਕ ਦਵੈਸ਼ ਵੀ ਖਤਮ ਹੋਣ ਲੱਗੇ ਅਤੇ ਲੋਕ ਦੂਜੇ ਧਰਮਾਂ ਵਿੱਚ ਪ੍ਰਗਟ ਹੋਏ ਸੱਚ ਦੇ ਪ੍ਰਕਾਸ਼ ਨੂੰ ਵੀ ਸੁਣਨ ਅਤੇ ਸਮਝਣ ਵੱਲ ਪ੍ਰੇਰਿਤ ਹੋਣ ਲੱਗੇ। ਸੋ ਇਹ ਸੰਸਥਾ ਸਿੱਖੀ ਸਿਧਾਂਤਾਂ ਨੂੰ ਅਮਲੀ ਰੂਪ ਦੇਣ ਵਿੱਚ ਸਹਾਈ ਸਿੱਧ ਹੋਈ।

### 1.3.8 ਅਭਿਆਸ ਲਈ ਪ੍ਰਸ਼ਨ

1) ਸਿੱਖ ਧਰਮ ਦੀ ਪਹਿਲੀ ਸੰਸਥਾ 'ਸੰਗਤ' ਦੇ ਮੂਲ ਰੂਪ ਦਾ ਵਿਸਥਾਰ ਸਹਿਤ ਬਿਉਰਾ ਦਿਉਂ
2) ਗੁਰੂ ਨਾਨਕ ਦੇਵ ਦੇ ਸੰਗਤ ਦੀ ਸੰਸਥਾ ਦੇ ਖਾਲਸਾ ਸਰੂਪ ਤੱਕ ਦਾ ਵਰਣਨ ਕਰੋ।
3) "ਤਿਉ ਸਤਿ ਸੰਗਤਿ ਮਿਲਿ ਪਤਿਤ ਪਾਰਵਾਣੁ"।

### 1.3.9 ਸਹਾਇਕ ਪੁਸਤਕਾਂ

Teja Singh, Ideals and Institutions of Sikhism

ਡਾ. ਸ਼ੇਰ ਸਿੰਘ, ਗੁਰਮਤਿ ਦਰਸ਼ਨ, ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ

ਡਾ. ਜਸਬੀਰ ਸਿੰਘ ਆਹਲੂਵਾਲੀਆ, ਸਿੱਖ ਫਲਸਫੇ ਦੀ ਭੂਮਿਕਾ

ਡਾ. ਮਹਿੰਦਰ ਕੌਰ ਗਿੱਲ, ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨ ਕਲਾ

ਪਾਠ ਨੰ. : 1.4

# ਪੰਗਤ/ਲੰਗਰ

1.4.1 ਉਦੇਸ਼
1.4.2 ਭੂਮਿਕਾ
1.4.3 ਪਿਛੋਕੜ
1.4.4 ਲੰਗਰ ਪ੍ਰਥਾ ਦੀ ਸ਼ੁਰੂਆਤ
1.4.5 ਗੁਰੂ ਕਾਲ ਦੌਰਾਨ ਲੰਗਰ ਪ੍ਰਥਾ ਦਾ ਪ੍ਰਬੰਧ ਅਤੇ ਮੰਤਵ
1.4.6 ਲੰਗਰ ਪ੍ਰਥਾ ਦਾ ਸਿਧਾਂਤਕ ਪੱਖ
1.4.7 ਸਿੱਟਾ
1.4.8 ਅਭਿਆਸ ਲਈ ਪ੍ਰਸ਼ਨ
1.4.9 ਸਹਾਇਕ ਪੁਸਤਕਾਂ

## 1.4.1 ਉਦੇਸ਼

ਇਸ ਪਾਠ ਦਾ ਉਦੇਸ਼ ਪੰਗਤ/ਲੰਗਰ ਦੀ ਪਰੰਪਰਾ ਬਾਰੇ ਜਾਣਕਾਰੀ ਦੇਣਾ ਹੈ। ਇਸਦਾ ਪਿਛੋਕੜ ਅਤੇ ਸਿਧਾਂਤਕ ਪੱਖ ਬਾਰੇ ਜਾਣੂ ਕਰਵਾਉਣਾ ਹੈ।

## 1.4.2 ਭੂਮਿਕਾ

ਸਿੱਖ ਧਰਮ ਵਿਚ ਸੰਗਤ (ਗੁਰੂ ਦੀ ਹਜ਼ੂਰੀ ਵਿਚ ਸਿੱਖਾਂ ਦਾ ਮਿਲ ਬੈਠਣਾ ਤੇ ਗੁਰੂ ਜਸ ਕਰਨਾ) ਦੇ ਨਾਲ ਪੰਗਤ ਭਾਵ 'ਗੁਰੂ ਕਾ ਲੰਗਰ' ਦੀ ਵੀ ਬੜੀ ਮਹਾਨਤਾ ਹੈ। ਸੰਗਤ ਵਿਚ ਬੈਠ ਕੇ ਜਿਥੇ ਗੁਰਸਿੱਖ ਬਿਨਾਂ ਕਿਸੇ ਜਾਤੀ ਅਤੇ ਮਜ਼ਬੀ ਭੇਦ ਭਾਵ ਦੇ ਗੁਰੂ ਜਸ ਸ੍ਰਵਣ ਕਰਦੇ ਹਨ। ਉਥੇ ਉਹ ਇਕੋ ਪੰਗਤ ਵਿਚ ਬੈਠ ਕੇ ਬਿਨ੍ਹਾਂ ਕਿਸੇ ਮਜ਼ਬੀ, ਜਾਤੀ ਜਾਂ ਕੌਮੀ ਭੇਦ ਭਾਵ ਦੇ ਇਕੋ ਰਸੋਈ ਵਿਚ ਤਿਆਰ ਕੀਤਾ ਹੋਇਆ ਭੋਜਨ ਛਕਦੇ ਹਨ। ਇਕ ਪੰਗਤ ਵਿਚ ਬੈਠ ਕੇ ਸਾਰਿਆਂ ਦੁਆਰਾ ਇਕੱਠੇ ਬੈਠ ਕੇ ਛਕੇ ਜਾਦੇ ਭੋਜਨ ਨੂੰ ਗੁਰੂ ਕਾ ਲੰਗਰ ਆਖਦੇ ਹਨ। ਲੰਗਰ ਦੀ ਪ੍ਰਥਾ ਮਾਨਵ ਸਮਾਜ ਦੀ ਏਕਤਾ ਤੇ ਚੇਤੰਨਤਾ ਦਾ ਪ੍ਰਤੀਕ ਹੈ।

## 1.4.3 ਪਿਛੋਕੜ

ਗੁਰੂ ਨਾਨਕ ਦੇਵ ਜੀ ਦੇ ਆਗਮਨ ਤੋਂ ਪਹਿਲਾਂ ਭਾਰਤ ਦੀ ਹਾਲਤ ਬੜੀ ਤਰਸਯੋਗ ਸੀ। ਭਾਰਤੀ ਸਮਾਜ ਕਈ ਵਰਗਾਂ ਵਿਚ ਵੰਡਿਆ ਹੋਇਆ ਸੀ ਤੇ ਇਹ ਵਰਗ ਅਗੋਂ ਕਈ ਸ਼੍ਰੇਣੀਆਂ ਵਿਚ ਵੰਡੇ ਹੋਏ ਸਨ। ਇਕ ਵਰਗ ਦੇ ਲੋਕ ਦੂਜੇ ਵਰਗ ਦੇ ਲੋਕਾਂ ਨੂੰ ਨਫਰਤ ਦੀਆਂ ਨਿਗਾਹਾਂ ਨਾਲ ਵੇਖਦੇ ਸਨ। ਊਚ ਨੀਚ ਦੀ ਭਾਵਨਾ ਕਾਰਨ ਲੋਕਾਂ ਵਿਚ ਆਪਸੀ ਪਿਆਰ ਨਹੀਂ ਸੀ। ਇਹੀ ਕਾਰਣ ਹੈ ਕਿ ਭਾਰਤੀ ਇਤਿਹਾਸ ਵਿਚ ਅਸੀਂ ਇਕ ਤੋਂ ਪਿਛੋਂ ਇਕ ਹਮਲਾਵਰ ਦੇਖ ਸਕਦੇ ਹਾਂ ਜਿਨ੍ਹਾਂ ਨੇ ਇਥੋਂ ਦੇ ਲੋਕਾਂ ਨੂੰ ਸਦਾ ਮਨ ਚਾਹੇ ਢੰਗਾਂ ਨਾਲ ਲੁਟਿਆ। ਰਾਜੇ ਜਿਨ੍ਹਾਂ ਤੋਂ ਲੋਕਾਂ ਨੂੰ ਇਨਸਾਫ ਦੀ ਉਮੀਦ ਹੁੰਦੀ ਸੀ, ਸਗੋਂ ਉਹ ਲੋਕਾਂ ਤੇ ਜੁਲਮ ਕਰ ਰਹੇ ਸਨ। ਅਹਿਲਕਾਰ ਰੰਗਾਂ ਮਸਤੀਆਂ ਵਿਚ ਗਲਤਾਨ ਸਨ ਜਿਸ ਦੇ ਉਦਾਹਰਣ ਸਾਨੂੰ ਉਸ ਸਮੇਂ ਦੀ ਬਾਣੀ ਵਿਚੋਂ ਮਿਲਦੇ ਹਨ :

*ਰਾਜੇ ਸੀਹ ਮੁਕਦਮ ਕੁਤੇ*
*ਜਾਇ ਜਗਾਇਨ ਬੈਠੇ ਸੁਤੇ*

*(ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 1288)*

*ਜਾਂ*

*ਸਾਹਾਂ ਸੁਰਤਿ ਗਵਾਈਆਂ ਰੰਗ ਤਮਾਸੇ ਚਾਇ*

*(ਪੰਨਾ 417)*

ਲੋਕ ਧਰਮ ਦੇ ਅਸਲੀ ਰੂਪ ਨੂੰ ਭੁੱਲ ਕੇ ਕਰਮ-ਕਾਂਡਾਂ ਵਿਚ ਫਸੇ ਹੋਏ ਸਨ। ਵਹਿਮ, ਭਰਮ, ਪਖੰਡ, ਜਾਦੂ ਮੰਤਰ ਆਦਿ ਧਰਮ ਦਾ ਅੰਗ ਬਣ ਚੁਕੇ ਸਨ। ਹਿੰਦੂ ਹੀ ਨਹੀਂ ਮੁਸਲਮਾਨ ਵੀ ਆਪਣੇ ਧਾਰਮਿਕ ਫਰਜ਼ ਭੁਲਾ ਚੁਕੇ ਸਨ। ਇਹ ਧਰਮ ਦੇ ਠੇਕੇਦਾਰ ਲੋਕ ਸਗੋਂ ਆਪਸੀ ਮਿੱਤਰਤਾ ਬਣਾਉਣ ਦੀ ਥਾਂ ਲੋਕਾਂ ਨੂੰ ਧਰਮ ਦੇ ਨਾਂ ਤੇ ਲੜਾ ਰਹੇ ਸਨ, ਜਿਵੇਂ :

*ਕਾਦੀ ਕੂੜੁ ਬੋਲਿ ਮਲ ਖਾਇ*
*ਬ੍ਰਾਹਮਣ ਨਾਵੈ ਜੀਆ ਘਾਇ*
*ਜੋਗੀ ਜੁਗਤਿ ਨਾ ਜਾਣੈ ਅੰਧ*
*ਤੀਨੇ ਉਜਾੜੇ ਕੇ ਬੰਧੁ।*

*(ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 662)*

ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਧਰਮ ਵਿਚ ਆਮ ਤੌਰ ਤੇ ਅਧਿਆਤਮੀ ਕਾਰਣ ਨੂੰ ਤਾਂ ਕੇਂਦਰਤ ਪ੍ਰਾਪਤ ਸੀ ਪਰ ਸਮਾਜੀਕਰਣ ਵੱਲ ਬਹੁਤਾ ਧਿਆਨ ਨਹੀਂ ਸੀ ਦਿੱਤਾ ਜਾਂਦਾ। ਇਹੋ ਗੱਲ ਧਰਮ ਦੀ ਅਧੋਗਤੀ ਵਿਚ ਹਿੱਸਾ ਪਾਉਂਦੀ ਰਹੀ। ਗੁਰੂ ਨਾਨਕ ਦੇਵ ਜੀ ਨੇ ਧਰਮ ਵਿਚ ਅਧਿਆਤਮਿਕਤਾ ਦੇ ਨਾਲ ਨਾਲ ਸਮਾਜਿਕ ਜੀਵਨ ਨੂੰ ਪਹਿਲ ਦੇ ਆਧਾਰ ਤੇ ਜੋੜਿਆ ਤੇ ਆਪਣਾ ਉਦੇਸ਼ ਬਿਨਾਂ ਕਿਸੇ ਨਸਲ, ਲਿੰਗ ਭੇਦ ਦੇ ਸਾਰੇ ਲੋਕਾਂ ਲਈ ਇਕੋ ਜਿਹਾ ਦਿੱਤਾ।

*ਖਤ੍ਰੀ, ਬ੍ਰਾਹਮਣ, ਸੂਦ, ਵੈਸ, ਉਪਦੇਸ਼ ਚਹੁ ਵਰਨਾ ਕਉ ਸਾਂਝਾ।*

*(ਰਾਗ ਸੂਹੀ ਮ. 5)*

ਹਰਿਮੰਦਰ ਸਾਹਿਬ ਦੇ ਚਾਰ ਦਰਵਾਜ਼ੇ ਚਾਰੇ ਵਰਣਾਂ ਲਈ ਸਾਂਝੇ ਉਪਦੇਸ਼ ਦੇ ਪ੍ਰਤੀਕ ਹਨ। ਇਸ ਲਈ ਗੁਰੂ ਜੀ ਦੇ ਆਪਣੇ ਸਿੱਧਾਂਤਾਂ ਵਿਚ ਨਾਮ ਜਪਕੇ ਜਿੱਥੇ ਸਿੱਖ ਨੂੰ ਪਰਮਾਤਮਾ ਨਾਲ ਅਭੇਦਤਾ ਪ੍ਰਾਪਤ ਕਰਨ ਲਈ ਕਿਹਾ ਉਥੇ ਸਾਰੀ ਮਨੁੱਖਤਾ ਨਾਲ ਸਾਂਝ ਅਤੇ ਅਭੇਦਤਾ ਵਰਤਾਉਣ ਦਾ ਹੁਕਮ ਵੀ ਦਿੱਤਾ ਗਿਆ। ਨਾਮ ਜਪਣ ਨਾਲ ਜਿਥੇ ਰੱਬ ਨਾਲ ਰਿਸ਼ਤਾ ਪ੍ਰਪੱਕ ਹੁੰਦਾ ਹੈ ਉਥੇ ਦਸਾਂ ਨਹੁੰਆਂ ਦੀ ਸੱਚੀ ਕਿਰਤ ਕਰਨ ਦਾ ਵੀ ਉਪਦੇਸ਼ ਦਿੱਤਾ। ਉਸ ਸੱਚੀ ਕਿਰਤ ਕਮਾਈ ਵਿਚੋਂ ਕੁਝ ਹਿੱਸਾ ਦਾਨ ਕਰਨ ਦਾ ਵੀ ਉਪਦੇਸ਼ ਦਿੱਤਾ ਤਾਂ ਕਿ ਇਸ ਨੂੰ ਲੋੜਵੰਦ, ਅਪਾਹਜ ਤੇ ਹਰ ਵਰਗ ਦੇ ਲੋਕ ਇਕੱਠੇ ਬੈਠ ਕੇ ਛਕ ਸਕਣ। ਨਾਮ ਜਪਣ, ਕਿਰਤ ਕਰਨ ਤੇ ਵੰਡ ਛਕਣ ਦੇ ਸਿਧਾਂਤਾਂ ਨੇ ਮਾਨਵੀਕਰਣ ਤੇ ਭਰਾਤਰੀ ਭਾਵ ਦੇ ਉਦੇਸ਼ਾਂ ਦੀ ਪੂਰਤੀ ਵਿਚ ਅਹਿਮ ਹਿੱਸਾ ਪਾਇਆ। ਨਾਮ ਜਪਣ ਨਾਲ ਜਿਥੇ ਅਧਿਆਤਮਿਕ ਪੂਰਤੀ ਹੁੰਦੀ ਹੈ ਕਿਰਤ ਨਾਲ ਸਰੀਰ ਰਿਸ਼ਟ ਪੁਸ਼ਟ ਰਹਿੰਦਾ ਹੈ, ਵੰਡ ਛਕਣ ਨਾਲ ਹੰਕਾਰ ਦੀ ਭਾਵਨਾ ਖਤਮ ਹੁੰਦੀ ਹੈ ਤੇ ਆਪਸੀ ਪਿਆਰ ਵਧਦਾ ਹੈ। ਇਸ ਤੋਂ ਪਹਿਲਾਂ ਇਸਲਾਮ ਵਿਚ ਜਾਤੀ ਭੇਦ ਭਾਵ ਨਹੀਂ ਸੀ। ਇਸੇ ਕਾਰਨ ਮੁਸਲਮਾਨਾਂ ਵੱਡੀਆਂ ਵੱਡੀਆਂ ਜਿੱਤਾ ਪ੍ਰਾਪਤ ਕੀਤੀਆਂ। ਇਸੇ ਤਰ੍ਹਾਂ ਨਾਮ ਜਪਣ, ਕਿਰਤ ਕਰਨਾ ਤੇ ਵੰਡ ਛੱਕਣਾ ਤਿੰਨ ਉਪਦੇਸ਼ ਨੇ ਮਾਨਵ ਏਕਤਾ ਨੂੰ ਇਕੋ ਸੂਤਰ ਵਿਚ ਪਰੋਂਦੇ ਹਨ ਤੇ ਪੰਗਤ ਤੇ ਲੰਗਰ ਨੇ ਇਸ ਉਪਦੇਸ਼ ਨੂੰ ਦ੍ਰਿੜ੍ਹ ਕਰਵਾਉਣ ਲਈ ਸੋਨੇ ਤੇ ਸੁਹਾਗੇ ਵਾਲਾ ਕੰਮ ਕੀਤਾ।

**1.4.4 ਲੰਗਰ ਪ੍ਰਥਾ:** ਲੰਗਰ ਪ੍ਰੰਪਰਾ ਕਦੋਂ ਸ਼ੁਰੂ ਹੋਈ ਇਸ ਸੰਬੰਧੀ ਨਿਸ਼ਚੇ ਨਾਲ ਕੁਝ ਨਹੀਂ ਕਿਹਾ ਜਾ ਸਕਦਾ। ਹੋ ਸਕਦਾ ਹੈ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਲੰਗਰ ਪ੍ਰਥਾ ਸਿਧਾਂ ਜਾਂ ਸਾਧੂਆਂ ਦੇ ਡੇਰਿਆਂ ਤੇ ਜੈਨੀ ਅਤੇ ਬੋਧੀਆਂ ਦੇ ਮੱਠਾਂ ਤੇ ਕਾਇਮ ਹੋਵੇ ਪਰ ਉਥੇ ਜੋ ਲੰਗਰ ਪ੍ਰਥਾ ਪ੍ਰਚਲਿਤ ਹੋਈ ਉਹ ਸਿਰਫ ਖਾਸ ਲੋਕਾਂ ਤੱਕ ਹੀ ਸੀਮਿਤ ਹੁੰਦੀ ਸੀ। ਗੁਰੂ ਨਾਨਕ ਦੇਵ ਜੀ ਆਪਣੀਆਂ ਉਦਾਸੀਆ ਦੌਰਾਨ ਸਾਰੇ ਹਿੰਦੁਸਤਾਨ ਦਾ ਚੱਕਰ ਲਾ ਕੇ ਦੇਖ ਚੁਕੇ ਕਿ ਥਾਂ ਥਾਂ ਭਿੰਨ ਭੇਦ ਸਨ। ਇਸ ਲਈ ਉਹਨਾਂ ਨੇ ਗੁਰੂ ਸਿਧਾਂਤਾਂ ਵਿਚ ਇਨ੍ਹਾਂ ਭਿੰਨਤਾਵਾਂ ਲਈ ਕੋਈ ਥਾਂ ਨਹੀਂ ਛੱਡੀ।

ਗੁਰੂ-ਘਰ ਵਿਚ ਲੰਗਰ ਸ਼ਬਦ ਕਿਵੇਂ ਪ੍ਰਚਲਿਤ ਹੋਇਆ ਇਸ ਸੰਬੰਧੀ ਕੋਈ ਖਾਸ ਠੋਸ ਸਬੂਤ ਪ੍ਰਾਪਤ ਨਹੀਂ

ਹੁੰਦਾ। ਹੋ ਸਕਦਾ ਹੈ ਸਾਡੇ ਰਬਾਬੀ ਭਾਈਚਾਰੇ ਤੋਂ ਇਹ ਸ਼ਬਦ ਗੁਰੂ ਘਰ ਵਿਚ ਆਇਆ ਹੋਵੈ ਕਿਉਂਕਿ ਲੰਗਰ ਸ਼ਬਦ ਪਹਿਲੀ ਵਾਰ 'ਸੱਤਾ' ਤੇ 'ਬਲਵੰਡ' ਜੋ ਗੁਰੂ ਘਰ ਦੇ ਕੀਰਤਨੀਏ ਸਨ ਦੀ ਰਾਮਕਲੀ ਰਾਗ ਵਿਚ ਰਚੀ ਰਚਨਾ ਤੋਂ ਪ੍ਰਾਪਤ ਹੁੰਦਾ ਹੈ। ਉਹਨਾਂ ਨੇ ਗੁਰੂ ਅੰਗਦ ਦੇਵ ਜੀ ਵਲੋਂ ਵਰਤੇ ਲੰਗਰ ਦਾ ਵਰਨਣ ਕੀਤਾ ਹੈ।

*ਲੰਗਰ ਦਉਲਤਿ ਵੰਡੀਐ*
*ਰਸੁ ਅੰਮ੍ਰਿਤ ਖੀਰਿ ਘਿਆਲੀ।*

*(ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 467)*

ਹੋ ਸਕਦਾ ਹੈ ਲੰਗਰ ਸ਼ਬਦ ਸਿੱਖ ਧਰਮ ਵਿਚ ਇਹਨਾਂ ਰਬਾਬੀਆਂ ਰਾਹੀਂ ਹੀ ਆਇਆ ਹੋਵੇ ਤੇ ਇਸ ਤੋਂ ਪਹਿਲਾਂ ਸਿੱਖ ਧਰਮ ਵਿਚ ਲੰਗਰ ਲਈ ਪਾਕਸਾਲ, ਰਸੋਈ ਆਦਿ ਸ਼ਬਦ ਵਰਤੇ ਜਾਂਦੇ ਹੋਣ :

*ਨਿਤ ਰਸੋਈ ਤੇਰੀਐ ਘਿਓ ਮੈਦਾ ਖਾਣ।*

*(ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 968)*

*ਅਨਿਕ ਪ੍ਰਕਾਰ ਭੋਜਨ ਬਹੁ ਕੀਏ ਬਹੁ ਬਿੰਜਨ ਮਿਸਟਾਏ।*
*ਕਰੀ ਪਾਕਸਾਲ ਸੋਚ ਪਵਿਤ੍ਰ ਹੁਣਿ ਲਾਵਹੁ ਭੋਗ ਹਰਿ ਰਾਏ।*

*(ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 1266)*

ਹਿੰਦੀ ਮਾਣਕ ਕੋਸ਼ ਅਨੁਸਾਰ ਲੰਗਰ ਉਹ ਸਥਾਨ ਹੈ ਜਿਥੇ ਬਹੁਤ ਸਾਰੇ ਲੋਕਾਂ ਦਾ ਭੋਜਨ ਇਕ ਸਾਥ ਪਕਦਾ ਹੋਵੇ ਤੇ ਉਹ ਪਕਿਆ ਹੋਇਆ ਭੋਜਨ ਕਿਸੇ ਨਿਸ਼ਚਿਤ ਸਮੇਂ ਤੇ ਦਰਿਦਰਾਂ ਅਗੇਨਤਾ (ਮਹਿਮਾਨਾਂ) ਵਿਚ ਵੰਡਿਆ ਜਾਂਦਾ ਹੋਵੇ।

ਭਾਈ ਕਾਨ੍ਹ ਸਿੰਘ ਨਾਭਾ ਨੇ ਆਪਣੇ ਮਹਾਨ ਕੋਸ਼ ਵਿਚ ਇਸ ਸ਼ਬਦ ਦੇ ਅਰਥ ਅਨਲਗ੍ਰਿਹ, ਪਾਕਸਾਲ, ਰਸੋਈ ਘਰ, ਕੀਤੇ ਹਨ ਅਤੇ ਉਹ ਥਾਂ ਜਿਥੇ ਅਨਾਥਾਂ ਨੂੰ ਅੰਨਦਾਨ ਮਿਲ ਸਕੇ।

ਸ੍ਰੀ ਗੁਰੂ ਗ੍ਰੰਥ ਕੋਸ਼ ਅਨੁਸਾਰ ਰਸੋਈ ਵਿਚ ਪੱਕੇ ਹੋਏ ਪਦਾਰਥਾਂ ਨੂੰ ਲੰਗਰ ਕਿਹਾ ਜਾਂਦਾ ਹੈ।

ਮਹਾਨ ਕੋਸ਼ ਦੇ ਕਰਤਾ ਇਸ ਦੇ ਕੁਝ ਹੋਰ ਵੀ ਅਰਥ ਕਰਦਾ ਹੈ, ਜਿਵੇਂ ਲੋਹੇ ਦਾ ਇਕ ਵਜਨਦਾਰ ਕੁੰਡਾ ਜਿਸ ਨੂੰ ਪਾਣੀ ਵਿਚ ਸੁੱਟ ਕੇ ਸਮੁੰਦਰੀ ਜਹਾਜ਼ ਨੂੰ ਰੋਕਿਆ ਜਾਂ ਠਹਿਰਾਇਆ ਜਾ ਸਕੇ।

ਭਾਵੇ ਲੰਗਰ ਸ਼ਬਦ ਗੁਰੂ ਘਰ ਵਿਚ ਰਬਾਬੀ ਭਾਈਚਾਰੇ ਤੋਂ ਆਇਆ ਪ੍ਰਤੀਤ ਹੁੰਦਾ ਹੈ ਪਰ ਇਕ ਦ੍ਰਿਸ਼ਟੀਕੋਣ ਇਹ ਵੀ ਹੈ ਕਿ ਪੁਰਾਣੇ ਸਮਿਆਂ ਵਿਚ ਆਵਾਜਾਈ ਦੇ ਸਾਧਨ ਬਹੁਤੇ ਚੰਗੇ ਨਹੀਂ ਸਨ। ਥਲ ਸੈਨਾ ਤੇ ਹਵਾਈ ਸੈਨਾ ਬਹੁਤ ਪਛੜ ਕੇ ਹੋਂਦ ਵਿਚ ਆਈਆਂ। ਪਰ ਜਲ ਸੈਨਾਂ ਬਹੁਤ ਪਹਿਲਾਂ ਹੋਂਦ ਵਿਚ ਆ ਚੁੱਕੀ ਸੀ ਤੇ ਵਿਉਪਾਰ ਵੀ ਸਮੁੰਦਰੀ ਬੇੜਿਆਂ ਰਾਹੀਂ ਹੀ ਕੀਤਾ ਜਾਂਦਾ ਸੀ ਤੇ ਮਲਾਹ ਲੋਕ ਸਮੁੰਦਰੀ ਬੇੜਿਆਂ ਦੇ ਕਾਫਲੇ ਬਣਾ ਕੇ ਆਉਂਦੇ ਜਾਂਦੇ ਸਨ। ਇਹ ਲੋਕ ਜਹਾਜ਼ ਨੂੰ ਉਦੋਂ ਹੀ ਰੋਕਦੇ ਸਨ ਜਦੋਂ ਕੁਝ ਖਾਣ ਪੀਣ ਨੂੰ ਲੈਣਾ ਹੁੰਦਾ ਸੀ ਤੇ ਇਹ ਲੋਕ ਜਹਾਜ਼ ਦਾ ਲੰਗਰ ਸੁੱਟ ਲੈਂਦੇ ਸਨ। ਲੰਗਰ ਸੁੱਟਣ ਤੋਂ ਭਾਵ ਸੀ ਰੁਕ ਜਾਣਾ ਤੇ ਟਿਕਾਉ ਵਿਚ ਮਨ ਮੁਕਤ ਹੋ ਕੇ ਪਦਾਰਥ ਛਕਣਾ। ਭਾਵ ਬੇੜੇ ਨੂੰ ਲੰਗਰ ਸੁੱਟਣ ਉਪਰੰਤ ਨਿਸ਼ਚਿਤ ਭੋਜਨ ਛਕਣਾ। ਹੋ ਸਕਦਾ ਹੈ ਇਹੀ ਲੰਗਰ ਸ਼ਬਦ ਹੌਲੀ ਹੌਲੀ ਸਿੱਖ ਸਮਾਜ ਵਿਚ ਪ੍ਰਵੇਸ਼ ਕਰ ਗਿਆ ਹੋਵੇ। ਇਸ ਪ੍ਰਕਾਰ ਜਨ ਸਮੂਹ ਲਈ ਬਣਾਏ ਗਏ ਭੋਜਨ ਨੂੰ ਲੰਗਰ ਕਿਹਾ ਜਾਂਦਾ ਹੈ ਜੋ ਸਮੂਹਿਕ ਤੌਰ ਤੇ ਇਕੱਠਿਆਂ ਬੈਠ ਕੇ ਬਿਨਾਂ ਕਿਸੇ ਭੇਦ ਭਾਵ ਦੇ ਇਕ ਪੰਗਤ ਵਿਚ ਛਕਿਆ ਜਾਵੇ।

ਲੰਗਰ ਸ਼ਬਦ ਭਾਵੇਂ ਕਿਸੇ ਪ੍ਰੰਪਰਾਂ ਵਿਚੋਂ ਆਇਆ ਹੋਵੇ ਪਰ ਇਸ ਸੰਬੰਧੀ ਦੋ ਰਾਵਾਂ ਨਹੀਂ ਹੋ ਸਕਦੀਆਂ ਕਿ ਲੰਗਰ ਪ੍ਰਥਾ ਦੀ ਪਹਿਲੀ ਸ਼ੁਰੂਆਤ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਸ ਸਮੇਂ ਸ਼ੁਰੂ ਕੀਤੀ ਜਦੋਂ ਗੁਰੂ ਜੀ ਨੂੰ ਉਹਨਾਂ ਦੇ ਪਿਤਾ ਮਹਿਤਾ ਕਾਲੂ ਜੀ ਨੇ 20 ਰੁਪਏ ਦੇ ਕੇ ਚੂਹੜਕਾਣੇ ਦੀ ਮੰਡੀ ਤੇ ਵਪਾਰ ਕਰਨ ਲਈ ਭੇਜਿਆ ਤੇ ਆਪ ਉਹ 20 ਰੁਪਏ ਭੁੱਖੇ ਸਾਧੂਆਂ ਲਈ ਭੋਜਨ ਛਕਾਉਣ ਤੇ ਖਰਚ ਕਰ ਆਏ। ਜਦੋਂ ਗੁਰੂ ਜੀ ਨੇ ਉਹਨਾਂ ਭੁੱਖੇ ਸਾਧੂਆਂ ਨੂੰ ਦੇਖਿਆ ਤਾਂ ਉਹਨਾਂ ਦਾ ਸੱਚਾ ਮਨ ਇਹ ਸਹਿਣ ਨਾ ਕਰ ਸਕਿਆ ਕਿ ਉਹਨਾਂ ਦੇ ਸਾਹਮਣੇ ਕੋਈ ਭੁੱਖਾ ਰਹੇ। ਇਥੋਂ ਸਿੱਖ ਧਰਮ ਵਿਚ ਲੰਗਰ ਪ੍ਰਥਾ ਦੀ ਸ਼ੁਰੂਆਤ ਮੰਨ ਸਕਦੇ ਹਾਂ।

ਦੂਜਾ, ਜਨਮ ਸਾਖੀਆਂ ਅਨੁਸਾਰ ਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਉਦਾਸੀਆਂ ਦੌਰਾਨ ਜਿਥੇ ਜਿੱਥੇ ਟਿਕਾਣੇ ਕੀਤੇ। ਉਥੇ ਉਥੇ ਸ਼ਰਧਾਲੂ ਸਿੱਖਾਂ ਨੂੰ ਹੋਰ ਅਸੂਲਾਂ ਤੋਂ ਇਲਾਵਾ ਇਹ ਵੀ ਦ੍ਰਿੜ ਕਰਵਾਇਆ ਕਿ ਗੁਰਸਿੱਖ ਦੇ ਘਰੋਂ ਕੋਈ ਭੁੱਖਾ ਨਾ ਜਾਵੇ। ਗੁਰਸਿੱਖਾਂ ਦੇ ਘਰ ਸਤਿਸੰਗ ਦਾ ਕੇਂਦਰ ਬਣੇ ਉਥੇ ਸਤਿਸੰਗ ਲਈ ਆਈ ਸੰਗਤ ਦੇ ਆਰਾਮ ਲਈ ਧਰਮਸ਼ਾਲਾਂ ਤੇ ਖਾਣ ਲਈ ਲੰਗਰ ਦਾ ਪ੍ਰਬੰਧ ਕੀਤਾ ਜਾਂਦਾ ਸੀ ਜਿਸ ਦੀ ਸਾਖੀ ਭਾਈ ਗੁਰਦਾਸ ਜੀ ਵੀ ਭਰਦੇ ਹਨ :

ਘਰਿ ਘਰਿ ਅੰਦਰਿ ਧਰਮਸਾਲ ਹੋਵੈ
*ਕੀਰਤਨੁ ਸਦਾ ਵਿਸੋਆ।*

*(ਭਾਈ ਗੁਰਦਾਸ ਪਹਿਲੀ ਪਉੜੀ 27)*

ਇਨਾਂ ਧਰਮਸ਼ਾਲਾਵਾਂ ਅੰਦਰ ਲੰਗਰ ਸੰਗਤ ਲਈ ਬਿਨਾਂ ਕਿਸੇ ਜਾਤੀ ਭੇਦਭਾਵ ਦੇ ਊਚ ਨੀਚ ਦੇ ਇਕ ਪੰਗਤ ਵਿਚ ਬੈਠ ਕੇ ਛਕਾਇਆ ਜਾਂਦਾ ਸੀ। ਜਿਸ ਕਾਰਨ ਗੁਰਸਿੱਖਾਂ ਦੇ ਘਰ ਸੰਗਤ ਲਈ ਖਿਚ ਦਾ ਕਾਰਨ ਬਣੇ। ਗੁਰੂ ਨਾਨਕ ਦੇਵ ਜੀ ਦੇ ਸਮੇਂ ਹੀ ਕਈ ਥਾਈਂ ਸਿੱਖ ਸੰਗਤਾਂ ਦੇ ਕੇਂਦਰ ਕਾਇਮ ਹੋ ਚੁਕੇ ਸਨ। ਜਿਵੇਂ ਭਾਈ ਲਾਲੋ ਦੇ ਜ਼ਿੰਮੇ ਦੱਖਣੀ ਹਿਸੇ ਦਾ ਪ੍ਰਚਾਰ ਕਰਨ ਦਾ ਕੰਮ ਸੀ। ਗੋਪਾਲ ਦਾਸ, ਬਨਾਰਸ ਵਿਖੇ ਗੁਰੂ ਉਪਦੇਸ਼ਾਂ ਦਾ ਪ੍ਰਚਾਰਕ ਸੀ। ਅਜਿਹੇ ਹੋਰ ਵੀ ਕਈ ਪ੍ਰਚਾਰ ਕੇਂਦਰਾਂ ਦਾ ਪਤਾ ਲਗਦਾ ਹੈ। ਹੋ ਸਕਦਾ ਹੈ ਇਹਨਾਂ ਪ੍ਰਚਾਰ ਕੇਂਦਰਾਂ ਵਿਚ ਬਾਹਰੋਂ ਆਈ ਸੰਗਤ ਲਈ ਲੰਗਰ ਅਵੱਸ਼ ਤਿਆਰ ਕੀਤਾ ਜਾਂਦਾ ਹੋਵੇ।

**1.4.5 ਗੁਰੂ ਕਾਲ ਦੌਰਾਨ ਲੰਗਰ ਪ੍ਰਥਾ ਦਾ ਪ੍ਰਬੰਧ ਅਤੇ ਮੰਤਵ :**

ਲੰਗਰ ਦੀ ਸ਼ੁਰੂਆਤ ਦੀ ਪੂਰਨ ਜਾਣਕਾਰੀ ਉਸ ਸਮੇਂ ਤੋਂ ਪ੍ਰਾਪਤ ਹੁੰਦੀ ਹੈ ਜਦੋਂ ਗੁਰੂ ਨਾਨਕ ਦੇਵ ਜੀ ਨੇ ਸਾਰੇ ਸੰਸਾਰ ਵਿਚ ਸੱਚ ਦਾ ਉਪਦੇਸ਼ ਦੇਣ ਉਪਰੰਤ ਆਪਣੀ ਜ਼ਿੰਦਗੀ ਦਾ ਆਖਰੀ ਸਮਾਂ ਕਰਤਾਰਪੁਰ ਬਿਤਾਉਣਾ ਸ਼ੁਰੂ ਕੀਤਾ। ਗਰੂ ਜੀ ਦੇ ਦਰਸ਼ਨਾਂ ਲਈ ਸੰਗਤਾਂ ਦੂਰੋਂ ਦੂਰੋਂ ਆਉਣ ਲੱਗੀਆਂ। ਗੁਰੂ ਜੀ ਨੇ ਬਾਹਰੋਂ ਆਉਣ ਵਾਲੀ ਸੰਗਤ ਲਈ ਧਰਮਸ਼ਾਲਾ ਬਣਾਈ ਤੇ ਸਾਰੇ ਸ਼ਰਧਾਲੂਆਂ ਲਈ ਇਕੱਠਾ ਭੋਜਨ ਤਿਆਰ ਕਰਕੇ, ਇਕ ਪੰਗਤ ਵਿਚ ਬੈਠਾ ਕੇ ਛਕਾਇਆ ਜਾਂਦਾ। ਸਭ ਇਕੋ ਪੰਗਤ ਵਿਚ ਬੈਠ ਕੇ ਛਕਦੇ। ਮਾਤਾ ਸੁਲੱਖਣੀ ਜੀ ਆਪ ਭੋਜਨ ਤਿਆਰ ਕਰਵਾਉਂਦੇ ਤੇ ਬਹੁਤ ਸ਼ਰਧਾ ਨਾਲ ਸੰਗਤ ਨੂੰ ਛਕਾਇਆ ਜਾਂਦਾ ਸੀ ਜਿਥੇ ਜਾਤ-ਪਾਤ ਪੱਖਪਾਤ ਨਾ ਦੀ ਕੋਈ ਚੀਜ਼ ਨਹੀਂ ਸੀ। ਇਸ ਤਰ੍ਹਾਂ ਗੁਰੂ ਘਰ ਸ਼ਰਧਾਲੂਆਂ ਲਈ ਖਿੱਚ ਦਾ ਕਾਰਣ ਬਣਿਆ। ਗੁਰੂ ਜੀ ਨੇ ਆਪਣੇ ਮਿਸ਼ਨ ਵਿਚ ਅਜਿਹਾ ਕ੍ਰਾਂਤੀਕਾਰੀ ਮੋੜ ਲਿਆਂਦਾ ਕਿ ਗੁਰੂ ਘਰੋਂ ਕੋਈ ਭੁੱਖਾ ਨਾ ਜਾਵੇ। ਹਰ ਭੁੱਖੇ ਲਈ ਲੰਗਰ ਤੇ ਚੰਗੇ ਗੁਣ ਗ੍ਰਹਿਣ ਕਰਨ ਲਈ ਸੰਗਤ ਤੇ ਜਾਤੀ ਮਜ਼ਬੀ ਭੇਦ ਮਿਟਾਉਣ ਲਈ ਸੰਗਤ ਦਾ ਸਿਧਾਂਤ ਲਾਗੂ ਕੀਤਾ।

ਸ੍ਰੀ ਗੁਰੂ ਅੰਗਦ ਦੇਵ ਜੀ ਸਮੇਂ ਲੰਗਰ ਪ੍ਰਥਾ ਇਕ ਨਿਸ਼ਚਿਤ ਰੂਪ ਵਿਧੀ ਗ੍ਰਹਿਣ ਕਰ ਚੁੱਕੀ ਸੀ ਜਿਸ ਦਾ ਉਦਾਹਰਣ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਮਿਲਦਾ ਹੈ :

*ਮਾਤਾ ਖੀਵੀ ਨੇਕ ਜਨ*
*ਜਿਨਿ ਗੋਇ ਉਠਾਲੀ*
*ਲੰਗਰ ਦਉਲਤਿ ਵੰਡੀਐ*
*ਰਸਿ ਅੰਮ੍ਰਿਤ ਖੀਰ ਘਿਆਲੀ।।*

*(ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 967)*

ਮਾਤਾ ਖੀਵੀ ਜੀ ਹੋਰ ਸਿੱਖਾਂ ਨਾਲ ਮਿਲਕੇ ਹੱਥੀਂ ਭੋਜਨ ਤਿਆਰ ਕਰਦੇ ਤੇ ਇਹ ਭੋਜਨ ਨਿਸ਼ਚਿਤ ਵਿਧੀ ਅਨੁਸਾਰ ਸ਼ਰਧਾਲੂਆਂ ਨੂੰ ਪੰਗਤ ਵਿਚ ਬੈਠਾ ਕੇ ਛਕਾਇਆ ਜਾਂਦਾ ਤੇ ਸਭ ਨੂੰ ਇਕੋ ਜਿਹਾ ਭੋਜਨ ਵੰਡਿਆ ਜਾਂਦਾ। ਇਸ ਤਰ੍ਹਾਂ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਦਰਬਾਰ ਵਿਚ ਜਿਥੇ ਨਾਮ ਰੂਪੀ ਅਧਿਆਤਮਿਕ ਲੰਗਰ ਵਰਤਦਾ ਉਥੇ ਪਦਾਰਥਿਕ ਲੰਗਰ ਵੀ ਬਿਨਾਂ ਕਿਸੇ ਭੇਦ ਭਾਵ ਤੋਂ ਅਟੁੱਟ ਵਰਤਾਇਆ ਤੇ ਛਕਾਇਆ ਜਾਂਦਾ। ਇਤਿਹਾਸ ਗਵਾਹ ਹੈ ਜਦੋਂ ਹਮਾਯੂੰ ਗੁਰੂ ਅੰਗਦ ਦੇਵ ਦੇ ਦਰਸ਼ਨਾਂ ਨੂੰ ਆਇਆ ਤਾਂ ਉਸ ਨੂੰ ਗੁਰੂ ਦਰਸ਼ਨਾਂ ਤੋਂ ਪਹਿਲਾਂ ਲੰਗਰ ਵਿਚ ਪ੍ਰਸ਼ਾਦਾ ਛਕਾਇਆ ਗਿਆ। ਇਸ ਸਮੇਂ ਤਕ ਗੁਰੂ ਘਰ, ਗੁਰੂ ਸ਼ਬਦ ਦੇ ਨਾਲ ਨਾਲ ਪਦਾਰਥਕ ਭੋਜਨ ਦਾ ਘਰ ਵੀ ਬਣ ਚੁੱਕਾ ਸੀ ਜਿਸ ਦੀ ਪੁਸ਼ਟੀ ਸੱਤਾ ਬਲਵੰਡ ਦੇ ਹੇਠ ਲਿਖੇ ਸ਼ਬਦ ਕਰਦੇ ਹਨ :

*ਲੰਗਰ ਚਲੈ ਗੁਰਸਬਦਿ ਹਰਿ ਤੋਟਿ ਨਾ ਆਵੀ ਖਟੀਐ।*
*ਖਰਚੇ ਦਿਤਿ ਖਸੰਮ ਦੀ ਆਪ ਖਾਹਦੀ ਖੈਰਿ ਦਬਟੀਐ।*

*(ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 967)*

ਗੁਰੂ ਅਮਰਦਾਸ ਜੀ ਦੇ ਸਮੇਂ ਤਕ ਸੰਗਤ ਵਿਚ ਬਹਤੁ ਵਾਧਾ ਹੋ ਚੁੱਕਾ ਸੀ ਤੇ ਸੰਗਤ ਲਈ ਲੰਗਰ ਵਿਚ ਉੱਤਮ ਪਦਾਰਥ ਤਿਆਰ ਕੀਤੇ ਜਾਂਦੇ ਸਨ ਜਿਸ ਦੀ ਉਦਾਹਰਣ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਮਿਲਦੀ ਹੈ :

*ਨਿਤ ਰਸੋਈ ਤਰੀਐ ਘਿਉ ਮੈਦਾ ਖਾਣੁ।*

*(ਪੰਨਾ 968)*

17 ਮਈ 1565 ਈ. ਨੂੰ ਅਕਬਰ ਬਾਦਸ਼ਾਹ ਗੁਰੂ ਅਮਰਦਾਸ ਜੀ ਦੇ ਦਰਸ਼ਨਾਂ ਨੂੰ ਆਇਆ ਤਾਂ ਉਸ ਨੂੰ ਗੁਰੂ ਦਰਸ਼ਨਾਂ ਤੋਂ ਪਹਿਲਾਂ ਲੰਗਰ ਵਿਚ ਬੈਠ ਕੇ ਪ੍ਰਸ਼ਾਦਾ ਛਕਣਾ ਪਿਆ ਤੇ ਅਕਬਰ ਗੁਰੂ ਜੀ ਦੀ ਲੰਗਰ ਪ੍ਰਥਾ ਤੋਂ ਇੰਨਾ ਪ੍ਰਭਾਵਿਤ ਹੋਇਆ ਕਿ ਉਸ ਨੇ ਖੁਸ਼ ਹੋ ਕੇ ਕੁਝ ਜ਼ਮੀਨ ਗੁਰੂ ਘਰ ਲਈ ਦਾਨ ਕਰਨੀ ਚਾਹੀ ਪਰ ਗੁਰੂ ਜੀ ਨੇ ਜ਼ਮੀਨ ਲੈਣ ਤੋਂ ਇਹ ਕਹਿ ਕੇ ਇਨਕਾਰ ਕਰ ਦਿੱਤਾ ਕਿ ਗੁਰੂ ਦਾ ਲੰਗਰ ਕਿਸੇ ਦੀ ਮਿਹਰਬਾਨੀ ਦਾ ਮੁਥਾਜ ਨਹੀਂ। ਗੁਰੂ ਆਪ ਹੀ ਲੰਗਰ ਪਾਣੀ ਲਈ ਰਸਦ ਭੇਜੇਗਾ। ਇਸ ਸਮੇਂ ਲੰਗਰ ਦੀ ਸੇਵਾ ਸੰਭਾਲ ਦਾ ਕਾਰਜ ਬੀਬੀ ਭਾਨੀ ਕਰਦੀ ਸੀ। ਅਕਬਰ ਨੇ ਇਹ ਕਹਿ ਕੇ ਧੀਆਂ ਭੈਣਾਂ ਸਭ ਦੀਆਂ ਸਾਂਝੀਆਂ ਹੁੰਦੀਆਂ ਹਨ, ਝਬਾਲ ਦੇ ਇਲਾਕੇ ਦੀ ਜ਼ਮੀਨ ਬੀਬੀ ਭਾਨੀ ਦੇ ਨਾਂ ਕਰ ਦਿੱਤੀ। ਅਕਬਰ ਬਾਦਸ਼ਾਹ ਦੇ ਗੁਰੂ ਅਮਰਦਾਸ ਜੀ ਦੇ ਨਾਲ ਲੰਗਰ ਪੰਗਤ ਵਿਚ ਬੈਠ ਕੇ ਭੋਜਨ ਛਕਣ ਤੋਂ ਪਤਾ ਲਗਦਾ ਹੈ ਕਿ ਗੁਰੂ ਘਰ ਰਾਜੇ ਤੋਂ ਲੈ ਕੇ ਭਿਖਾਰੀ ਤਕ ਸਭ ਲਈ ਇਕੋ ਥਾਂ ਹੈ ਕਿਸੇ ਲਈ ਅਮੀਰੀ ਗਰੀਬੀ ਦੇ ਆਧਾਰ ਤੇ ਕੋਈ ਭਿੰਨ-ਭੇਦ ਨਹੀ। ਗੁਰੂ ਸਿਧਾਂਤ ਸੀ ਕਿ ਲੰਗਰ ਸਭ ਲੋਕਾਂ ਦੀ ਕਿਰਤ ਵਿਚੋਂ ਚਲਣਾ ਚਾਹੀਦਾ ਹੈ ਕਿਉਂਕਿ ਕਿਸੇ ਇਕ ਵਿਅਕਤੀ ਦੁਆਰਾ ਚਲਾਇਆ ਹੋਇਆ ਲੰਗਰ ਹੰਕਾਰ ਦੀ ਭਾਵਨਾ ਪੈਦਾ ਕਰਦਾ ਹੈ।

ਲੰਗਰ ਦੀ ਮਰਿਆਦਾ ਸਦਕਾ ਹੀ ਬਾਉਲੀ ਹੋਂਦ ਵਿਚ ਆਈ ਬਾਉਲੀ ਦੀ ਹੋਂਦ ਨਾਲ ਗੁਰੂ ਘਰ ਵਿੱਚ ਪਾਣੀ ਦੀ ਥੁੜ੍ਹ ਖਤਮ ਹੋ ਗਈ ਅਤੇ ਇਥੋਂ ਦੇ ਪਾਣੀ ਨਾਲ ਸਮੂਹ ਜਾਤਾਂ, ਵਰਣਾਂ ਦੇ ਲੋਕਾਂ ਦੁਆਰਾ ਇਸ਼ਨਾਨ ਕਰਨ ਨਾਲ ਜਾਤੀ ਪ੍ਰਥਾ ਨੂੰ ਖਤਮ ਕੀਤਾ ਗਿਆ। ਜਿਸ ਦਾ ਕੜ ਭਾਈ ਮਾਣਕ ਚੰਦ ਨੂੰ ਪ੍ਰਾਪਤ ਹੋਇਆ।

ਗੁਰੂ ਰਾਮ ਦਾਸ ਜੀ ਬਚਪਨ ਤੋਂ ਹੀ ਧਾਰਮਿਕ ਸੁਭਾਅ ਦੇ ਮਾਲਕ ਸਨ। ਮੈਕਾਲਿਫ ਅਨੁਸਾਰ ਗੁਰੂ ਜੀ ਦੇ ਬਚਪਨ ਤੋਂ ਹੀ ਉਹਨਾਂ ਦੇ ਮਾਤਾ ਪਿਤਾ ਦੀ ਇਹ ਖਾਹਿਸ਼ ਸੀ ਕਿ ਉਹ ਆਪਣੇ ਨਿਰਬਾਹ ਲਈ ਕੋਈ ਕੰਮ-ਕਾਰ ਲੱਗ ਜਾਣ ਤੇ ਮਾਤਾ ਨੇ ਉਹਨਾਂ ਨੂੰ ਇਕ ਵਾਰ ਘੁੰਗਣੀਆਂ ਉਬਾਲ ਦੇ ਟੋਕਰੀ ਵਿਚ ਪਾ ਕੇ ਦਿੱਤੀਆਂ ਤੇ ਵੇਚ ਆਉਣ ਲਈ ਕਿਹਾ ਪਰ ਆਪ ਘੁੰਗਣੀਆਂ ਬਾਜ਼ਾਰ ਵਿਚ ਵੇਚ ਆਉਣ ਦੀ ਥਾਂ ਦਰਿਆ ਰਾਵੀ ਕਿਨਾਰੇ ਚਲੇ ਗਏ ਤੇ ਉਥੇ ਸਾਧੂ ਸੰਤਾਂ ਨੂੰ ਖਵਾ ਆਏ।

ਗੁਰੂ ਰਾਮਦਾਸ ਜੀ ਨੇ ਵੀ ਲੰਗਰ ਨਿਰੰਤਰ ਜਾਰੀ ਰਖਿਆ। ਆਪ ਗੁਰੂ ਅਮਰਦਾਸ ਜੀ ਦੇ ਸਮੇਂ ਗੋਇੰਦਵਾਲ ਵਿਖੇ ਲੰਗਰ ਬਨਾਉਣ ਵਿਚ ਅਹਿਮ ਹਿੱਸਾ ਪਾਉਂਦੇ। ਲੰਗਰ ਲਈ ਬਾਲਣ ਅਤੇ ਜਲ ਦੀ ਸੇਵਾ ਕਰਨਾ ਆਪ ਦੇ ਮੁੱਖ ਕੰਮ ਸਨ। ਰਾਮਦਾਸ ਪੁਰੇ ਸਰੋਵਰ ਦੀ ਉਸਾਰੀ ਸਮੇਂ ਆਪ ਬਾਬਾ ਬੁੱਢਾ ਜੀ ਨਾਲ ਲੰਗਰ ਦੀ ਸੇਵਾ ਕਰਦੇ ਅਤੇ ਸੰਗਤ ਨੂੰ ਛਕਾਉਂਦੇ। ਬੀਬੀ ਭਾਨੀ ਗੁਰੂ ਕੇ ਮਹਿਲ ਵਿਖੇ ਲੰਗਰ ਦੀ ਸੇਵਾ ਕਰਦੀ। ਗੁਰੂ ਰਾਮਦਾਸ ਜੀ ਅਨੁਸਾਰ ਜੋ ਪ੍ਰਭੂ ਦੀ ਯਾਦ ਵਿਚ ਰਹਿ ਕੇ ਲੰਗਰ ਛਕਦੇ ਹਨ ਉਹਨਾ ਦਾ ਖਾਣਾ ਸਫਲ ਹੋ ਜਾਂਦਾ ਹੈ ਪਰਜੋ ਪਰਮਾਤਮਾ ਨੂੰ ਭੁੱਲ ਜਾਂਦੇ ਹਨ ਓਹ ਦਰ-ਦਰ ਹੱਥ ਪਸਾਰਦੇ ਮੰਗਦੇ ਫਿਰਦੇ ਹਨ :

*ਇਕਨਾਂ ਸਚੁ ਬੁਝਾਇਓਨੁ*
*ਤਿਨਾ ਅਤੁਟ ਭੰਡਾਰ ਦੇਵਾਇਆ।*
*ਹਰਿ ਚੇਤਿ ਖਾਹਿ ਤਿਨਾ ਸਫਲ ਹੈ*
*ਅਚੇਤ ਹਕ ਤਡਾਇਆ।।*

*(ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 85)*

ਗੁਰੂ ਅਰਜਨ ਦੇਵ ਜੀ ਸਮੇਂ ਅੰਮ੍ਰਿਤਸਰ ਸਿੱਖਾਂ ਲਈ ਤੀਰਥ ਅਸਥਾਨ ਬਣ ਚੁੱਕਾ ਸੀ। ਲੰਗਰ ਵਿਚ ਸਵਾਦਲੇ ਭੋਜਨ ਤਿਆਰ ਕੀਤੇ ਜਾਂਦੇ ਸਨ। ਰਾਜੇ, ਰੰਕ, ਅਮੀਰ, ਗਰੀਬ, ਨਿਆਸਰੇ ਤੇ ਮੁਸਾਫਰ ਬਿਨਾਂ ਕਿਸੇ ਵਿਤਕਰੇ ਤੋਂ ਲੰਗਰ ਛਕਦੇ ਹਨ। ਭਾਈ ਮੰਝ ਇਸ ਸਮੇਂ ਗੁਰੂ ਜੀ ਦਾ ਇਕ ਨਿਸ਼ਕਾਮ ਸੇਵਕ ਸੀ ਜੋ ਜੰਗਲ ਵਿਚੋਂ ਗੁਰੂ ਦੇ ਲੰਗਰ ਲਈ ਲਕੜੀਆਂ ਲਿਆਉਣ ਦੀ ਸੇਵਾ ਕਰਿਆ ਕਰਦਾ ਸੀ। ਇਕ ਸਾਖੀਂ ਅਨੁਸਾਰ ਇਕ ਵਾਰ ਬਹੁਤ ਤੁਫਾਨ ਆਇਆ ਤੇ ਭਾਈ ਮੰਝ ਲੱਕੜਾਂ ਦਾ ਗੱਠਾ ਚੁੱਕੀ ਆਉਂਦੇ ਖੂਹ ਵਿਚ ਡਿਗ ਪਏ, ਪਤਾ ਲੱਗਣ ਤੇ ਗੁਰੂ ਜੀ ਸਿੱਖਾਂ ਸਮੇਤ ਖੂਹ ਵਲ ਦੋੜੇ ਤੇ ਭਾਈ ਮੰਝ ਨੂੰ ਬਾਹਰ ਕੱਢਣ ਲਈ ਖੂਹ ਵਿਚ ਰਸਾ ਲਮਕਾਇਆ ਤਾਂ ਭਾਈ ਮੰਝ ਨੇ ਖੂਹ ਵਿਚੋਂ ਹੀ ਬੇਨਤੀ ਕੀਤੀ ਕਿ ਪਹਿਲਾਂ ਲੱਕੜਾਂ ਦਾ ਗੱਠਾ ਬਾਹਰ ਕੱਢਿਆ ਜਾਵੇ ਕਿਉਂਕਿ ਲੰਗਰ ਲਈ ਲੱਕੜਾਂ ਦੀ ਲੋੜ ਸੀ ਤੇ ਲੱਕੜਾਂ ਪਾਣੀ ਨਾਲ ਗਿੱਲੀਆਂ ਹੋ ਜਾਣੀਆਂ ਸਨ। ਇਸ ਤਰ੍ਹਾਂ ਪਹਿਲਾਂ ਲੱਕੜਾਂ ਬਾਹਰ ਕੱਢੀਆਂ ਗਈਆਂ ਤੇ ਫਿਰ ਭਾਈ ਮੰਝ ਬਾਹਰ ਆਏ ਜਿਸ ਤੋਂ ਖੁਸ਼ ਹੋ ਕੇ ਗੁਰੂ ਜੀ ਨੇ ਅਨੇਕਾਂ ਬਖਸ਼ਿਸ਼ਾਂ ਭਾਈ ਮੰਝ ਨੂੰ ਦਿੱਤੀਆਂ :

*ਮੰਝ ਪਿਆਰਾ ਗੁਰੂ ਨੂੰ ਗੁਰ ਮੰਝ ਪਿਆਰਾ*
*ਮੰਝ ਗੁਰੂ ਕਾ ਬੋਹਿਥਾ ਜਗ ਲੰਘਾਵਣਹਾਰਾ।*

1597 ਈ. ਵਿਚ ਪੰਜਾਬ ਵਿਚ ਬਹੁਤ ਵੱਡਾ ਕਾਲ ਪਿਆ ਤੇ ਹਜ਼ਾਰਾਂ ਲੋਕ ਅਨਾਜ ਨਾ ਹੋਣ ਕਾਰਨ ਭੁੱਖ ਨਾਲ ਮਰਨ ਲੱਗੇ। ਇਸ ਸਮੇਂ ਪੰਚਮ ਪਾਤਸ਼ਾਹ ਨੇ 8 ਮਹੀਨੇ ਤੋਂ ਵੱਧ ਸਮਾਂ ਲਾਹੌਰ ਵਿਚ ਰਹਿਕੇ ਬਿਨਾਂ ਕਿਸੇ ਭੇਦ ਭਾਵ ਦੇ ਸੇਵਾ ਕੀਤੀ। ਦਵਾ ਦਾਰੂ ਤੇ ਲੰਗਰ ਦੀ ਸੇਵਾ ਦੇ ਪ੍ਰਬੰਧ ਨੇ ਗੁਰੂ ਜੀ ਨੂੰ ਮਾਨਵ ਸਮਾਜ ਵਿਚ ਹਰਮਨ ਪਿਆਰਾ ਬਣਾ ਦਿੱਤਾ। ਭਾਵੇਂ ਇਸ ਸਮੇਂ ਤੱਕ ਸਿੱਖ ਸੰਗਤ ਵਿਚ ਬਹੁਤ ਵਾਧਾ ਹੋ ਚੁੱਕਾ ਸੀ ਤੇ ਭਾਰੀ ਗਿਣਤੀ ਵਿਚ ਸੰਪਤੀ ਤੇ ਭੇਟਾਵਾਂ ਗੁਰੂ ਲੰਗਰ ਲਈ ਆਉਂਦੀਆਂ ਸਨ ਪਰ ਪ੍ਰਿਥੀ ਚੰਦ ਇਹ ਭੇਟਾਵਾਂ ਰਸਤੇ ਵਿਚ ਹੀ ਹੜਪ ਕਰ ਜਾਂਦਾ ਸੀ ਜਿਸ ਨਾਲ ਗੁਰੂ ਕੇ ਲੰਗਰ ਦੀ ਹਾਲਤ ਵਿਚ ਵਿਗਾੜ ਆਉਣ ਲੱਗਾ। ਇਕ ਵਾਰ ਜਦੋਂ ਭਾਈ ਗੁਰਦਾਸ ਜੀ ਗੋਇੰਦਵਾਲ ਤੋਂ ਅੰਮ੍ਰਿਤਸਰ ਆਏ ਤਾਂ ਰਾਤੀ ਲੰਗਰ ਵਿਚ ਮਿੱਠੇ (ਬਾਸੀ) ਪ੍ਰਸ਼ਾਦੇ ਮਿਲੇ। ਭਾਈ ਸਾਹਿਬ ਬਹੁਤ ਹੈਰਾਨ ਹੋਏ। ਜਿਸ ਲੰਗਰ ਵਿਚ ਖੀਰ, ਕੜਾਹ ਚਲਦਾ ਸੀ ਉਥੇ ਮਿੱਠੇ ਪ੍ਰਸ਼ਾਦੇ : ਪੁੱਛਣ ਤੇ ਮਾਤਾ ਭਾਨੀ ਨੇ ਪ੍ਰਿਥੀ ਚੰਦ ਦੀਆਂ ਸਾਰੀਆਂ ਸਾਜਸ਼ਾਂ ਦੇ ਪਾਜ ਉਘਾੜ ਦਿੱਤੇ। ਜਿਸ ਤੇ ਭਾਈ ਸਾਹਿਬ ਨੇ ਅੰਮ੍ਰਿਤਸਰ ਨੂੰ ਆਉਂਦੇ ਸਾਰੇ ਰਸਤਿਆਂ ਤੇ ਆਪਣੇ ਆਦਮੀ ਛੱਡ ਦਿੱਤੇ ਤਾਂ ਕਿ ਬਾਹਰੋਂ ਆਉਂਦੀ ਰਸਦ ਗੁਰੂ ਲੰਗਰ ਤੱਕ ਪਹੁੰਚ ਸਕੇ। ਇਸ ਤੇ ਗੁਰੂ ਕੇ ਲੰਗਰ ਵਿਚ ਪਹਿਲਾਂ ਵਾਲੀਆਂ ਰੌਣਕਾਂ ਫਿਰ ਆ ਗਈਆਂ।

ਗੁਰੂ ਹਰਿਗੋਬਿੰਦ ਜੀ ਦੇ ਸਮੇਂ ਲੰਗਰ ਪੂਰੀ ਸ਼ਾਨੋ-ਸ਼ੌਕਤ ਨਾਲ ਚਲਦਾ ਸੀ। ਇਸ ਸਮੇਂ ਬਾਬਾ ਅਟੱਲ ਜੀ ਲੰਗਰ ਦੇ ਸੰਚਾਲਕ ਸਨ ਜਿਹੜੇ ਹਰ ਤਰ੍ਹਾਂ ਨਾਲ ਲੰਗਰ ਦੀ ਸੇਵਾ ਕਰਦੇ, ਲੜਾਈ ਦੇ ਮੈਦਾਨ ਵਿਚ ਵੀ ਸਿੱਖਾਂ ਲਈ ਲੰਗਰ ਭੇਜਦੇ। ਉਸ ਸਮੇਂ ਦੀ ਲੰਗਰ ਦੀ ਹਰਮਨ ਪਿਆਰਤਾ ਦਾ ਇਸ ਅਖਾਣ ਤੋਂ ਵੀ ਪਤਾ ਲਗਦਾ ਹੈ ਕਿ ਬਾਬਾ ਅਟੱਲ ਪੱਕੀ ਪਕਾਈ ਘੱਲ। ਗੁਰੂ ਹਰਿਗੋਬਿੰਦ ਜੀ ਸਮੇਂ ਲੰਗਰ ਸੰਬੰਧੀ ਇਕ ਹੋਰ ਘਟਨਾ ਦਾ ਵਰਣਨ ਮਿਲਦਾ ਹੈ ਕਿ ਗੁਰੂ ਜੀ ਦੀ ਸਪੁੱਤਰੀ ਬੀਬੀ ਵੀਰੋ ਦਾ ਵਿਆਹ ਸੀ। ਬਾਹਰੋਂ ਦੂਰੋਂ ਸੰਗਤ ਆਈ, ਬਾਹਰੋਂ ਸਫਰ ਕਰਕੇ ਆਈ ਸੰਗਤ ਦਾ ਭੁਖਿਆਂ ਹੋਣਾ ਕੁਦਰਤੀ ਸੀ। ਗੁਰੂ ਜੀ ਨੇ ਸਿੱਖਾਂ ਨੂੰ ਸੰਗਤ ਲਈ ਮਠਿਆਈ ਲਿਆਉਣ ਲਈ ਕਿਹਾ। ਪਰ ਗੁਰੂ ਮਹਿਲਾਂ ਤੋਂ ਉੱਤਰ ਮਿਲਿਆ ਕਿ ਮਠਿਆਈ ਸ਼ਗਨਾਂ ਦੀ ਹੈ ਤੇ ਪਹਿਲਾਂ ਬਰਾਤੀਆਂ ਨੇ ਛਕਣੀ ਹੈ। ਗੁਰੂ ਜੀ ਨੇ ਉੱਤਰ ਦਿੱਤਾ ਜਿਹੜੀ ਮਠਿਆਈ ਸੰਗਤ ਨਹੀਂ ਛਕ ਸਕਦੀ, ਉਸ ਨੂੰ ਤੁਰਕ ਛਕਣਗੇ। ਗੁਰੂ ਵਾਕ ਸਤ ਹੋਇਆ ਤੇ ਮੁਖਲਿਸ ਖਾਂ ਨੇ ਹਮਲਾ ਕਰ ਦਿੱਤਾ ਤੇ ਵਿਆਹ ਝਬਾਲ ਜਾ ਕੇ ਕਰਨਾ ਪਿਆ ਤੇ ਮਠਿਆਈ ਤੁਰਕਾਂ ਦੇ ਹੱਥ ਆਈ।

ਗੁਰੂ ਹਰਿ ਰਾਏ ਸਮੇਂ ਲੰਗਰ ਦੀ ਸੇਵਾ ਦਾ ਮੁੱਖ ਸੇਵਾਦਾਰ ਭਾਈ ਫੇਰੂ ਸੀ ਜੋ ਲੰਗਰ ਦੀ ਸੇਵਾ ਬੜੀ ਸ਼ਰਧਾ ਨਾਲ ਕਰਦਾ। ਉਸ ਦੀ ਸੇਵਾ ਸਦਕਾ ਲੰਗਰ ਦਾ ਜਸ ਦੂਰ ਦੂਰ ਤਕ ਫੈਲਿਆ। ਇਕ ਸਾਖੀ ਅਨੁਸਾਰ ਸ਼ਾਹਜਹਾਨ ਦਾ ਪੁੱਤਰ ਦਾਰਾ ਸ਼ਕੋਹ ਬੀਮਾਰ ਸੀ ਤੇ ਗੁਰੂ ਹਰਿ ਰਾਏ ਜੀ ਨੇ ਉਸ ਨੂੰ ਦਵਾਈ ਭੇਜੀ ਜਿਸ ਤੇ ਦਾਰਾ ਠੀਕ ਹੋ ਗਿਆ ਤੇ ਖੁਸ਼ੀ ਵਜੋਂ ਸ਼ਾਹਜਹਾਨ ਨੇ ਗੁਰੂ ਕੇ ਲੰਗਰ ਲਈ ਕੁਝ ਜਗੀਰ ਦੇਣੀ ਚਾਹੀ ਪਰ ਗੁਰੂ ਜੀ ਨੇ ਜਗੀਰ ਲੈਣ ਤੋਂ ਇਨਕਾਰ ਕਰ ਦਿੱਤਾ। ਲੰਗਰ ਦੀ ਮਹੱਤਤਾ ਬਾਰੇ ਗੁਰੂ ਹਰਿ ਰਾਏ ਦੇ ਬਚਨ ਹਨ :

*ਸ੍ਰੀ ਸਤਿਗੁਰ ਹਰਿਰਾਏ ਜੀ*
*ਸਿੱਖਨ ਦੇ ਉਪਦੇਸ਼।*
*ਗੁਰ ਨਮਿਤ ਲੰਗਰ ਕਰਹੁ*
*ਹੁਇ ਕੱਲਯਾਨ ਵਿਸ਼ੇਸ਼।*

*(ਗੁਰ ਪ੍ਰਤਾਪ ਸੂਰਜ ਗ੍ਰੰਥ ਕ੍ਰਿਤ ਭਾਈ ਸੰਤੋਖ ਸਿੰਘ)*

ਗੁਰੂ ਹਰਿਕ੍ਰਿਸ਼ਨ ਜੀ ਨੇ ਛੋਟੀ ਉਮਰ ਹੋਣ ਦੇ ਬਾਵਜੂਦ ਵੀ ਲੰਗਰ ਦੀ ਸੇਵਾ ਬਹੁਤ ਹੀ ਯੋਗਤਾ ਨਾਲ ਕੀਤੀ ਤੇ ਲੋੜਵੰਦ ਗਰੀਬ ਤੇ ਨਿਆਸਰੇ ਲੰਗਰ ਛਕਦੇ ਰਹੇ।

ਗੁਰੂ ਤੇਗ਼ ਬਹਾਦਰ ਜੀ ਨੇ ਪਹਿਲਾ ਅਨੰਦਪੁਰ ਵਸਦਿਆਂ ਗੁਰੂ ਕੇ ਲੰਗਰ ਨੂੰ ਵਿਸ਼ਾਲ ਪੱਧਰ ਤੇ ਚਾਲੂ ਰਖਿਆ। ਉਸ ਤੋਂ ਪਿਛੋਂ ਗੁਰੂ ਤੇਗ਼ ਬਹਾਦਰ ਜੀ ਯਾਤਰਾਵਾਂ ਦੌਰਾਨ ਜਿਥੇ ਵੀ ਗਏ ਉਥੇ ਹੀ ਲੰਗਰ ਪ੍ਰਥਾ ਚਾਲੂ ਕੀਤੀ। ਸੰਗਤਾਂ ਜਿਥੇ ਨਾਮ ਜਪਦੀਆਂ ਉਥੇ ਲੰਗਰ ਵੀ ਛਕਦੀਆਂ। ਜਦੋਂ ਗੁਰੂ ਜੀ ਅੰਮ੍ਰਿਤਸਰ ਦਰਬਾਰ ਸਾਹਿਬ ਦੇ ਦਰਸ਼ਨਾਂ ਨੂੰ ਗਏ ਤਾਂ ਭ੍ਰਿਸ਼ਟ ਮਸੰਦਾਂ ਨੇ ਦਰਬਾਰ ਸਾਹਿਬ ਦੇ ਦਰਵਾਜ਼ੇ ਬੰਦ ਕਰ ਲਏ ਤਾਂ ਗੁਰੂ ਜੀ ਨੇ ਅੰਮ੍ਰਿਤਸਰ ਤੋਂ ਕੁਝ ਦੂਰ ਜਾ ਕੇ ਡੇਰਾ ਲਾਇਆ। ਜਦੋਂ ਬੀਬੀਆਂ ਨੂੰ ਪਤਾ ਲੱਗਾ ਤਾਂ ਉਹਨਾਂ ਲੰਗਰ ਤਿਆਰ ਕਰਕੇ ਲਿਆਂਦਾ ਤੇ ਭੁੱਲ ਬਖਸ਼ਾਈ ਤੇ ਗੁਰੂ ਜੀ ਨੇ ਬਚਨ ਕੀਤਾ :-

*ਮਾਈਆਂ ਰੱਬ ਰਜਾਈਆਂ*

ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਮੇਂ ਲੰਗਰ ਪ੍ਰਥਾ ਵਲ ਵਿਸ਼ੇਸ਼ ਧਿਆਨ ਦਿੱਤਾ ਤੇ ਗੁਰੂ ਕੇ ਲੰਗਰ ਨੂੰ ਹਰ ਵੇਲੇ ਚਲਦਾ ਰੱਖਣ ਦਾ ਉਪਦੇਸ਼ ਦਿੱਤਾ। ਹਰ ਗੁਰਸਿੱਖ ਨੂੰ ਆਪਣਾ ਘਰ ਗੁਰੂ ਕੇ ਲੰਗਰ ਵਿਚ ਬਦਲਣ ਲਈ ਕਿਹਾ। ਗੁਰੂ ਜੀ ਆਪ ਭੇਸ ਵਟਾ ਕੇ ਲੰਗਰ ਦੀ ਪਰਖ ਕਰਨ ਲਈ ਆਉਂਦੇ ਜਿਸ ਪਰਖ ਵਿਚ ਨੰਦ ਲਾਲ ਜੀ ਹੀ ਪਾਸ ਹੋਏ ਬਾਕੀ ਸਿੱਖਾਂ ਨੂੰ ਗੁਰੂ ਜੀ ਨੇ ਤਾੜਨਾ ਕੀਤੀ। ਗੁਰੂ ਜੀ ਅਨੁਸਾਰ ਲੋੜਵੰਦਾਂ ਦੀ ਸੇਵਾ ਤੇ ਲੰਗਰ ਆਦਿ ਕਰਨਾ ਹੀ ਪਰਮ ਧਰਮ ਹੈ। ਜਿਹੜਾ ਕਿਸੇ ਨੂੰ ਭੁੱਖਾ ਮੋੜਦਾ ਹੈ ਉਹ ਸਮਝੋ ਮੈਨੂੰ ਭੁੱਖਾ ਮੋੜਦਾ ਹੈ। ਗੁਰੂ ਕਥਨ ਹਨ :

*ਗਰੀਬ ਦਾ ਮੂੰਹ ਗੁਰੂ ਕੀ ਗੋਲਕ ਹੈ।*
*ਖਾਲਸੇ ਪ੍ਰਤਿ ਦਾਨ ਕੀਤਾ ਸਫਲ ਹੈ।*

1699 ਈ. ਖਾਲਸਾ ਸਾਜਣ ਨਾਲ ਗੁਰੂ ਨਾਨਕ ਦੇਵ ਜੀ ਦੇ ਸਮਾਨਤਾ ਦੇ ਵਿਚਾਰਾਂ ਨੂੰ ਹੋਰ ਵੀ ਅਹਿਮੀਅਤ ਪ੍ਰਾਪਤ ਹੋਈ। ਗੁਰੂ ਜੀ ਨੇ ਬਿਨਾਂ ਕਿਸੇ ਜਾਤੀ, ਕੌਮੀ, ਨਸਲ, ਪ੍ਰਾਂਤ ਆਦਿ ਦੇ ਵਿਤਕਰੇ ਤੋਂ ਪੰਜ ਪਿਆਰਿਆਂ ਦੀ ਚੋਣ ਕੀਤੀ ਤੇ ਪੰਜਾਂ ਨੂੰ ਇਕੋ ਬਾਟੇ ਵਿਚੋਂ ਅੰਮ੍ਰਿਤ ਦੀ ਦਾਤ ਬਖਸ਼ ਕੇ ਤੇ ਫਿਰ ਉਹਨਾਂ ਤੋਂ ਆਪ ਅੰਮ੍ਰਿਤ ਦੀ ਦਾਤ ਲੈ ਕੇ ਸਦੀਆਂ ਤੋਂ ਚਲੀ ਆ ਰਹੀ ਸਮਾਜਿਕ ਊਚ ਨੀਚਤਾ, ਭਿੰਨ ਭੇਦਤਾ, ਜਾਤ-ਪਾਤ ਤੇ ਛੂਤ-ਛਾਤ ਦੇ ਬੰਧਨਾਂ ਨੂੰ ਸਦਾ ਲਈ ਸਮਾਜ ਵਿਚੋਂ ਖਤਮ ਕਰ ਦਿੱਤਾ।

ਸੂਰਜ ਪ੍ਰਕਾਸ਼ ਦੇ ਕਰਤਾ ਅਨੁਸਾਰ ਗੁਰੂ ਉਪਦੇਸ਼ ਪਿਤਾ ਦੇ ਲੰਗਰ ਬਾਰੇ ਸੰਗਤ ਨੂੰ ਉਪਦੇਸ਼ ਸਨ :

1. ਅੰਨਦਾਨੇ ਦਾ ਦਾਨ ਸਭ ਤੋਂ ਉੱਤਮ ਦਾਨ ਹੈ।
   ਅੰਨਦਾਨ ਸਮ ਨਾਹਿਣ ਦਾਨ
2. ਲੰਗਰ ਦੀ ਸੇਵਾ ਦਾ ਸਭ ਤੋਂ ਵੱਧ ਫਲ ਪ੍ਰਾਪਤ ਹੁੰਦਾ ਹੈ।
   ਲੇਹ ਮਹਾਫਲ ਸਿੱਖ ਸਜਣ,
3. ਲੰਗਰ ਗੁਰੂ ਕਾ ਸਮਝਣਾ
   ਜੇਵਹੁ ਦੇਗ ਗੁਰੂ ਕੀ ਹੋਇ।
   ਦੇਗ ਵਾਹਿਗੁਰੂ ਜੀ ਕੀ ਸੋਇ।
4. ਗੁਰੂ ਦਾ ਸਿੱਖ ਲੰਗਰ ਜ਼ਰੂਰ ਛਕਦਾ ਹੈ।
   ਨਹੀਂ ਪ੍ਰਸਾਦਿ ਦੇਗ ਕੋ ਖਾਇ

ਸੋ ਨਹਿ ਗੁਰੂ ਕੋ ਸਿਖ ਸਦਾਇ।

5. ਵਾਹਿਗੁਰੂ ਦਾ ਸ਼ੁਕਰ ਅਦਾ ਕਰਨਾ ਕਿ ਤੇਰੀ ਕ੍ਰਿਪਾ ਤੋਂ ਹੀ ਸਾਨੂੰ ਖਾਣ ਨੂੰ ਪ੍ਰਾਪਤ ਹੋਇਆ ਹੈ।

ਕਰਿ ਅਰਦਾਸ ਕਰਹੂ ਬਰਤਾਵਨਿ
ਤਵ ਪ੍ਰਸਾਦਿ ਕਹਿ ਛਕੇ ਛਕਾਵਨ।

(ਸੂਰਜ ਪ੍ਰਕਾਸ਼ ਕ੍ਰਿਤ ਭਾਈ ਸੰਤੋਖ ਸਿੰਘ ਅਧਿਆਇ 26)

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਬਾਦ ਸਿਖ ਸੰਗਤਾਂ ਨੇ ਲੰਗਰ ਦੀ ਪ੍ਰਥਾ ਨੂੰ ਨਿਰੰਤਰ ਜਾਰੀ ਰਖਿਆ ਜਿਸ ਦਾ ਜ਼ਿਕਰ ਸਾਨੂੰ ਹਜ਼ੂਰੀ ਸਿੱਖਾਂ ਦੇ ਰਹਿਤਨਾਮਿਆਂ ਵਿਚੋਂ ਮਿਲਦਾ ਹੈ :

*ਸਿੱਖ ਸਿੱਖ ਦੇ ਘਰ ਜਾਵੇ।*
*ਛਾਦਨ ਭੋਜਨ ਲੈ ਲੈਣੇ ਲੋਭ ਨਾ ਕਰੈ*

ਖਾਲਸੇ ਦਾ ਬੋਲ ਬਾਲਾ ਹੋਣ ਤੇ ਬਾਬਾ ਬੰਦਾ ਸਿੰਘ ਬਹਾਦਰ ਜੀ ਨੇ ਸਿਕਾ ਜਾਰੀ ਕੀਤਾ ਗਿਆ ਤੇ ਜਿਸ ਸਿੱਕੇ ਨੂੰ ਪਿਛੋਂ ਸਿੱਖ ਰਾਜ ਸਮੇਂ ਮਹਾਰਾਜਾ ਰਣਜੀਤ ਸਿੰਘ ਨੇ ਅਪਣਾਇਆ ਉਸ ਸਿੱਕੇ ਦੇ ਸ਼ਬਦ ਸਨ :

*ਦੇਗੋ ਤੇਗੋ ਫਤਹਿ ਵ ਨੁਸਰਤ ਬੇਦਰੰਗ*
*ਯਾਫਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ।*

ਦੇਗ ਤੇਗ ਫਤਹਿ ਦੇ ਅਰਥ ਭਾਈ ਕਾਨ੍ਹ ਸਿੰਘ ਨਾਭਾ ਦੇ ਮਹਾਨ ਕੋਸ਼ ਵਿਚ ਇਸ ਪ੍ਰਕਾਰ ਕੀਤੇ ਹਨ :

ਦੇਗ ਲੰਗਰ ਦਾ ਪ੍ਰਤੀਕ ਹੈ ਜਿਸ ਦੇ ਰਾਹੀਂ ਪੇਟ ਦੀ ਪੂਰਤੀ ਹੁੰਦੀ ਹੈ ਤੇ ਤੇਗ ਰਾਹੀਂ ਜ਼ਾਲਮਾਂ ਦਾ ਨਾਸ ਕਰਨ ਦਾ ਸੰਦੇਸ਼ ਹੈ। ਜਿਸ ਦਾ ਭਾਵ ਹੈ ਕਿ ਖਾਲਸੇ ਦਾ ਲੰਗਰ ਚਲਦਾ ਰਹੇ ਤੇ ਤੇਗ ਰਾਹੀਂ ਧਰਮ ਯੁੱਧ ਵਿਚ ਜਿੱਤ ਪ੍ਰਾਪਤ ਹੋਵੇ।

ਸਿੱਖ ਪੰਥ ਨੇ ਅਜ ਵੀ ਇਹਨਾਂ ਸ਼ਬਦਾਂ ਨੂੰ ਆਪਣੀ ਰੋਜ਼ਾਨਾਂ ਦੀ ਅਰਦਾਸ ਦਾ ਅੰਗ ਬਣਾ ਲਿਆ ਹੈ :

*ਦੇਗ ਤੇਗ ਫਤਹਿ ਬਿਰਦ ਕੀ ਪੈਜ*
*ਸ੍ਰੀ ਸਾਹਿਬ ਜੀ ਸਹਾਇ ਖਾਲਸਾ ਜੀ ਕੇ*
*ਬੋਲ ਬਾਲੇ ਬੋਲੋ ਜੀ ਵਾਹਿਗੁਰੂ।।*

ਲੰਗਰ ਤਿਆਰ ਕਰਕੇ ਲਾਂਗਰੀ ਸਿੰਘ ਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਲਿਜਾਇਆ ਜਾਂਦਾ ਹੈ ਤੇ ਅਰਦਾਸ ਕਰਕੇ ਲੰਗਰ ਸੰਗਤ ਵਿਚ ਵਰਤਾਇਆ ਜਾਂਦਾ ਹੈ। ਜਦੋਂ ਤਕ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਗ੍ਰੰਥੀ ਸਿੰਘ ਦੁਆਰਾ ਅਰਦਾਸ ਪ੍ਰਵਾਨ ਨਹੀਂ ਕਰਵਾਇਆ ਜਾਂਦਾ ਉਦੋਂ ਤਕ ਲੰਗਰ ਸਫਲ ਨਹੀਂ ਸਮਝਿਆ ਜਾਂਦਾ ਤੇ ਉਹ ਲੰਗਰ ਗੁਰੂ ਦਾ ਲੰਗਰ ਨਹੀਂ ਅਖਵਾ ਸਕਦਾ। ਇਸ ਲਈ ਪਹਿਲਾਂ ਲੰਗਰ ਗੁਰੂ ਨੂੰ ਅਰਪਨ ਕੀਤਾ ਜਾਂਦਾ ਤੇ ਪਿਛੋਂ ਸੰਗਤ ਦੇ ਛਕਣ ਲਈ ਵਰਤਿਆ ਜਾਂਦਾ ਹੈ। ਲੰਗਰ ਪਾਣੀ ਛਕਣ ਪਿਛੋਂ ਵੀ ਵਾਹਿਗੁਰੂ ਦਾ ਧੰਨਵਾਦ ਕੀਤਾ ਜਾਂਦਾ ਹੈ।

*ਜਿਹਿ ਪ੍ਰਸਾਦਿ ਛਤੀਹ ਅੰਮ੍ਰਿਤ ਖਾਹਿ।*
*ਤਿਸ ਸਾਹਿਬ ਕਉ ਰਾਖੁ ਮਨੁ ਮਾਹਿ।*

*(ਸੁਖਮਨੀ ਮ. 5 ਅਸਟਪਦੀ)*

ਇਸ ਤੋਂ ਬਿਨਾਂ ਆਮ ਤੌਰ ਤੇ ਹੇਠ ਲਿਖੀ ਵਾਰਤਾ ਵੀ ਕਹੀ ਜਾਂਦੀ ਹੈ :

ਬੋਲੋ ਜੀ ਵਾਹਿਗੁਰੂ ਹੇ ਸੱਚੇ ਪਾਤਸ਼ਾਹ ਤੇਰੀ ਦੇਗੋ ਪ੍ਰਸਾਦਿ ਛਕਿਆ ਹੈ। ਟਹਲ ਭਾਵਨੀ
ਪ੍ਰੇਮੀ ਦੀ ਸਫਲ ਹੋਵੇ। ਲੋਹ ਲੰਗਰ ਤਪਦੇ ਰਹਿਣ। (ਜੋ ਜੀਅ ਆਵੇ ਸੋ ਰਾਜ਼ੀ ਜਾਵੇ।
ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ।

**1.4.6 ਲੰਗਰ ਪ੍ਰਥਾ ਦਾ ਸਿਧਾਂਤਕ ਪੱਖ :**

ਗੁਰੂ ਦੁਆਰਾ ਦਰਸਾਏ ਸਾਂਝੀਵਾਲਤਾ ਦੇ ਉਪਦੇਸ਼ਾਂ ਤੇ ਨਿਯਮਾਂ ਨੂੰ ਸਿੰਘਾਂ ਨੇ ਹਰ ਵਕਤ ਜਾਰੀ ਰਖਿਆ। ਸੰਕਟ ਕਾਲ ਸਮੇਂ ਸਿੰਘ ਪਹਿਲਾਂ ਲੋੜਵੰਦ ਨੂੰ ਲੰਗਰ ਮਸਤ ਹੋ ਗਿਆ ਕਹਿ ਕੇ ਸਬਰ ਕਰ ਲੈਂਦੇ। ਜਿਸ ਦੀ ਪੁਸ਼ਟੀ ਉਸ ਸਮੇਂ ਦੇ ਹੁਕਮਰਾਨ ਜਾਹੀਆਂ ਖਾਨ ਨੇ ਇਹ ਕਹਿ ਕੇ ਕੀਤੀ ਹੈ :

*ਉਸ ਸਮੇਂ ਬੈਰੀ ਕਿਸ ਆਵੈ*
*ਪਰਮ ਪ੍ਰੀਤ ਸਮ ਤਾਹਿ ਛਕਾਵੈ*
*ਪੀਛੈ ਬਚੇ ਤੌਂ ਆਪ ਖਵੈ ਹੈ।*
*ਨਹੀਂ ਤਾਂ ਲੰਗਰ ਮਸਤ ਬਤੈ ਹੈ।*

ਭਾਈ ਗੁਰਦਾਸ ਜੀ ਨੇ ਵੀ ਇਸ ਖਿਆਲ ਦੀ ਪੁਸ਼ਟੀ ਕੀਤੀ ਹੈ ਕਿ ਗੁਰੂ ਦੇ ਸਿੱਖ ਧਰਮ ਦੀ ਕਿਰਤ ਕਰਕੇ ਲੰਗਰ ਤਿਆਰ ਕਰ ਸੰਗਤਾਂ, ਲੋੜਵੰਦਾਂ ਵਿਚ ਆਪ ਵਰਤਾਉਂਦਾ ਹੈ ਤੇ ਬਚਿਆ ਹੋਇਆ ਆਪ ਛਕਦਾ ਹੈ।

*ਕਿਰਤ ਵਿਰਤੀ ਕਰਿ ਕਰਮ ਦੀ*
*ਜੋ ਪ੍ਰਸਾਦਿ ਆਇ ਵਰਤੰਦਾ।।*
*ਗੁਰਸਿਖਾਂ ਨੂੰ ਦੇਇ ਕਰ*
*ਪਿਛੋਂ ਬਚਿਆ ਆਪ ਖਾਵੰਦਾ।।*

ਗੁਰਮਤਿ ਵਿਚ ਦਸਵੰਧ ਦੀ ਪ੍ਰਥਾ ਸਥਾਪਿਤ ਹੈ ਜਿਸ ਅਨੁਸਾਰ ਹਰ ਮਨੁੱਖ ਨੇ ਆਪਣੇ ਦਸਾਂ ਨਹੁੰਆਂ ਦੀ ਕਮਾਈ ਕਰਦੇ ਹੋਏ ਉਸ ਵਿਚੋਂ ਕੁਝ ਹਿੱਸਾ ਆਪਣੇ ਗੁਰੂ ਦੇ ਨਾਂ ਤੇ ਦਾਨ ਕਰਨਾ ਹੈ। ਇਸ ਦਾਨ ਨਾਲ ਵਿਸ਼ੇਸ਼ ਕਰਕੇ ਉਹਨਾਂ ਦਾ ਨਿਰਭਾ ਚਲਦਾ ਹੈ ਜਿਹੜੇ ਸਰੀਰਕ ਅਪਾਹਜ ਕਾਰਨ ਕੋਈ ਕੰਮ ਨਹੀਂ ਕਰ ਸਕਦੇ। ਇਸ ਦਾਨ ਨਾਲ ਜਿਥੇ ਮਨੁੱਖ ਵਿਚ ਹਉਮੈ ਦਾ ਨਾਸ ਹੁੰਦਾ ਹੈ ਉਥੇ ਉਸ ਵਿਚ ਦੂਜਿਆਂ ਦੇ ਕੰਮ ਆਉਣ ਦੀ ਬਿਰਤੀ ਵੀ ਜਾਗਦੀ ਹੈ। ਸਫਲ ਦਾਨ ਉਹੀ ਹੈ ਜੋ ਹੱਕ ਦੀ ਕਮਾਈ ਕਰਕੇ ਦਾਨ ਕੀਤਾ ਜਾਵੇ। ਧੋਖੇ ਜਾਂ ਝੂਠ ਬੋਲ ਕੇ ਜਾਂ ਕਿਸੇ ਦਾ ਮਨ ਦੁਖਾਕੇ ਕੀਤੀ ਹੋਈ ਕਮਾਈ ਵਿਚੋਂ ਦਾਨ ਕੀਤਾ ਜਾਵੇ। ਇਸ ਦਸਵੰਧ ਦੀ ਪ੍ਰਥਾਂ ਨੇ ਜਿਥੇ ਗੁਰੂ ਘਰ ਦੀ ਆਰਥਿਕ ਹਾਲਤ ਵਿਚ ਸੁਧਾਰ ਲਿਆਂਦਾ ਉਥੇ ਲੰਗਰ ਪ੍ਰਥਾ ਲਈ ਮਹੱਤਵ ਪੂਰਣ ਰੋਲ ਅਦਾ ਕੀਤਾ ਜਿਸ ਨਾਲ ਗੁਰੂ ਘਰ ਵਿਚ ਸੰਗਤ ਤੇ ਪੰਗਤ ਸਿਧਾਂਤ ਵਿਚ ਹੋਰ ਦ੍ਰਿੜ੍ਹਤਾ ਆਈ। ਮਾਤਾ ਸਾਹਿਬ ਕੌਰ ਜੀ ਦੇ ਬਹੁਤ ਸਾਰੇ ਹੁਕਮਨਾਮੇ ਲੰਗਰ ਦੀ ਰਸਦ ਲਈ ਸਿੱਖਾਂ ਨੂੰ ਲਿਖੇ ਮਿਲਦੇ ਹਨ ਜਿਨ੍ਹਾਂ ਹੁਕਮਨਾਮਿਆਂ ਵਿਚ ਬੇਬੇ ਨੂਪੀ ਦੀ ਧੀ ਦੇ ਵਿਆਹ ਤੇ ਰੱਜੇ ਪੁੱਜੇ ਸਿੱਖਾਂ ਨੂੰ 21 ਰੁਪਏ ਦੀ ਮਦਦ ਕਰਨ ਲਈ ਕਿਹਾ ਗਿਆ ਹੈ। ਲੰਗਰ ਅੱਜ ਸਾਡੇ ਸਭਿਆਚਾਰਕ ਜੀਵਨ ਦਾ ਇਕ ਅੰਗ ਬਣ ਚੁੱਕਾ ਹੈ ਕਿ ਵੰਡ ਖਾਓ ਤੇ ਦੂਜੇ ਦੇ ਕੰਮ ਆਓ। ਇਹੀ ਕਾਰਣ ਹੈ ਕਿ ਗੁਰੂ ਦਾ ਚਲਾਇਆ ਹੋਇਆ ਲੰਗਰ ਅੱਜ ਸੰਸਾਰ ਵਿਚ ਧਰੂ ਤਾਰੇ ਵਾਂਗੂ ਸਥਿਰ ਹੈ ਗੁਰੂ ਉਪਦੇਸ਼ ਵਾਂਗ।

*ਘਾਲਿ ਖਾਇ ਕਿਛੁ ਹਥਹੁ ਦੇਇ*
*ਨਾਨਕ ਰਾਹੁ ਪਛਾਣਹਿ ਸੇਇ*
*(ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 1245)*

ਏਸੇ ਸਿਧਾਂਤਕ ਅਤੇ ਇਤਿਹਾਸਕ ਪੱਖ ਦੇ ਅਧਾਰ ਤੇ 'ਦੇਗ ਤੇਗ ਫਤਹਿ' ਸਿੱਖ ਜਿੰਦਗੀ ਦਾ ਨਾਹਰਾ ਅਤੇ ਆਦਰਸ਼ ਵਜੋਂ ਬਣ ਗਿਆ ਜਿਸ ਦਾ ਅਰਥ ਸੀ ਖਾਣਾ ਵਰਤਾਉਣਾ, ਤਲਵਾਰ ਚਲਾਉਣਾ ਅਤੇ ਜਿੱਤ ਹਾਸਲ ਕਰਨੀ। ਇਸ ਤਰ੍ਹਾਂ ਸਿੱਟੇ ਵਜੋਂ ਅਸੀਂ ਕਹਿ ਸਕਦੇ ਹਾਂ ਕਿ ਸਿੱਖ ਗੁਰੂਆਂ ਦੇ ਆਪਣੇ ਸ਼ਰਧਾਲੂਆਂ ਨੂੰ ਸਿਖਾਇਆ ਕਿ ਹਰ ਕਿਸੇ ਨੂੰ ਆਪਣਾ ਸਮਝੋ ਜੇਕਰ ਇੱਕ ਰੱਬ ਦੀ ਗੱਲ ਕੀਤੀ ਤਾਂ ਇਸ ਨੂੰ ਪ੍ਰੋੜ ਕਰਨ ਲਈ ਵਿਵਹਾਰਕ ਜੀਵਨ ਵਿਚ ਇਸਦੇ ਅਮਲ ਲਈ ਸੰਗਤ ਤੇ ਲੰਗਰ ਦੀ ਪ੍ਰਥਾ ਕਾਇਮ ਕੀਤੀ।

**1.4.7 ਸਿੱਟਾ**

ਨਵੇਂ ਉਸਾਰੇ ਸਿੱਖ ਸਮਾਜ ਵਿਚ ਆਤਮਾ ਦਾ ਪਰਜਾਤੰਤਰ ਕਾਇਮ ਕਰਨਾ ਗੁਰੂ ਨਾਨਕ ਦੇਵ ਜੀ ਦਾ ਮੰਤਵ ਸੀ, ਜਿਥੇ ਆਤਮਿਕ ਪੱਧਰ ਉਪਰ ਸਭ ਨੂੰ ਇੱਕ ਪਿਤਾ ਦੀ ਸੰਤਾਨ ਸਮਝ ਕੇ ਕੇਵਲ ਸਿਧਾਂਤ ਹੀ ਦੇਣਾ ਮੰਤਵ ਨਹੀਂ ਸੀ ਬਲਕਿ ਇਸਨੂੰ ਅਮਲੀ ਰੂਪ ਦੇਣਾ ਜਿਆਦਾ ਮਹੱਤਵਪੂਰਨ ਸੀ ਇਸ ਤਰ੍ਹਾਂ ਨਾਲ ਘੜਿਆ ਹੋਇਆ ਮਨੁੱਖ ਪਦਾਰਥ ਵਾਦੀ ਸੀਮਾਵਾਂ ਤੋਂ ਅੱਗੇ ਵੱਧ ਕੇ ਨਵੀਂ ਜੁਗਤ ਨਾਲ 'ਸਿੱਖ ਸਮਾਜ' ਕਹਾਇਆ।

**1.4.8 ਅਭਿਆਸ ਲਈ ਪ੍ਰਸ਼ਨ**

1) ਗੁਰੂ ਕਾਲ ਦੌਰਾਨ ਲੰਗਰ ਦੀ ਪ੍ਰਥਾ ਦੇ ਵਿਕਾਸ ਦੀ ਜਾਣਕਾਰੀ ਦਿਓ।
2) ਲੰਗਰ ਅਤੇ ਸੰਗਤ ਪ੍ਰਥਾ ਸਿੱਖੀ ਸਿਧਾਤਾਂ ਦਾ ਅਮਲੀ ਰੂਪ ਕਿਵੇਂ ਹਨ। ਵਿਸਤਾਰ ਸਹਿਤ ਲਿਖੋ।

**1.4.9 ਸਹਾਇਕ ਪੁਸਤਕਾਂ:**

ਡਾ. ਅਵਤਾਰ ਸਿੰਘ- ਸਿੱਖ ਨੀਤੀ ਸ਼ਾਸਤਰ
ਡਾ. ਸ਼ਮਸ਼ੇਰ ਸਿੰਘ- ਸਿੱਖ ਧਰਮ ਵਿਚ ਆਦਰਸ਼ ਮਨੁੱਖ ਦਾ ਸੰਕਲਪ

ਪਾਠ ਨੰ. : **1.5**

# ਸ੍ਰੀ ਗੁਰੂ ਗ੍ਰੰਥ ਸਾਹਿਬ : ਮੁਢਲੀ ਜਾਣਕਾਰੀ

1.5.1 ਪਾਠ ਦਾ ਉਦੇਸ਼
1.5.2 ਭੂਮਿਕਾ
1.5.3 ਸਰੂਪ
1.5.4 ਸੰਪਾਦਨਾ
1.5.5 ਸੰਪਾਦਨਾ ਦੀ ਲੋੜ
1.5.6 ਸੰਪਾਦਨ ਲਈ ਸਮੱਗਰੀ
1.5.7 ਬਾਣੀ ਦੀ ਤਰਤੀਬ
1.5.8 ਆਦਿ ਗ੍ਰੰਥ ਦੇ ਰਾਗਾਂ ਦੀ ਤਰਤੀਬ
1.5.9 ਆਦਿ ਗ੍ਰੰਥ ਵਿਚਲੇ ਬਾਣੀਕਾਰਾਂ ਦੀ ਤਰਤੀਬ
1.5.10 ਕਾਵਿ ਰੂਪਾਂ ਦੀ ਤਰਤੀਬ
1.5.11 ਘਰ, ਤਾਲ ਅਤੇ ਰਹਾਉ
1.5.12 ਸਿੱਟਾ
1.5.13 ਅਭਿਆਸ ਲਈ ਪ੍ਰਸ਼ਨ
1.5.14 ਸਹਾਇਕ ਪੁਸਤਕਾਂ

## 1.5.1 ਪਾਠ ਦਾ ਉਦੇਸ਼

ਹਰੇਕ ਧਰਮ ਦਾ ਮੂਲ ਧੁਰਾ ਉਸ ਧਰਮ ਦਾ ਧਰਮ ਗ੍ਰੰਥ ਹੁੰਦਾ ਹੈ ਅਤੇ ਸਿੱਖ ਧਰਮ ਦਾ ਗ੍ਰੰਥ, ਗੁਰੂ ਗ੍ਰੰਥ ਸਾਹਿਬ ਹੈ, ਇਸ ਪਾਠ ਰਾਹੀ ਪਾਠਕਾਂ ਨੂੰ ਇਸ ਗ੍ਰੰਥ ਦੀ ਸੰਪਾਦਨ ਅਤੇ ਸੰਕਲਨ ਵਿਧੀ ਦੀ ਜਾਣਕਾਰੀ ਦਿੱਤੀ ਜਾਵੇਗੀ।

## 1.5.2 ਭੂਮਿਕਾ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ਵ ਭਾਈਚਾਰੇ ਦਾ ਸਰਬ ਸਾਂਝਾ ਧਰਮ ਗ੍ਰੰਥ ਹੈ। ਇਸ ਗ੍ਰੰਥ ਵਿੱਚ ਰੂਹਾਨੀਅਤ ਦਾ ਉੱਚਤਮ ਸੰਦੇਸ਼ ਦਰਜ ਹੈ। ਇਸ ਵਿੱਚ ਬਾਹਰਵੀਂ ਸਦੀ ਤੋਂ ਸਤਾਰ੍ਹਵੀਂ ਸਦੀ ਤੱਕ ਲੱਗਭਗ ਪੰਜ ਸੌ ਸਾਲਾਂ ਦਾ ਭਾਰਤੀ ਨੈਤਿਕ ਅਧਿਆਤਮਕ ਸੱਭਿਆਚਾਰ ਸਮਾਇਆ ਹੋਇਆ ਹੈ। ਗੁਰੂ ਸਾਹਿਬਾਨਾਂ ਤੋਂ ਇਲਾਵਾ ਜਿਹਨਾਂ ਭਗਤਾਂ ਦੀ ਬਾਣੀ ਇਸ ਗ੍ਰੰਥ ਵਿਚ ਦਰਜ ਹੈ, ਉਹਨਾਂ ਭਗਤਾਂ ਦੀਆਂ ਸੰਪਰਦਾਵਾਂ ਨੇ ਅਤੇ ਉਹਨਾਂ ਦੇ ਸ਼ਰਧਾਲੂਆਂ ਨੇ ਉਹਨਾਂ ਦੀਆਂ ਰਚਨਾਵਾਂ ਨੂੰ ਸੰਭਾਲਣ ਅਤੇ ਸੰਪਾਦਨ ਦਾ ਯਤਨ ਨਹੀਂ ਕੀਤਾ ਜਦਕਿ ਗੁਰੂ ਗ੍ਰੰਥ ਸਾਹਿਬ ਦੇ ਸੰਪਾਦਕ ਨੇ ਇਹ ਖਜ਼ਾਨਾ ਸੰਭਾਲਣ ਲਈ ਅਣਥੱਕ ਮਿਹਨਤ ਕੀਤੀ ਗੁਰੂ ਗ੍ਰੰਥ ਸਾਹਿਬ ਤੋਂ ਬਿਨਾ ਸਾਨੂੰ ਮੱਧ ਯੁੱਗ ਜਾਂ ਉਸਤੋਂ ਪਹਿਲਾਂ ਦਾ ਹੋਰ ਕੋਈ ਪ੍ਰਮਾਣਿਤ ਗ੍ਰੰਥ ਪ੍ਰਾਪਤ ਨਹੀਂ ਹੁੰਦਾ, ਜਿਹੜਾ ਕਿ ਕਿਸੇ ਵਿਅਕਤੀ ਦੀ ਮੂਲ ਰਚਨਾ ਹੋਵੇ ਭਾਵ ਜਿਸ ਵਿੱਚ ਕੋਈ ਰਲਾਵਟ ਨਾ ਪਈ ਹੋਵੇ। ਅਨੇਕ ਕਵੀਆਂ ਦੀਆਂ ਰਚਨਾਵਾਂ ਤਾਂ ਸਦਾ ਲਈ ਗੁਆਚ ਗਈਆਂ ਕਿਉਂਕਿ ਉਹਨਾਂ ਦੇ ਵਾਰਸਾਂ ਨੇ ਉਹਨਾਂ ਦੀ ਸੰਭਾਲ ਨਹੀਂ ਕੀਤੀ। ਇਸ ਪੱਖੋਂ ਸਿੱਖ ਧਰਮ ਦੀ ਵਿਲੱਖਣਤਾ ਹੈ ਕਿ ਇਸ ਧਰਮ ਦੇ ਵਾਰਸਾਂ ਕੋਲ ਗੁਰੂ ਗ੍ਰੰਥ ਵਰਗੀ ਮਹਾਨ ਧਰੋਹਰ ਮੌਜੂਦ ਹੈ।

## 1.5.3 ਸਰੂਪ

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਪ੍ਰਮੁੱਖ ਤਿੰਨ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ। ਪਹਿਲੇ ਭਾਗ ਵਿੱਚ ਨਿਤਨੇਮ ਦੀਆਂ ਬਾਣੀਆਂ ਰੱਖੀਆਂ ਗਈਆਂ ਹਨ, ਦੂਜੇ ਭਾਗ ਵਿੱਚ ਰਾਗ ਅਧੀਨ ਬਾਣੀ ਸੰਕਲਨ ਕੀਤੀ

ਗਈ ਹੈ। ਕੁਝ ਤਾਂ ਰਾਗਾਂ ਵਿੱਚ ਸਮੁੱਚੀ ਬਾਣੀ ਨੂੰ ਇਕ ਵਿਸ਼ੇਸ਼ ਬਾਣੀਆਂ, ਛੰਦ ਅਤੇ ਵਾਰਾਂ ਸੰਕਲਿਤ ਹਨ। ਮਾਰੂ ਰਾਗ ਵਿੱਚ ਅਸ਼ਟਪਦੀਆਂ ਤੋਂ ਬਾਅਦ ਸੋਹਿਲੇ ਵੀ ਸ਼ਾਮਿਲ ਹਨ। ਵਾਰਾਂ ਤੋਂ ਬਾਅਦ ਭਗਤ ਬਾਣੀ ਸ਼ਾਮਿਲ ਕੀਤੀ ਗਈ ਹੈ। ਸਮੁੱਚੀ ਬਾਣੀ ਗੁਰੂ ਸਾਹਿਬਾਨਾਂ ਦੇ ਕ੍ਰਮਵਾਰ ਹੈ। ਤੀਜੇ ਭਾਗ ਵਿੱਚ ਗਿਆਰਾਂ ਬਾਣੀਆਂ ਹਨ, ਸਹਸਕ੍ਰਿਤੀ ਸਲੋਕ, ਗਾਥਾ, ਫੁਨਹੇ, ਚਉਬੋਲੇ, ਸਲੋਕ ਭਗਤ ਕਬੀਰ ਅਤੇ ਫਰੀਦ, ਸਵੈਯੇ, ਸਲੋਕ ਵਾਰਾਂ ਅਤੇ ਵਧੀਕ, ਸਲੋਕ ਮੁੰਦਾਵਣੀ ਮਹਲਾ 6, ਮੁੰਦਾਵਣੀ ਅਤੇ ਰਾਗਮਾਲਾ।

### 1.5.4 ਸੰਪਾਦਨਾ

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਪੰਜਵੇਂ ਗੁਰੂ ਅਰਜਨ ਦੇਵ ਜੀ ਨੇ ਕੀਤੀ। ਇਹ ਭਾਰਤੀ ਧਾਰਮਿਕ ਸਾਹਿਤ ਦੀ ਅਦੁੱਤੀ ਉਪਲਬਧੀ ਹੈ ਕਿਉਂਕਿ ਇਸ ਵਿੱਚ ਤਕਰੀਬਨ ਛੇ ਸੌ ਸਾਲ ਤੱਕ ਦੇ ਧਾਰਮਿਕ ਸਾਧਕਾਂ ਦੇ ਰਹੱਸਮਈ ਅਨੁਭਵ ਉਹਨਾਂ ਦੇ ਆਪਣੇ ਸ਼ਬਦਾਂ ਵਿੱਚ ਪ੍ਰਮਾਣਿਤ ਰੂਪ ਵਿੱਚ ਪ੍ਰਾਪਤ ਹੁੰਦੇ ਹਨ।

ਗੁਰੂ ਅਰਜਨ ਦੇਵ ਜੀ ਦੇ ਇਸ ਸੰਕਲਨ ਕਾਰਜ ਸਦਕਾ ਪੂਰਬਲੇ ਗੁਰੂਆਂ ਅਤੇ ਭਗਤਾਂ ਦੀ ਬਾਣੀ ਨੂੰ ਗ੍ਰੰਥ ਸਰੂਪ ਵਿੱਚ ਸੰਭਾਲਿਆ ਗਿਆ।

### 1.5.5 ਸੰਪਾਦਨ ਦੀ ਲੋੜ

ਸ੍ਰੀ ਗੁਰੂ ਗ੍ਰੰਥ ਸਾਹਿਬ ਕੇਵਲ ਸਿੱਖਾਂ ਦਾ ਹੀ ਨਹੀਂ ਸਗੋਂ ਸਾਰੇ ਵਿਸ਼ਵ ਭਾਈਚਾਰੇ ਦਾ ਸਰਬ ਸਾਂਝਾ ਧਰਮ ਗ੍ਰੰਥ ਹੈ। ਇਸ ਮਹਾਨ ਗ੍ਰੰਥ ਵਿਚ ਰੂਹਾਨੀਅਤ ਦਾ ਉਚਤਮ ਸੰਦੇਸ਼ ਤਾਂ ਹੈ ਹੀ, ਇਸ ਤੋਂ ਬਿਨਾਂ ਬਾਰ੍ਹਵੀਂ ਸਦੀ ਤੋਂ ਲੈਕੇ ਸਤਾਰਵ੍ਹੀਂ ਸਦੀ ਭਾਵ ਲਗਭਗ ਪੰਜ ਸੋ ਸਾਲਾਂ ਦਾ ਭਾਰਤੀ ਸਭਿਆਚਾਰ ਵੀ ਇਸ ਵਿਚ ਸਮੋਇਆ ਹੋਇਆ ਹੈ। ਮੱਧ ਯੁਗੀਨ ਭਾਰਤ ਦਾ ਧਾਰਮਿਕ, ਰਾਜਨੀਤਿਕ, ਆਰਥਿਕ, ਸਮਾਜਿਕ ਅਤੇ ਭਾਸ਼ਾਈ ਅਧਿਐਨ ਇਸ ਗ੍ਰੰਥ ਬਿਨਾਂ ਅਧੂਰਾ ਹੈ। ਦਿਲਚਸਪ ਤੱਥ ਇਹ ਹੈ ਕਿ ਸਿੱਖ ਗੁਰੂ ਸਾਹਿਬਾਨ ਤੋਂ ਇਲਾਵਾ ਜਿਹਨਾਂ ਭਗਤਾਂ ਦੀ ਬਾਣੀ ਇਸ ਗ੍ਰੰਥ ਵਿਚ ਦਰਜ ਹੈ, ਉਹਨਾਂ ਭਗਤਾਂ ਦੀਆਂ ਸੰਪਰਦਾਵਾਂ ਨੇ ਅਤੇ ਉਹਨਾਂ ਦੇ ਸ਼ਰਧਾਲੂਆਂ ਨੇ ਉਹਨਾਂ ਦੀਆਂ ਰਚਨਾਵਾਂ ਸੰਭਾਲਣ ਅਤੇ ਸੰਪਾਦਨ ਕਰਨ ਵੇਲੇ ਉਨੀ ਰੁਚੀ ਨਹੀਂ ਦਿਖਾਈ ਜਿੰਨੀ ਆਦਿ ਗ੍ਰੰਥ ਦੀ ਸੰਪਾਦਨਾ ਵੇ ਲੇ ਦਿਖਾਈ ਦਿੰਦੀ ਹੈ। ਆਦਿ ਗ੍ਰੰਥ ਤੋਂ ਬਿਨਾਂ ਸਾਨੂੰ ਮੱਧ ਯੁੱਗ ਦਾ ਕੋਈ ਪ੍ਰਮਾਣਿਕ ਗ੍ਰੰਥ ਅਜਿਹਾ ਪ੍ਰਾਪਤ ਨਹੀਂ ਹੁੰਦਾ ਜਿਹੜਾ ਕਿਸੇ ਵਿਅਕਤੀ ਦੀ ਮੂਲ ਰਚਨਾਂ ਮੰਨਿਆ ਜਾ ਸਕੇ, ਭਾਵ ਜਿਸ ਵਿਚ ਕੋਈ ਰਲਾਅ ਨਾ ਪਿਆ ਹੋਵੇ। ਅਨੇਕਾਂ ਕਵੀਆਂ ਦੀਆਂ ਰਚਨਾਵਾਂ ਤਾਂ ਸਦਾ ਲਈ ਸਾਡੇ ਤੋਂ ਖੁਸ ਗਈਆਂ ਹਨ ਕਿਉਂਕਿ ਉਹਨਾਂ ਦੇ ਵਾਰਸ ਉਹਨਾਂ ਦੀ ਸੰਭਾਲ ਨਹੀਂ ਕਰ ਸਕੇ ਅਤੇ ਜਿਹੜੀਆਂ ਪ੍ਰਾਪਤ ਵੀ ਹੋਈਆਂ ਹਨ ਉਹ ਸ਼ੁੱਧ ਨਹੀ। ਇਸ ਪੱਖੋਂ ਸਿੱਖ ਗੁਰੂ ਸਾਹਿਬਾਨ ਅਤੇ ਉਹਨਾਂ ਪਿੱਛੋਂ ਸਿੱਖ ਸੰਗਤ ਨਿਰਸੰਦੇਹ ਪੂਰੀ ਸਾਵਧਾਨ ਰਹੀ ਹੋਣ ਕਰਕੇ ਆਦਿ ਗ੍ਰੰਥ ਦੇ ਸੰਪਾਦਨ ਪ੍ਰਬੰਧ ਵਿਚ ਕੋਈ ਤਬਦੀਲੀ ਨਹੀਂ ਹੋਣ ਦਿੱਤੀ। ਇਸ ਦਾ ਅੱਖਰ-ਅੱਖਰ ਮੂਲ ਰੂਪ ਵਿਚ ਸਾਂਭਿਆ ਗਿਆ ਹੈ।

ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨ ਕਲਾ ਬਾਰੇ ਸਭ ਤੋਂ ਪਹਿਲਾਂ ਪ੍ਰਸ਼ਨ ਇਹ ਉਠਦਾ ਹੈ ਕਿ ਗੁਰੂ ਅਰਜਨ ਦੇਵ ਜੀ ਨੂੰ ਇਸ ਮਹੱਤਵਪੂਰਣ ਕਾਰਜ ਕਰਨ ਦੀ ਲੋੜ ਕਿਉਂ ਮਹਿਸੂਸ ਹੋਈ। ਸਭ ਤੋਂ ਪਹਿਲੀ ਗੱਲ ਤਾਂ ਗੁਰੂ ਅਰਜਨ ਦੇਵ ਜੀ ਨੂੰ ਪਤਾ ਸੀ ਕਿ ਯੋਗ ਸੰਭਾਲ ਤੋਂ ਬਿਨਾਂ ਬਾਣੀ ਦੇ ਨਸ਼ਟ ਹੋ ਜਾਣ ਦੀ ਸੰਭਾਵਨਾ ਹੈ ਤੇ ਇਸ ਵਿਚ ਵਾਧਾ ਘਾਟਾ ਹੋਣਾ ਤਾਂ ਕਿਸੇ ਵੀ ਤਰ੍ਹਾਂ ਰੋਕਿਆ ਜਾਣਾ ਸੰਭਵ ਹੀ ਨਹੀਂ ਹੋ ਸਕੇਗਾ। ਉਹਨਾਂ ਦੇ ਆਪਣੇ ਤੋਂ ਪਹਿਲਾਂ ਹੋਏ ਬਹੁਤ ਸਾਰੇ ਭਗਤਾਂ ਦੀ ਬਾਣੀ ਗੁਰੂ ਜੀ ਦੇ ਵੇਲੇ ਤੱਕ ਅਲੋਪ ਹੋ ਚੁੱਕੀ ਸੀ ਜਾਂ ਵਿਗਾੜ ਦਿੱਤੀ ਗਈ ਸੀ ਜਾਂ ਉਸ ਵਿਚ ਰਲਾਅ ਪਾ ਦਿੱਤਾ ਗਿਆ ਸੀ। ਗੁਰਬਾਣੀ ਨਾਲ ਵੀ ਅਜਿਹਾ ਕੁਝ ਭਵਿੱਖ ਵਿਚ ਵਾਪਰ ਸਕਦਾ ਸੀ। ਗੁਰੂ ਅਰਜਨ ਦੇਵ ਜੀ ਨੇ ਜਦੋਂ ਭਗਤਾਂ, ਸੂਫੀਆਂ, ਨਾਥਾਂ, ਜੋਗੀਆਂ ਦੀ ਬਾਣੀ ਦਾ ਅਧਿਐਨ ਕਰਨਾ ਚਾਹਿਆ ਤਾਂ ਉਹਨਾਂ ਨੂੰ ਪ੍ਰਤੀਤ ਹੋ ਗਿਆ ਕਿ ਸ਼ੁੱਧ ਰਚਨਾਵਾਂ ਪ੍ਰਾਪਤ ਕਰਨੀਆਂ ਕਠਿਨ ਹੋ ਰਹੀਆਂ ਹਨ। ਇਸ ਵਾਸਤੇ ਆਦਿ ਗ੍ਰੰਥ ਦੇ ਸੰਪਾਦਨ ਦਾ ਕਾਰਜ ਆਰੰਭ ਕਰ ਦਿੱਤਾ ਗਿਆ।

ਦੂਜਾ ਕਾਰਣ ਗੁਰੂ ਘਰ ਵਿਚੋਂ ਹੀ ਸ਼ਰੀਕ ਪੈਦਾ ਹੋ ਰਹੇ ਸਨ ਜਿਹੜੇ ਗੁਰੂ ਅਰਜਨ ਦੇਵ ਜੀ ਦੀ ਗੱਦੀ ਦੇ ਬਰਾਬਰ ਗੁਰੂ ਗੱਦੀ ਕਾਇਮ ਕਰ ਬੈਠੇ ਸਨ। ਰਾਮ ਰਾਇ ਤੇ ਪ੍ਰਿਥੀਏ ਦਾ ਇਤਿਹਾਸ ਸਾਡੇ ਸਾਹਮਣੇ ਹੈ। ਉਹ ਆਪਣੀ ਪੂਜਾ ਕਰਵਾ ਕੇ ਸਿਰਫ ਧਨ ਹੀ ਨਹੀਂ ਸਨ ਇਕੱਤਰ ਕਰ ਰਹੇ ਸਗੋਂ ਗੁਰੂ ਅਰਜਨ ਦੇਵ ਜੀ ਨੂੰ ਵਧੇਰੀ ਚਿੰਤਾ ਇਸ ਗੱਲ ਦੀ ਸੀ ਕਿ ਉਹਨਾਂ ਨੇ ਬਾਣੀ ਦੀ ਰਚਨਾ ਆਰੰਭ ਕਰ ਦਿੱਤੀ ਤੇ ਬਾਣੀ ਵਿਚ ਉਹ ਪਹਿਲੇ ਸਿੱਖ

ਗੁਰੂ ਸਾਹਿਬਾਨ ਵਾਂਗ 'ਨਾਨਕ' ਪਦ ਦੀ ਵਰਤੋਂ ਵੀ ਕਰ ਰਹੇ ਸਨ। ਇਸ ਗੱਲ ਦਾ ਡਰ ਸੀ ਕਿ ਪਿੱਛੋਂ ਜਾ ਕੇ ਨਿਖੇੜਾ ਕਰਨਾ ਮੁਸ਼ਕਲ ਹੋ ਜਾਵੇਗਾ ਕਿ ਕਿਹੜੀ ਬਾਣੀ ਅਸਲੀ ਹੈ ਅਤੇ ਕਿਹੜੀ ਨਕਲੀ (ਕੱਚੀ ਬਾਣੀ) । ਇਹ ਗੱਲ ਵੀ ਐਨ ਸੰਭਵ ਹੈ ਕਿ ਗੁਰੂ ਅਮਰਦਾਸ ਜੀ ਵੇਲੇ ਤੋਂ ਨਕਲੀ ਬਾਣੀ ਰਚਣ ਦੀ ਪ੍ਰਵਿਰਤੀ ਆਰੰਭ ਹੋ ਗਈ ਹੋਵੇ ਕਿਉਂਕਿ ਉਹਨਾਂ ਦੀ ਬਾਣੀ ਆਨੰਦ ਸਾਹਿਬ ਵਿਚ ਵੀ ਕੱਚੀ ਬਾਣੀ ਦਾ ਜ਼ਿਕਰ ਹੈ ਤੇ ਸਿੱਖਾਂ ਨੂੰ ਕੱਚੀ ਬਾਣੀ ਪੜ੍ਹਨ ਸੁਣਨ ਤੋਂ ਮਨ੍ਹਾਂ ਕੀਤਾ ਗਿਆ ਹੈ।

*ਸਤਿਗੁਰੂ ਬਿਨਾਂ ਹੋਰ ਕਚੀ ਹੈ ਬਾਣੀ।*
*ਬਾਣੀ ਤਾ ਕਚੀ ਸਤਿਗੁਰੂ ਬਾਝਹੁ, ਹਰ ਕਚੀ ਬਾਣੀ।।*
*ਕਹਦੇ ਕਚੇ ਸੁਣਦੇ ਕਚੇ, ਕਚੀ ਆਖਿ ਵਖਾਣੀ।*

ਕੱਚੀ ਬਾਣੀ ਦਾ ਕੀਰਤਨ ਕੀਤਾ ਜਾਣ ਲੱਗ ਪਿਆ ਤਾਂ ਇਸ ਵਿਚ ਸ਼ੱਕ ਨਾ ਰਿਹਾ ਕਿ ਜੇ ਗੁਰਬਾਣੀ ਦਾ ਸੰਪਾਦਨ ਨਾ ਕੀਤਾ ਜਾਂਦਾ ਤਾਂ ਇਹ ਸਾਰਾ ਬਾਗ ਉਜੜ ਜਾਣਾ ਸੀ।

ਗੁਰੂ ਅਰਜਨ ਦੇਵ ਜੀ ਹਿੰਦੂਆਂ ਅਤੇ ਮੁਸਲਮਾਨਾਂ ਦੀਆਂ ਧਰਮ ਪੁਸਤਕਾਂ ਤੋਂ ਵਾਕਫ ਹੋਣ ਕਰਕੇ ਜਾਣਦੇ ਸਨ ਕਿ ਉਹਨਾਂ ਦੀ ਬੋਲੀ ਲੋਕਾਂ ਦੀ ਸਮਝ ਤੋਂ ਪਰੇ ਹੈ। ਸੰਸਕ੍ਰਿਤ-ਅਰਬੀ ਭਾਸ਼ਾ ਬ੍ਰਾਹਮਣਾਂ ਅਤੇ ਮੌਲਵੀਆਂ ਕਾਜ਼ੀਆਂ ਦੀ ਇਜ਼ਾਰੇਦਾਰੀ ਬਣ ਕੇ ਬਹਿ ਗਈ ਸੀ। ਮਨਮਰਜ਼ੀ ਦੇ ਅਰਥ ਕੀਤੇ ਜਾਂਦੇ ਸਨ ਤੇ ਮਰਜ਼ੀ ਦੀਆਂ ਰੀਤਾਂ ਰਸਮਾਂ ਨਾਲ ਲੋਕਾਂ ਨੂੰ ਲੁੱਟਿਆ ਜਾਂਦਾ ਸੀ। ਗੁਰੂ ਨਾਨਕ ਦੇਵ ਜੀ ਲਿਖਦੇ ਹਨ ਕਿ ਕਾਜ਼ੀ ਰਿਸ਼ਵਤ ਲੈ ਕੇ ਬੇ-ਇਨਸਾਫੀ ਕਰਦਾ ਸੀ ਤੇ ਜੇ ਕੋਈ ਇਤਰਾਜ਼ ਕਰਦਾ ਸੀ ਤਾਂ ਕਾਜ਼ੀ ਧਰਮ ਪੁਸਤਕਾਂ ਵਿਚੋਂ ਆਪਣੇ ਮਤਲਬ ਦੀ ਤੁਕ ਪੜ੍ਹ ਕੇ ਸੁਣਾ ਦਿੰਦਾ। ਗੁਰੂ ਅਰਜਨ ਦੇਵ ਜੀ ਲੋਕ ਬੋਲੀ ਵਿਚ ਲੋਕਾਂ ਨੂੰ ਰੱਬੀ ਸੰਦੇਸ਼ ਦੇਣ ਹਿੱਤ ਇਕ ਗ੍ਰੰਥ ਦੀ ਸਥਾਪਨਾ ਕਰਨਾ ਚਾਹੁੰਦੇ ਸਨ।

ਭਾਸ਼ਾਵਾਂ ਲਗਾਤਾਰ ਬਦਲਦੀਆਂ ਰਹਿੰਦੀਆਂ ਹਨ। ਗੁਰੂ ਜੀ ਇਸ ਭਾਸ਼ਾਈ ਤਬਦੀਲੀ ਤੋਂ ਪੂਰੀ ਤਰ੍ਹਾਂ ਸੁਚੇਤ ਸਨ। ਉਹਨਾਂ ਨੇ ਮੂਲ ਰੂਪ ਨੂੰ ਹਮੇਸ਼ਾਂ ਕਾਇਮ ਰੱਖਣ ਵਾਸਤੇ ਸਿੱਕੇਬੰਦ ਸੰਪਾਦਨ ਕਰਕੇ ਸਦਾ ਲਈ ਭਾਸ਼ਾ ਦੇ ਇਸ ਸੰਕਟ ਨੂੰ ਟਾਲ ਦਿੱਤਾ।

ਸਿੱਖ ਧਰਮ ਕੋਈ ਸੁਧਾਰਕ ਲਹਿਰ ਨਹੀਂ ਸੀ। ਇਹ ਨਿਰੋਲ ਨਵੇਂ ਮੱਤ ਦਾ ਪ੍ਰਕਾਸ਼ ਸੀ ਜਿਹੜਾ ਉੱਤਰ-ਪੱਛਮੀ ਭਾਰਤ ਵਿਚ ਬ੍ਰਾਹਮਣੀ ਮੱਤ ਅਤੇ ਇਸਲਾਮ ਦੀ ਥਾਂ ਲੈ ਰਿਹਾ ਸੀ। ਇਸ ਵਾਸਤੇ ਜ਼ਰੂਰੀ ਸੀ ਕਿ ਸਿੱਖੀ ਦੀ ਕੋਈ ਆਪਣੀ ਸੁਤੰਤਰ ਧਰਮ ਪੁਸਤਕ ਤੋਂ ਬਗੈਰ ਕਿਸੇ ਧਰਮ ਦੀ ਕਲਪਨਾ ਨਹੀਂ ਕੀਤੀ ਜਾ ਸਕਦੀ। ਇਸ ਕਰਕੇ ਪੰਚਮ ਪਾਤਸ਼ਾਹ ਨੇ ਆਦਿ ਗ੍ਰੰਥ ਦੀ ਧਰਮ ਪੁਸਤਕ ਦੀ ਵਿਲੱਖਣਤਾ ਕਾਇਮ ਕਰ ਦਿੱਤੀ। ਸਰਬ ਸਾਂਝੀ ਪੁਸਤਕ ਬਗੈਰ ਸਿੱਖ ਭਾਈਚਾਰਾ ਜਥੇਬੰਦ ਨਹੀਂ ਹੋ ਸਕਦਾ ਸੀ। ਇਸ ਗ੍ਰੰਥ ਨੇ ਸਿੱਖ ਜਗਤ ਨੂੰ ਸਾਂਝੀ ਧਰਮ ਲੜੀ ਵਿਚ ਪਰੋਅ ਦਿੱਤਾ।

ਜਨਮ ਸਾਖੀਆਂ ਤੋਂ ਪਤਾ ਲੱਗਦਾ ਹੈ ਕਿ ਗੁਰੂ ਅਰਜਨ ਸਾਹਿਬ ਤੋਂ ਪਹਿਲੇ ਚਾਰੇ ਗੁਰੂ ਸਾਹਿਬਾਨ ਦੀ ਬਾਣੀ ਇਕ ਗੁਰੂ ਜੀ ਤੋਂ ਦੂਜੇ ਤੱਕ ਕ੍ਰਮਵਾਰ ਪੁੱਜਦੀ ਰਹੀ। ਪਰ ਭਗਤਾਂ, ਸੂਫੀਆਂ ਭੱਟਾਂ ਦੇ ਸੰਬੰਧ ਵਿਚ ਅਜਿਹੀ ਗੱਲ ਨਹੀਂ ਸੀ। ਉਨ੍ਹਾਂ ਦੀਆਂ ਬਾਣੀਆਂ ਸੰਭਾਲ ਵਿਹੂਣੀਆਂ ਸਨ ਤੇ ਵਿਗਾੜ ਪੈ ਗਿਆ ਸੀ ਤੇ ਹੋਰ ਪੈਅ ਰਿਹਾ ਸੀ। ਗੁਰੂ ਜੀ ਇਸ ਸਾਂਝੇ ਭਗਤੀ ਖਜ਼ਾਨੇ ਨੂੰ ਸੰਭਾਲਣਾ ਚਾਹੁੰਦੇ ਸਨ। ਇਹੀ ਕਾਰਣ ਹੈ ਕਿ ਉਹਨਾਂ ਦੇ ਸੰਪਾਦਨ ਦਾ ਇਹ ਮਹਾਨ ਕਾਰਜ ਸਿਰੇ ਚਾੜ੍ਹਿਆ।

### 1.5.6 ਸੰਪਾਦਨ ਲਈ ਸਾਮੱਗਰੀ

ਵਿਦਵਾਨ ਇਸ ਤੱਥ ਨਾਲ ਇਕ ਮੱਤ ਹਨ ਕਿ ਬਾਣੀ ਦੀ ਸੰਭਾਲ ਵੱਲ ਗੁਰੂ ਨਾਨਕ ਦੇਵ ਜੀ ਨੇ ਖੁਦ ਧਿਆਨ ਦੇਣਾ ਸ਼ੁਰੂ ਕਰ ਦਿੱਤਾ ਸੀ। ਰਚਣਹਾਰ ਨੂੰ ਆਪਣੀ ਰਚਨਾਂ ਨਾਲ ਪਿਆਰ ਹੋਣਾ ਕੁਦਰਤੀ ਹੈ, ਪਰ ਗੁਰਬਾਣੀ ਤਾਂ ਲੱਖਾਂ ਵਿਅਕਤੀਆਂ ਲਈ ਚਾਨਣ ਮੁਨਾਰਾ ਹੈ। ਗੁਰੂ ਨਾਨਕ ਦੇਵ ਜੀ ਆਪਣੇ ਹੱਥਾਂ ਵਿਚ ਕੋਈ ਧਰਮ-ਪੁਸਤਕ ਰੱਖਦੇ ਸਨ। ਭਾਈ ਗੁਰਦਾਸ ਜੀ ਵੀ ਲਿਖਦੇ ਹਨ :

*ਪੁਛਨਿ ਫੋਲਿ ਕਿਤਾਬ ਨੋ ਹਿੰਦੂ ਵੱਡਾ ਕਿ ਮੁਸਲਮਾਨੋਈ*
*ਬਾਬਾ ਆਖੇ ਹਾਜੀਆਂ ਸੁਭਿ ਅਮਲਾ ਬਾਝਹੁ ਦੋਨੋ ਰੋਈ।*

ਸਪੱਸ਼ਟ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਉਚਾਰ ਕੇ ਆਪ ਨਾਲ ਨਾਲ ਲਿਖੀ ਤੇ ਸੰਭਾਲੀ, ਇਹੀ ਨਹੀਂ ਗੁਰੂ ਨਾਨਕ ਦੇਵ ਜੀ ਪਾਸ ਭਗਤਾਂ ਦੀ ਬਾਣੀ ਵੀ ਸੀ। ਇਹ ਇਸ ਗੱਲੋਂ ਸਾਬਤ ਹੁੰਦਾ ਹੈ ਕਿ ਸ਼ੇਖ ਫ਼ਰੀਦ ਦੇ ਇਕ ਸਲੋਕ ਨਾਲ ਗੁਰੂ ਨਾਨਕ ਦੇਵ ਜੀ ਨੇ ਆਪਣਾ ਭਿੰਨ ਮੱਤ ਪੇਸ਼ ਕੀਤਾ ਹੈ। ਸ਼ੇਖ ਫ਼ਰੀਦ ਦਾ ਸਲੋਕ ਹੈ :

*ਤਨੁ ਤਪੈ ਤਨੂਰ ਜਿਉ ਬਾਲਣੁ ਹਡ ਬਲੰਨਿ।*
*ਪੈਰੀ ਥਕਾਂ ਸਿਰਿ ਜੁਲਾ, ਜੇ ਮੂੰ ਪਿਰੀ ਮਿਲੰਨਿ।*

ਇਸ ਸੰਬੰਧੀ ਗੁਰੂ ਨਾਨਕ ਦੇਵ ਜੀ ਦਾ ਮੱਤ ਹੈ :

*ਤਨ ਨਾ ਤਪਾਇ ਤਨੂਰ ਜਿਉਂ ਬਾਲਣੁ ਹਡ ਨਾ ਬਾਲਿ।*
*ਸਿਰਿ ਪੈਰੀ ਕਿਆ ਫੇੜਿਆ ਅੰਦਰਿ ਪਿਰੀ ਨਿਹਾਲ।। ਮ.।*

ਜੇ ਗੁਰੂ ਨਾਨਕ ਦੇਵ ਜੀ ਦੇ ਸਾਹਮਣੇ ਇਹ ਬਾਣੀ ਸ਼ੇਖ ਫਰੀਦ ਜੀ ਦੀ ਨਾ ਹੁੰਦੀ ਤਾਂ ਅਜਿਹੀਆਂ ਤੁਕਾਂ ਰਚਣੀਆਂ ਸੰਭਵ ਨਹੀਂ ਸਨ। ਜਨਮ ਸਾਖੀਆਂ ਵਿਚ ਇਹ ਵੀ ਜ਼ਿਕਰ ਹੈ ਕਿ ਜਦੋਂ ਗੁਰੂ ਵਿਅਕਤੀ ਆਪਣਾ ਉੱਤਰਾਧਿਕਾਰੀ ਗੁਰੂ ਵਜੋਂ ਥਾਪਦਾ ਸੀ ਤਾਂ ਉਹ ਨਵੇਂ ਸਥਾਪਤ ਗੁਰੂ ਅੱਗੇ ਮੱਥਾ ਟੇਕਦਾ ਸੀ ਤੇ ਨਾਲ ਕਿਤਾਬ ਵੀ ਆਪਣੇ ਉੱਤਰ ਅਧਿਕਾਰੀ ਨੂੰ ਦਿੱਤੀ ਜਾਂਦੀ ਸੀ। ਇਹ ਕਿਤਾਬ ਗੁਰੂ ਅਰਜਨ ਦੇਵ ਜੀ ਤੱਕ ਪੁੱਜੀ। ਗੁਰੂ ਨਾਨਕ ਦੇਵ ਜੀ ਵਾਂਗ ਗੁਰੂ ਅਮਰਦਾਸ ਅਤੇ ਗੁਰੂ ਅਰਜਨ ਦੇਵ ਦੀਆਂ ਸ਼ੇਖ ਫ਼ਰੀਦ ਦੇ ਸਲੋਕਾਂ ਨਾਲ ਦਿੱਤੀਆਂ ਤੁਕਾਂ ਇਸ ਗੱਲ ਦਾ ਸਬੂਤ ਹਨ।

ਪਤਾ ਲੱਗਦਾ ਹੈ ਕਿ ਗੁਰੂ ਅਰਜਨ ਦੇਵ ਜੀ ਬਾਬਾ ਮੋਹਨ ਜੀ ਪਾਸ ਵੀ ਪੋਥੀਆਂ ਪ੍ਰਾਪਤ ਕਰਨ ਗਏ। ਇਹ ਨਹੀਂ ਹੋ ਸਕਦਾ ਕਿ ਗੁਰੂ ਅਰਜਨ ਦੇਵ ਜੀ ਪਾਸ ਪੋਥੀਆਂ ਨਾਂ ਹੋਣ ਤੇ ਮੋਹਨ ਜੀ ਪਾਸ ਹੋਣ। ਇਹ ਹੋ ਸਕਦਾ ਹੈ ਕਿ ਜਿਹੜੀਆਂ ਲਿਖਤਾਂ ਪੰਜਵੇਂ ਪਾਤਸ਼ਾਹ ਪਾਸ ਸਨ, ਉਹਨਾਂ ਦੀਆਂ ਨਕਲਾਂ ਜਾਂ ਪੁਰਾਣੇ ਉਤਾਰੇ ਬਾਬਾ ਮੋਹਨ ਜੀ ਪਾਸ ਹੋਣ ਤੇ ਗੁਰੂ ਅਰਜਨ ਦੇਵ ਜੀ ਇਹਨਾਂ ਪੋਥੀਆਂ ਨਾਲ ਆਪਣੇ ਪਾਸ ਪਈਆਂ ਪੋਥੀਆਂ ਵਿਚ ਸੁਧਾਈ ਕਰਨਾ ਚਾਹੁੰਦੇ ਹੋਣ ਕਿਉਂਕਿ ਸ਼ੁੱਧ ਨਿਤਾਰੇ ਵਾਸਤੇ ਪੁਰਾਣੀਆਂ ਲਿਖਤਾ ਦੇ ਜਿੰਨੇ ਵੀ ਰੂਪ, ਸੱਚੀਆਂ, ਹੱਥ ਲਿਖਤਾਂ ਮਿਲ ਸਕਣ, ਸਾਰੀਆਂ ਨੂੰ ਘੋਖਿਆ ਜਾਂਦਾ ਹੈ।

ਗੁਰੂ ਘਰ ਨਾਲ ਸੰਬੰਧਿਤ ਵਿਅਕਤੀਆਂ ਦੀਆਂ ਰਚਨਾਵਾਂ ਵੀ ਸ਼ਾਮਲ ਕੀਤੀਆਂ ਗਈਆਂ ਜਿਵੇਂ ਕਿ ਬਾਬਾ ਸੁੰਦਰ ਜੀ ਦੀ ਰਾਮਕਲੀ ਸੱਦ। ਗੁਰੂ ਘਰ ਦੇ ਨਜ਼ਦੀਕੀ ਰਾਗੀਆਂ ਅਤੇ ਰਬਾਬੀਆਂ ਦੀਆਂ ਉੱਤਮ ਰਚਨਾਵਾਂ ਸ਼ਾਮਲ ਕੀਤੀਆਂ ਗਈਆਂ ਜਿਵੇਂ ਭਾਈ ਮਰਦਾਨਾ ਜੀ ਦਾ ਬਿਹਾਗੜੇ ਦੀ ਵਾਰ ਵਿਚਲਾ ਸਲੋਕ ਅਤੇ ਸੱਤੇ ਬਲਵੰਡ ਦੀ ਰਾਮ ਕਲੀ ਦੀ ਵਾਰ। ਗਿਆਰਾਂ ਭੱਟਾਂ ਦੀ ਬਾਣੀ ਨੂੰ ਆਦਿ ਗ੍ਰੰਥ ਵਿਚ ਸਨਮਾਨ ਦਿੱਤਾ ਗਿਆ ਜਿਨ੍ਹਾਂ ਦੇ ਨਾਮ ਇਹ ਹਨ : ਕੱਲ, ਜੱਲ, ਕੀਰਤ, ਭਿੱਖਾ, ਸਲ, ਭਲ ਨਲ, ਗਯੰਦ, ਮਥੁਰਾ, ਬਲ ਅਤੇ ਹਰਬੰਸ। ਸੂਰਦਾਸ ਦੀ ਇਕ ਪੰਕਤੀ ਅਤੇ ਭੀਖਣ ਦੇ ਦੋ ਸ਼ਬਦ ਦਰਜ ਕੀਤੇ ਗਏ। ਇਸ ਤੋਂ ਇਲਾਵਾ ਸ਼ੇਖ ਫ਼ਰੀਦ, ਭਗਤ ਕਬੀਰ, ਨਾਮਦੇਵ, ਰਵਿਦਾਸ, ਰਾਮਾ ਨੰਦ, ਜੈਦੇਵ, ਤ੍ਰਿਲੋਚਨ, ਧੰਨਾ, ਸੈਣ, ਭੀਖਨ, ਸੁਰਦਾਸ, ਪੀਪਾ, ਸਧਨਾ, ਪਰਮਾਨੰਦ ਅਤੇ ਬੇਣੀ ਆਦਿ ਭਗਤਾਂ ਦੀ ਬਾਣੀ ਸਾਨੂੰ ਆਦਿ ਗੁਰੂ ਗ੍ਰੰਥ ਸਾਹਿਬ ਵਿਚ ਪ੍ਰਾਪਤ ਹੁੰਦੀ ਹੈ।

### 1.5.7 ਬਾਣੀ ਦਰਜ ਕਰਨ ਦੀ ਤਰਤੀਬ

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਦਿ ਗ੍ਰੰਥ ਦਾ ਸੰਪਾਦਨ ਕਰਦਿਆਂ ਬਾਣੀ ਨੂੰ ਦਰਜ ਕਰਨ ਵੇਲੇ ਜਿਹੜੀ ਤਰਤੀਬ ਦਿੱਤੀ ਹੈ ਉਸਨੂੰ ਤਿੰਨ ਮੁੱਖ ਭਾਗਾਂ ਵਿਚ ਵੰਡਿਆਂ ਜਾ ਸਕਦਾ ਹੈ:

(ੳ) ਆਰੰਭ ਵਿਚ ਨਿਤਨੇਮ ਦੀਆਂ ਬਾਣੀਆਂ ਪੰਨਾ 1-13 ਤੱਕ ਹਨ, ਇਹਨਾਂ ਵਿਚ ਜਪੁ, ਰਹਿਰਾਸ ਅਤੇ ਕੀਰਤਨ ਸੋਹਲਾ ਨਾਮ ਦੀਆਂ ਬਾਣੀਆਂ ਆਉਂਦੀਆਂ ਹਨ। ਜਪੁਜੀ ਸਾਹਿਬ ਰਾਗ ਰਹਿਤ ਰਚਨਾ ਹੈ ਪ੍ਰੰਤੂ ਰਹਿਰਾਸ ਅਤੇ ਸੋਹਲਾ ਦੇ ਸ਼ਬਦ ਰਾਗਾਂ ਵਿਚ ਹਨ।

(ਅ) ਰਾਗਾਂ ਦੀ ਤਰਤੀਬ ਅਨੁਸਾਰ ਬਾਣੀ ਦਾ ਸੰਪਾਦਨ ਆਦਿ ਗ੍ਰੰਥ ਦਾ ਦੂਜਾ ਅਤੇ ਸਭ ਤੋਂ ਵਡੇਰਾ ਭਾਗ ਹੈ। ਰਾਗਾਂ ਵਿਚ ਦਰਜ ਬਾਣੀ, ਗ੍ਰੰਥ ਦੇ ਪੰਨਾ 14 ਤੋਂ 1352 ਤੱਕ ਮਿਲਦੀ ਹੈ। ਇਸ ਭਾਗ ਵਿਚਲੀ ਬਾਣੀ ਨੂੰ ਕੁਲ 31 ਰਾਗਾਂ ਵਿਚ ਵੰਡਿਆ ਹੋਇਆ ਹੈ।

(ੲ) ਅੰਤਲਾ ਭਾਗ ਫਿਰ ਰਾਗ ਰਹਿਤ ਬਾਣੀ ਦਾ ਹੈ। ਇਹ ਬਾਣੀ ਆਦਿ ਗ੍ਰੰਥ ਦੇ ਪੰਨਾ 1353 ਤੋਂ 1430 ਤੱਕ ਦਰਜ ਹੈ। ਇਸ ਭਾਗ ਵਿਚ ਸਹਿਸਕ੍ਰਿਤੀ ਸਲੋਕ, ਗਾਥਾ, ਫੁਨਹੇ, ਸਲੋਕ ਸ਼ੇਖ ਫ਼ਰੀਦ, ਸਵਈਏ, ਸਲੋਕ ਵਾਰਾਂ ਤੋਂ ਵਧੀਕ, ਚਉਬੋਲੇ, ਸਲੋਕ ਮਹਲਾ ਨੌਂਵਾਂ, ਮੁੰਦਾਵਣੀ ਅਤੇ ਅਖੀਰ ਵਿਚ ਰਾਗ ਮਾਲਾ ਆਦਿ ਬਾਣੀਆਂ ਹਨ।

### 1.5.8 ਆਦਿ ਗ੍ਰੰਥ ਦੇ ਰਾਗਾਂ ਦੀ ਤਰਤੀਬ

ਇਕੱਤੀ ਰਾਗਾਂ ਦੇ ਨਾਮ ਇਸ ਪ੍ਰਕਾਰ ਹਨ :

| | | | |
|---|---|---|---|
| 1. ਸਿਰੀ ਰਾਗ | 9. ਸੋਰਠਿ ਰਾਗ | 17. ਗੋਂਡ | 25. ਬਸੰਤ |
| 2. ਮਾਝ ਰਾਗ | 10. ਧਨਾਸਰੀ ਰਾਗ | 18. ਰਾਮਕਲੀ | 26. ਸਾਰੰਗ |
| 3. ਗਉੜੀ ਰਾਗ | 11. ਜੈਤਸਰੀ ਰਾਗ | 19. ਨਟ ਨਾਰਾਇਣ | 27. ਮਲਾਰ |
| 4. ਆਸਾ ਰਾਗ | 12. ਟੋਡੀ ਰਾਗ | 20. ਮਾਲੀ ਗਾਉੜਾ | 29. ਕਲਿਆਨ |
| 5. ਗੂਜਰੀ ਰਾਗ | 13. ਬੈਰਾੜੀ ਰਾਗ | 21. ਮਾਰੂ | 30. ਪ੍ਰਭਾਤੀ |
| 6. ਦੇਵ ਗੰਧਾਰੀ ਰਾਗ | 14. ਤਿਲੰਗ ਰਾਗ | 22. ਤੁਖਾਰੀ | 31. ਜੈਜਾਵੰਤੀ |
| 7. ਬਿਹਾਗੜਾ | 15. ਸੂਹੀ ਰਾਗ | 23. ਕੇਦਾਰਾ | |
| 8. ਵਡਹੰਸ ਰਾਗ | 16. ਬਿਲਾਵਲ ਰਾਗ | 24. ਭੈਰਉ | |

ਹਰੇਕ ਰਾਗ ਕਿਸੇ ਖਾਸ ਰੁੱਤ ਵਿਚ ਅਤੇ ਕਿਸੇ ਨਿਸ਼ਚਿਤ ਵਕਤ ਉਪਰ ਗਾਇਨ ਕੀਤਾ ਜਾਂਦਾ ਹੈ। ਗੁਰਮਤਿ ਅਨੁਸਾਰ ਸਾਰੀ ਕੁਦਰਤ ਰੱਬੀ ਗਾਇਨ ਵਿਚ ਲੀਨ ਹੈ ਅਤੇ ਅਕਾਲ ਪੁਰਖ ਦੀ ਪ੍ਰਾਪਤੀ ਅਸੀਂ ਉਸ ਦਾ ਗਾਇਨ ਕਰਨ ਨਾਲ ਕਰ ਸਕਦੇ ਹਾਂ। ਇਹੀ ਕਾਰਣ ਹੈ ਕਿ ਬਾਕੀ ਧਰਮਾਂ ਨਾਲੋਂ ਗੁਰਮਤਿ ਵਿਚ ਕੀਤਰਨ ਨੂੰ ਖਾਸ ਮਹੱਤਤਾ ਮਿਲੀ ਹੈ। ਗੁਰੂ ਨਾਨਕ ਦੇਵ ਜੀ ਨੇ ਆਪਣੇ ਆਪ ਨੂੰ ਸੱਚੇ ਦਰਗਾਹ ਦਾ ਢਾਡੀ ਆਖਿਆ ਹੈ। ਭਾਈ ਮਰਦਾਨਾ ਜੀ ਤੋਂ ਲੈ ਕੇ ਅੱਜ ਤੱਕ ਕੀਰਤਨੀਏ ਗੁਰੂ ਘਰ ਦਾ ਅਟੁੱਟ ਅੰਗ ਰਹੇ ਹਨ।

### 1.5.9 ਆਦਿ ਗ੍ਰੰਥ ਵਿਚਲੇ ਕਵੀਆਂ ਦੀ ਤਰਤੀਬ

ਹਰੇਕ ਰਾਗ ਵਿਚ ਰਚਣਹਾਰਿਆਂ ਦੀਆਂ ਰਚਨਾਵਾਂ ਨੂੰ ਇਸ ਪ੍ਰਕਾਰ ਦੀ ਤਰਤੀਬ ਦਿੱਤੀ ਗਈ ਹੈ :

(ੳ) ਸਭ ਤੋਂ ਪਹਿਲਾਂ ਗੁਰੂ ਸਾਹਿਬ ਦੀ ਬਾਣੀ।

(ਅ) ਫਿਰ ਭਗਤਾਂ ਦੀ ਬਾਣੀ।

(ੲ) ਇਸ ਤੋਂ ਬਾਦ ਭੱਟਾਂ ਆਦਿਕ ਫੁਟਕਲ ਕਵੀਆਂ ਦੀ ਰਚਨਾ।

ਗੁਰੂ ਸਾਹਿਬ ਦੀ ਬਾਣੀ ਵੀ ਤਰਤੀਬ ਵਿਚ ਦਰਜ ਹੈ, ਭਾਵ ਸਭ ਤੋਂ ਪਹਿਲਾਂ ਗੁਰੂ ਨਾਨਕ ਦੇਵ ਜੀ ਦੀ ਰਚਨਾ ਆਉਂਦੀ ਹੈ। ਫਿਰ ਗੁਰੂ ਅੰਗਦ ਦੇਵ ਜੀ ਦੀ, ਫਿਰ ਗੁਰੂ ਰਾਮਦਾਸ, ਗੁਰੂ ਅਰਜਨ ਦੇਵ ਅਤੇ ਗੁਰੂ ਤੇਗ਼ ਬਹਾਦੁਰ ਸਾਹਿਬ ਜੀ ਦੀ ਬਾਣੀ ਹੈ। ਕੁਝ ਵਿਦਵਾਨ ਆਖਦੇ ਹਨ ਕਿ ਗੁਰੂ ਗੋਬਿੰਦ ਸਿੰਘ ਜੀ ਦਾ ਇਕ ਸਲੋਕ "ਬਲ ਹੋਆ ਬੰਧਨ ਛੁਟੇ" ਹੈ, ਪ੍ਰੰਤੂ ਇਹ ਗੱਲ ਕੋਈ ਬਹੁਤ ਮੰਨਣ ਯੋਗ ਨਹੀਂ ਲਗਦੀ ਕਿਉਂਕਿ ਉਹਨਾਂ ਦੀ ਬਾਣੀ ਦਸਮ ਗ੍ਰੰਥ ਵਿਚ ਪੂਰੀ ਦੀ ਪੂਰੀ ਦਰਜ ਹੈ। ਭਗਤਾਂ ਦੀ ਬਾਣੀ ਦੀ ਕ੍ਰਮਵਾਰ ਤਰਤੀਬ ਇਸ ਪ੍ਰਕਾਰ ਹੈ :

| | | | |
|---|---|---|---|
| 1. ਕਬੀਰ | 5. ਜੈ ਦੇਵ | 9. ਪੀਪਾ | 13. ਸੂਰਦਾਸ |
| 2. ਨਾਮਦੇਵ | 6. ਤ੍ਰਿਲੋਚਨ | 10. ਭੀਖਣ | 14. ਬੇਣੀ |
| 3. ਰਵਿਦਾਸ | 7. ਧੰਨਾ | 11. ਸਧਨਾ | 15. ਫਰੀਦ |
| 4. ਰਾਮਾ ਨੰਦ | 8. ਸੈਣ | 12. ਪਰਮਾਨੰਦ | |

ਇਥੇ ਇਹ ਗੱਲ ਦੱਸ ਦੇਣੀ ਉਚਿਤ ਹੈ ਕਿ ਜਿਥੇ ਭਗਤਾਂ ਦੀ ਬਾਣੀ ਦੇ ਸਾਹਮਣੇ ਭਗਤਾਂ ਦੇ ਨਾਮ ਲਿਖੇ ਹਨ, ਉਸੇ ਤਰ੍ਹਾਂ ਗੁਰੂ ਸਾਹਿਬਾਨ ਦੀ ਬਾਣੀ ਦੇ ਅੱਗੇ ਉਹਨਾ ਦੇ ਨਾਮ ਨਹੀਂ ਦਿੱਤੇ ਗਏ। ਸਗੋਂ ਨਾਮ ਦੀ ਥਾਂ 'ਮਹਲਾ' ਸ਼ਬਦ ਵਰਤਿਆ ਗਿਆ ਹੈ। ਭਾਵ ਗੁਰੂ ਨਾਨਕ ਦੇਵ ਜੀ ਦੀ ਬਾਣੀ 'ਮਹਲਾ 1'(ਪਹਿਲਾ) ਦੇ ਸਿਰਲੇਖ ਅਧੀਨ ਹੈ ਤੇ ਗੁਰੂ ਤੇਗ ਬਹਾਦਰ ਜੀ ਦੀ ਬਾਣੀ 'ਮਹਲਾ 9'(ਨੌਂਵਾਂ) ਨਾਮ ਹੇਠ ਦਰਜ ਹੈ। ਇਵੇਂ ਹੀ ਬਾਕੀ ਗੁਰੂ

ਸਾਹਿਬਾਨ ਦੀ ਬਾਣੀ ਦੇ ਨਾਲ ਉਹਨਾਂ ਦੀ ਗੁਰ-ਗੱਦੀ ਤਰਤੀਬ ਨਾਲ ਮਹਲਾ ਅੰਕ ਦਿੱਤਾ ਗਿਆ ਹੈ। 'ਮਹਲਾ ਸ਼ਬਦ' ਦੇ ਕਈ ਅਰਥ ਕੀਤੇ ਗਏ ਹਨ ਜਿਵੇਂ ਇਸ ਦਾ ਭਾਵ 'ਰੋਸ਼ਨੀ ਦਾ ਸਰੋਤ' ਵੀ ਹੈ ਤੇ ਇਹ ਵੀ ਕਿਹਾ ਜਾਂਦਾ ਹੈ ਕਿ ਇਹ ਸ਼ਬਦ ਮਹਿਲ ਭਾਵ ਬਾਦਸ਼ਾਹ ਦੇ ਨਿਵਾਸ ਸਥਾਨ ਤੋਂ ਲਿਆ ਹੈ। ਗੁਰੁ ਸਾਹਿਬਾਨ ਸਰੀਰ ਨੂੰ ਅਕਾਲ ਪੁਰਖ ਸੱਚੇ ਪਾਤਸ਼ਾਹ ਦੀ ਰਿਹਾਇਸ਼-ਗਾਹ ਮੰਨਦੇ ਹਨ, ਇਸ ਕਰਕੇ ਇਹ ਸ਼ਬਦ ਮਹਲਾ ਦੂਜਾ, ਤੀਜਾ ਆਦਿ ਵਰਤੇ ਗਏ। ਕਿਉਂਕਿ ਗੁਰੂ ਸਾਹਿਬਾਨ ਨੇ ਬਾਣੀ 'ਚ ਆਪਣੇ ਆਪ ਨੂੰ ਜੀਵ ਇਸਤਰੀ ਮੰਨ ਕੇ ਪਤੀ ਪਰਮੇਸ਼ਵਰ ਨੂੰ ਸੰਬੋਧਨ ਕੀਤਾ ਹੈ, ਕੁਝ ਵਿਦਵਾਨ ਇਸ ਸ਼ਬਦ ਨੂੰ ਹਿੰਦੀ ਦੇ 'ਮਹਿਲਾ', ਜਿਸ ਦੇ ਅਰਥ ਇਸਤਰੀ ਹਨ, ਵਜੋਂ ਲੈਂਦੇ ਹਨ।

ਸਾਰੇ ਭਗਤਾਂ ਦੀ ਰਚਨਾ ਕਿਉਂਕਿ ਰਾਗਾਂ ਵਿਚ ਦਰਜ ਹੈ, ਇਸ ਕਰਕੇ ਕਈ ਵਿਦਵਾਨ ਖ਼ਿਆਲ ਕਰਦੇ ਹਨ ਕਿ ਉਹਨਾ ਭਗਤਾਂ ਨੇ ਆਪ ਆਪਣੀ ਰਚਨਾ ਰਾਗਾਂ ਵਿਚ ਰਚੀ ਹੋਵੇਗੀ। ਸਾਰੇ ਭਗਤਾਂ ਨੇ ਰਾਗਾਂ ਵਿਚ ਬਾਣੀ ਨਹੀਂ ਸੀ ਰਚੀ। ਕੁਝ ਭਗਤਾਂ ਦੀ ਬਾਣੀ ਰਾਗਾਂ ਵਿਚ ਮਿਲਦੀ ਹੈ ਪਰੰਤੂ ਬਾਕੀਆਂ ਦੀ ਬਾਣੀ ਨੂੰ ਰਾਗਾਂ ਵਿਚ ਗੁਰੂ ਅਰਜਨ ਦੇਵ ਜੀ ਨੇ ਬੰਨ੍ਹਿਆ।

### 1.5.10 ਕਾਵਿ ਰੂਪਾਂ ਦੀ ਤਰਤੀਬ

ਆਦਿ ਗ੍ਰੰਥ ਦੇ ਸੰਪਾਦਕ ਨੇ ਕਵੀਆਂ ਦੀ ਤਰਤੀਬ ਤੋਂ ਬਾਅਦ ਕਾਵਿ ਰੂਪਾਂ ਦੀ ਤਰਤੀਬ ਦਾ ਖਾਸ ਖ਼ਿਆਲ ਰਖਿਆ ਹੈ। ਹਰ ਰਾਗ ਵਿਚ, ਹਰੇਕ ਬਾਣੀ ਦੇ ਆਰੰਭ ਵਿਚ ਮੰਗਲਾਚਰਣ ਦਿੱਤਾ ਹੋਇਆ ਹੈ। ਮੰਗਲਾਚਰਣ ਨੂੰ ਮੂਲ ਮੰਤਰ ਕਿਹਾ ਜਾਂਦਾ ਹੈ। ਇਹ ਮੂਲ ਮੰਤਰ ਜਪੁ ਦੇ ਆਰੰਭ ਵਿਚ ਆਇਆ ਹੈ ਤੇ ਹਰੇਕ ਰਾਗ ਦੇ ਸ਼ੁਰੂ ਵਿਚ ਇਹ ਪੂਰੇ ਦਾ ਪੂਰਾ ਦਰਜ ਕੀਤਾ ਗਿਆ ਹੈ। ਪਰ ਬਹੁਤੀ ਥਾਈਂ ਇਸ ਮੂਲ ਮੰਤਰ ਦੇ ਲਘੂ ਰੂਪ ਦਿੱਤੇ ਗਏ ਹਨ। ਪਰ ਮੂਲ ਮੰਤਰ ਅਤੇ ਇਸ ਦੇ ਬਾਕੀ ਸੰਖਿਪਤ ਰੂਪ ਇਸ ਤਰ੍ਹਾਂ ਹਨ।

(ੳ) ੴ ਸਤਿਨਾਮ ਕਰਤਾ ਪੁਰਖ ਨਿਰਭਉ ਨਿਰਵੈਰ ਅਕਾਲ ਮੂਰਤਿ ਅਜੂਨਿ ਸੈਭੰ ਗੁਰ ਪ੍ਰਸਾਦਿ।

(ਅ) ੴ ਸਤਿਨਾਮ ਕਰਤਾ ਪੁਰਖ ਗੁਰ ਪ੍ਰਸਾਦਿ।

(ੲ) ੴ ਗੁਰ ਪ੍ਰਸਾਦਿ।

(ਸ) ੴ।।

ਮੂਲ ਮੰਤਰ ਤੋਂ ਬਾਅਦ ਨਿਤਨੇਮ ਦੀਆਂ ਬਾਣੀਆਂ ਆਉਂਦੀਆਂ ਹਨ ਤੇ ਫਿਰ ਜਦੋਂ ਰਾਗ ਕ੍ਰਮ ਸ਼ੁਰੂ ਹੋ ਜਾਂਦਾ ਹੈ ਤਾਂ ਹਰੇਕ ਮੂਲ ਮੰਤਰ ਨਾਲ ਆਰੰਭ ਕਰਕੇ ਪਦੇ ਦਰਜ ਕੀਤੇ ਹਨ। ਪਦਿਆਂ ਦੀਆਂ ਕਈ ਕਿਸਮਾਂ ਹਨ, ਜਿਵੇਂ ਕਿ ਦੁਪਦੇ, ਤਿਪਦੇ, ਚਉਪਦੇ, ਪੰਚਪਦੇ, ਅਤੇ ਛਿਪਦੇ ਆਦਿਕ, ਉਪਰੰਤ ਅਸਟਪਦੀਆਂ ਦਰਜ ਹਨ। ਫਿਰ ਛੰਤ ਅਤੇ ਇਸ ਪਿਛੋਂ ਲੰਮੇਰੀਆਂ ਰਚਨਾਵਾਂ ਅਤੇ ਵਾਰਾਂ ਦਰਜ ਕੀਤੀਆ ਹੋਈਆ ਮਿਲਦੀਆਂ ਹਨ। ਅਖ਼ੀਰ ਵਿਚ ਸਲੋਕ ਅਤੇ ਰਾਗ ਮੁਕਤ ਬਾਣੀਆਂ ਆਉਂਦੀਆਂ ਹਨ।

ਸਿਰਫ ਇਹੀ ਨਹੀਂ ਕਿ ਰਚਣਹਾਰਿਆਂ ਨੂੰ ਅਤੇ ਉਪਰ ਦਰਜ ਕਾਵਿ ਰੂਪਾਂ ਨੂੰ ਦੱਸੀ ਵਿਉਂਤ ਅਨੁਸਾਰ ਦਰਜ ਕਰ ਦਿੱਤਾ ਤੇ ਬਸ ਕੰਮ ਖਤਮ ਹੋ ਗਿਆ। ਹਰੇਕ ਬਾਣੀ ਦੀ ਲਘੁਤਮ ਸੰਪੂਰਨ ਟੁਕੜੀ ਦੇ ਨਾਲ ਗਣਿਤ ਦੇ ਹਿੰਦਸੇ ਬਾਣੀ ਦੇ ਵੱਖ-ਵੱਖ ਭਾਗਾਂ ਦੀ ਗਿਣਤੀ ਕਰਦੇ ਜਾਂਦੇ ਹਨ। ਗਣਿਤ ਦੀ ਇਹ ਵਿਧੀ ਆਦਿ ਗ੍ਰੰਥ ਦੀ ਬਾਣੀ ਦੀ ਸ਼ੁੱਧਤਾ ਨੂੰ ਕਾਇਮ ਰੱਖਣ ਵਿਚ ਬੇਹੱਦ ਸਹਾਈ ਹੋਈ। ਇਸ ਨਾਲ ਕਿਸੇ ਬਾਣੀ ਦੇ ਪਦ ਨੂੰ ਵਿਚੋਂ ਹਟਾਇਆ ਨਹੀਂ ਜਾ ਸਕਦਾ ਅਤੇ ਨਾਂ ਹੀ ਨਵਾਂ ਕੋਈ ਸਲੋਕ ਆਦਿ ਸ਼ਾਮਿਲ ਕੀਤਾ ਜਾ ਸਕਦਾ ਹੈ। ਜਦੋਂ ਵੀ ਕੋਈ ਵਿਅਕਤੀ ਅਜਿਹਾ ਕਰੇਗਾ ਤਾਂ ਗਣਿਤ ਦੇ ਅੰਕਾਂ ਦੀ ਗਿਣਤੀ ਦਾ ਕ੍ਰਮ ਉਖੜ ਜਾਵੇਗਾ ਤੇ ਸ਼ਰਾਰਤ ਫੜ ਲਈ ਜਾਵੇਗੀ। ਸਪੱਸ਼ਟ ਹੈ ਕਿ ਆਦਿ ਗ੍ਰੰਥ ਦਾ ਸੰਪਾਦਕ ਬਾਣੀ ਦੀ ਸ਼ੁੱਧਤਾ ਅਤੇ ਪ੍ਰਮਾਣਿਕਤਾ ਲਈ ਕਿੰਨਾ ਚੇਤੰਨ ਸੀ।

### 1.5.11 ਘਰ, ਤਾਲ ਅਤੇ ਰਹਾਉ

ਉਪਰ ਲਿਖੇ ਸ਼ਬਦ ਆਦਿ ਗ੍ਰੰਥ ਵਿਚ ਆਮ ਮਿਲਦੇ ਹਨ। ਇਸ ਕਰਕੇ ਵਿਦਿਆਰਥੀਆਂ ਨੂੰ ਇਹਨਾਂ ਦੀ ਸੰਖਿਪਤ ਜਾਣਕਾਰੀ ਦੇਣੀ ਜ਼ਰੂਰੀ ਹੈ। 'ਘਰ' ਸ਼ਬਦ ਰਾਗ ਨਾਲ ਸੰਬੰਧਿਤ ਹੈ ਤੇ ਇਹ ਵਿਸ਼ੇਸ਼ ਰਾਗ ਦੀ ਪ੍ਰਧਾਨ ਸੁਰ ਦਾ ਸੰਕੇਤ ਦਿੰਦਾ ਹੈ। ਕੁੱਲ ਸਤਾਰਾਂ ਘਰਾਂ ਦੀ ਵਰਤੋਂ ਕੀਤੀ ਗਈ ਹੈ। ਘਰ ਤੋਂ ਇਲਾਵਾ ਸੰਤਾਂ ਕੀ ਜੰਤਿ ਸ਼ਬਦ ਆਏ ਹਨ। 'ਪੜਤਾਲ' ਸ਼ਬਦ ਵੀ ਤਾਲ ਦਾ ਸੂਚਕ ਹੈ। ਜਿਵੇਂ ਇਕ ਤਾਲ, ਦੋ ਤਾਲ, ਤਿੰਨ ਤਾਲ, 'ਪੜਤਾਲ', ਤਾਲ ਦੀ ਇਕ ਕਿਸਮ ਹੈ। ਇਵੇਂ ਹੀ ਰਹਾਉ ਸ਼ਬਦ ਦੀ ਵਰਤੋਂ ਵੀ ਬਹੁਤ ਵਾਰ ਹੋਈ ਹੈ। ਰਹਾਉ ਦੀਆਂ ਪੰਕਤੀਆਂ

ਵਲ ਧਿਆਨ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਸਮੁੱਚੀ ਬਾਣੀ ਜਾਂ ਪੂਰੇ ਸ਼ਬਦ ਦਾ ਸਾਰ 'ਰਹਾਉ' ਦੀਆਂ ਪੰਕਤੀਆਂ ਵਿਚ ਦਰਜ ਹੁੰਦਾ ਹੈ। ਇਹੀ ਕਾਰਣ ਹੈ ਕਿ ਰਹਾਉ ਦੀਆਂ ਪੰਕਤੀਆਂ ਨੂੰ ਸੰਗੀਤਕਾਰ 'ਟੇਕ' ਵਜੋਂ ਲੈਂਦੇ ਹਨ, ਭਾਵ ਕੀਰਤਨ ਵਿਚ ਵਾਰ ਵਾਰ ਦੁਹਰਾਈਆਂ ਜਾਣ ਵਾਲੀਆਂ ਪੰਕਤੀਆਂ ਰਹਾਉ ਵਾਲੀਆਂ ਹੀ ਹੁੰਦੀਆਂ ਹਨ। ਉਦਾਹਰਣ ਲਈ ਦੱਖਣੀ ਓਅੰਕਾਰ ਬਾਣੀ ਵਿਚ ਕਿਤਾਬੀ ਪੜ੍ਹਾਈ ਜਾਂ ਫੋਕੜ ਵਿਦਿਆ ਅਤੇ ਕਰਮ ਕਾਂਡਾਂ ਦੇ ਆਡੰਬਰਾਂ ਦਾ ਖੰਡਨ ਕੀਤਾ ਗਿਆ ਹੈ। ਇਸ ਬਾਣੀ ਦੀਆਂ ਰਹਾਉ ਦੀਆਂ ਪੰਕਤੀਆਂ ਹਨ।

*ਸੁਣਿ ਪਾਡੇ ਕਿਆ ਲਿਖਹੁ ਜੰਜਾਲਾ।*
*ਲਿਖ ਰਾਮ ਨਾਮਿ ਗੁਰਮੁਖਿ ਗੁਪਾਲਾ। ਰਹਾਉ।*

ਇਹਨਾਂ ਪੰਕਤੀਆਂ ਵਿਚ ਕੁੱਲ ਬਾਣੀ ਦੀ ਸਿੱਖਿਆ ਦਾ ਸਾਰ ਹੈ। ਇਥੇ ਹੀ ਸਿਧ ਗੋਸ਼ਟਿ ਵਿਚ ਗੁਰੂ ਨਾਨਕ ਦੇਵ ਜੀ ਸਿੱਧਾਂ ਨਾਲ ਵਿਚਾਰ ਕਰਦੇ ਹੋਏ ਜੀਵਨ ਦੇ ਉਦੇਸ਼ ਦਾ ਵਿਸਥਾਰ ਨਾਲ ਵਰਨਣ ਦੱਸਦੇ ਹਨ ਕਿ ਪਰੰਪਰਾਗਤ ਵਿਧੀਆਂ ਨਾਲ ਰੱਬ ਨਹੀਂ ਮਿਲ ਸਕਦਾ ਤੇ ਨਾ ਹੀ ਤੀਰਥ ਆਦਿਕ ਰਟਣ ਇਸ ਵਾਸਤੇ ਸਹਾਈ ਹੁੰਦਾ ਹੈ। ਸਿਧ ਗੋਸ਼ਟਿ ਦੀ ਰਹਾਉ ਦੀ ਪੰਕਤੀ ਇਹ ਹੈ :

*ਕਿਆ ਭਵੀਐ ਸਚਿ ਸੂਚਾ ਹੋਇ*
*ਸਾਚ ਸਬਦੁ ਬਿਨੁ ਮੁਕਤਿ ਨਾ ਕੋਇ।੧।*

ਇਹ ਪੰਕਤੀਆਂ, ਸਿਧ ਗੋਸ਼ਟਿ ਬਾਣੀ ਦਾ ਤੱਤਸਾਰ ਹਨ।

### 1.5.12 ਸਿੱਟਾ

ਉਪਰ ਦਰਜ ਕੀਤੇ ਤੱਥਾਂ ਤੋਂ ਸਪੱਸ਼ਟ ਹੈ ਕਿ ਆਦਿ ਗ੍ਰੰਥ ਦੇ ਸੰਪਾਦਕ ਗੁਰੂ ਅਰਜਨ ਦੇਵ ਜੀ ਨੇ ਕਿੰਨੀ ਮਿਹਨਤ ਤੇ ਲਗਨ ਨਾਲ ਇਹ ਮਹਾਨ ਕਾਰਜ ਸਿਰੇ ਚਾੜ੍ਹਿਆ। ਉਹਨਾਂ ਨੇ ਭਾਈ ਗੁਰਦਾਸ ਜੀ ਦੀ ਸਹਾਇਤਾ ਇਸ ਕਰਕੇ ਲਈ ਕਿਉਂਕਿ ਭਾਈ ਸਾਹਿਬ ਜੀ ਮੱਧਕਾਲੀਨ ਭਾਰਤੀ ਭਾਸ਼ਾਵਾਂ ਦੇ ਧੁਰੰਧਰ ਵਿਦਵਾਨ ਸਨ। ਇਹ ਗ੍ਰੰਥ ਸਦਾ ਲਈ ਮਨੁੱਖਤਾ ਦਾ ਕਲਿਆਣ ਕਰਦਾ ਰਹੇਗਾ। ਅਜੇ ਵੀ ਇਸ ਦੀ ਸੰਪਾਦਨ ਕਲਾ ਵਿਚਲੇ ਕੁਝ ਕੁ ਪੱਖ ਵਿਦਵਾਨ ਪੂਰੀ ਤਰ੍ਹਾਂ ਰੋਸ਼ਨ ਨਹੀਂ ਕਰ ਸਕੇ। ਸਮਾਂ ਬੀਤੇਗਾ ਤਾਂ ਇਸ ਦੀ ਉਪਯੋਗਤਾ ਹੋਰ ਵਧਦੀ ਚਲੀ ਜਾਵੇਗੀ।

### 1.5.13 ਅਭਿਆਸ ਲਈ ਪ੍ਰਸ਼ਨ

1. 'ਗੁਰੂ ਗ੍ਰੰਥ ਸਮੁੱਚੀ ਮਾਨਵਤਾ ਲਈ ਰੋਸ਼ਨੀ ਦਾ ਸ੍ਰੋਤ ਹੈ' ਵਿਸਤਾਰ ਸਹਿਤ ਲਿਖੋ।
2. ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨ ਕਲਾ ਉਪਰ ਨੋਟ ਲਿਖੋ।

### 1.5.14 ਸਹਾਇਕ ਪੁਸਤਕਾਂ


1. ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨ ਕਲਾ : ਮਹਿੰਦਰ ਕੌਰ ਗਿੱਲ
2. ਗੁਰੂ ਗ੍ਰੰਥ ਸਾਹਿਬ ਦਾ ਸਾਹਿਤਿਕ ਇਤਿਹਾਸ : ਡਾ. ਤਾਰਨ ਸਿੰਘ
3. ਆਦਿ ਬੀੜ ਬਾਰੇ : ਪ੍ਰੋ. ਸਾਹਿਬ ਸਿੰਘ
4. A Critical Study of Adi Granth : Surinder Singh Kohli

ਪਾਠ ਨੰ. : 1.6

# ਜਪੁਜੀ ਸਾਹਿਬ-ਮੁਢਲੀ ਜਾਣਕਾਰੀ

1.6.1 ਪਾਠ ਦਾ ਉਦੇਸ਼
1.6.2 ਭੂਮਿਕਾ
1.6.3 ਜਪੁਜੀ ਦਾ ਰਚਨਾ ਕਾਲ
1.6.4 ਮੂਲ ਮੰਤਰ
1.6.5 ਰਹੱਸਵਾਦੀ ਰਚਨਾ
1.6.6 ਵਿਸ਼ਾ
1.6.7 ਮੂਲ ਮੰਤਰ ਅਨੁਸਾਰ ਪਰਮਸਤਿ ਦਾ ਸਰੂਪ
1.6.8 ਆਦਰਸ਼ ਮਨੁੱਖ
1.6.9 ਪੰਜ ਖੰਡ
1.6.10 ਸਿੱਟਾ
1.6.11 ਅਭਿਆਸ ਲਈ ਪ੍ਰਸ਼ਨ
1.6.12 ਸਹਾਇਕ ਪੁਸਤਕਾਂ

### 1.6.1 ਪਾਠ ਦਾ ਉਦੇਸ਼

ਇਸ ਪਾਠ ਵਿਚ ਵਿਦਿਆਰਥੀਆਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਭ ਤੋਂ ਪ੍ਰਥਮ ਸਥਾਨ ਉੱਪਰ ਦਰਜ ਬਾਣੀ 'ਜਪੁ' ਜਿਸ ਨੂੰ ਸਿੱਖ ਜਗਤ ਵਿਚ ਸਤਿਕਾਰ ਨਾਲ 'ਜਪੁਜੀ ਸਾਹਿਬ' ਆਖਿਆ ਜਾਂਦਾ ਹੈ, ਦੇ ਰਚਨਾ-ਕਾਲ, ਵਿਸ਼ਾ-ਪੱਖ, ਕਲਾਤਮਕ-ਪੱਖ ਅਤੇ ਸਭ ਤੋਂ ਅਹਿਮ ਅਧਿਆਤਮਕ ਅਤੇ ਦਾਰਸ਼ਨਿਕ ਪਹਿਲੂਆਂ ਸੰਬੰਧੀ ਸਾਰਥਕ ਵਿਚਾਰ ਵੀ ਪੇਸ਼ ਹੋਏ ਹਨ।

### 1.6.3 ਭੂਮਿਕਾ

ਜਪੁਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਹਿਲੀ ਬਾਣੀ ਹੈ। ਅਸਲ ਵਿੱਚ ਇਸ ਬਾਣੀ ਦਾ ਨਾਂ ਜਪੁ ਹੈ ਜਿਸ ਦਾ ਭਾਵ ਹੈ ਕਿ ਬਾਣੀ ਜਪਣ ਲਈ ਬਣਾਈ ਹੈ। ਪਰ ਅੱਜ ਸਤਿਕਾਰ ਸਹਿਤ ਅਸੀਂ ਇਸ ਬਾਣੀ ਨੂੰ ਜਪੁਜੀ ਸਾਹਿਬ ਆਖਦੇ ਹਾਂ। ਜਨਮ ਸਾਖੀਆਂ ਅਨੁਸਾਰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਆਗਿਆ ਲੈ ਕੇ ਭਾਈ ਲਹਿਣਾ ਜੀ ਨੇ ਉਹਨਾਂ ਦੀ ਸਮੁੱਚੀ ਰਚਨਾ ਵਿੱਚੋਂ ਸਿੱਖਿਆ ਸਾਰ ਰੂਪੀ ਪਦ ਚੁਣ ਕੇ ਇਸ ਬਾਣੀ ਨੂੰ ਸੰਪਾਦਿਤ ਕੀਤਾ ਪਰ ਅੱਜ ਵਿਦਵਾਨ ਇਸ ਸੰਬੰਧੀ ਇੱਕ ਮੱਤ ਨਹੀਂ। ਉਹਨਾਂ ਅਨੁਸਾਰ ਇਹ ਬਾਣੀ ਗੁਰੂ ਨਾਨਕ ਪਾਤਸ਼ਾਹ ਦੀ ਸੁਤੰਤਰ ਰਚਨਾ ਹੈ। ਇਹੀ ਕਾਰਨ ਹੈ ਕਿ ਇਹ ਬਾਣੀ ਸਲੋਕ, ਸ਼ਬਦ, ਪਉੜੀਆਂ ਆਦਿ ਕਾਵਿ ਰੂਪਾਂ ਦਾ ਸੁਮੇਲ ਹੈ, ਕਿਸੇ ਇੱਕ ਕਾਵਿ ਛੰਦ ਦੀ ਮੁਹਤਾਜ ਨਹੀਂ। ਇਹ ਬਾਣੀ ਰਾਗ-ਮੁਕਤ ਹੈ ਅਤੇ ਇਸ ਦੇ ਰਾਗ ਮੁਕਤ ਹੋਣ ਦਾ ਪ੍ਰਮੁੱਖ ਕਾਰਣ ਸ਼ਾਇਦ ਇਹ ਹੋਵੇ ਕਿ ਸਾਰੇ ਗੁਰ ਸਿੱਖ ਗਾਇਨ ਕਰਨ ਦੇ ਸਮਰੱਥ ਨਹੀਂ ਹੋ ਸਕਦੇ ਇਸ ਲਈ ਇਸ ਬਾਣੀ ਦੇ ਪਾਠ ਕਰਨ ਦਾ ਵਿਧਾਨ ਹੈ ਗਾਇਨ ਕਰਨ ਦਾ ਨਹੀਂ। ਇਹੀ ਕਾਰਨ ਹੈ ਕਿ ਇਸ ਬਾਣੀ ਨੂੰ ਹਰ ਗੁਰਸਿੱਖ ਦੇ ਵਿਅਕਤੀਗਤ ਨਿਤਨੇਮ ਦੀ ਪਹਿਲੀ ਬਾਣੀ ਬਣਾਇਆ ਗਿਆ ਹੈ। ਇਸ ਦੀ ਪੁਸ਼ਟੀ ਭਾਈ ਗੁਰਦਾਸ ਜੀ ਕਰਦੇ ਹਨ ਕਿ ਜਪੁਜੀ ਬਾਣੀ ਦਾ ਪਾਠ ਇਸ ਬਾਣੀ ਦੇ ਰਚਨਾ ਕਾਲ ਤੋਂ ਹੀ ਅੰਮ੍ਰਿਤ ਵੇਲੇ ਕੀਤਾ ਜਾਂਦਾ ਸੀ -

ਸੋਦਰ ਆਰਤੀ ਗਾਵੀਐ ਅੰਮ੍ਰਿਤ ਵੇਲੇ ਜਾਪ ਉਚਾਰਾ॥

ਅੱਜ ਵੀ ਹਰ ਗੁਰਸਿੱਖ ਅੰਮ੍ਰਿਤ ਵੇਲੇ ਪੜ੍ਹੇ ਜਾਣ ਵਾਲੀਆਂ ਬਾਣੀਆਂ ਦੇ ਨਿਤਨੇਮ ਵਿੱਚ ਜਪੁਜੀ ਬਾਣੀ ਨੂੰ ਪਹਿਲ ਦਿੰਦਾ ਹੈ। ਅੰਮ੍ਰਿਤ ਛਕਣ ਦੀ ਰਸਮ ਵਕਤ ਵੀ ਸਭ ਤੋਂ ਪਹਿਲਾਂ ਜਪੁਜੀ ਸਾਹਿਬ ਦਾ ਪਾਠ ਹੁੰਦਾ ਹੈ।

**1.6.3 ਜਪੁਜੀ ਦਾ ਰਚਨਾ ਕਾਲ**

ਜਪੁਜੀ ਦੀ ਰਚਨਾ ਦੇ ਕਾਲ ਬਾਰੇ ਕੋਈ ਇੱਕ ਰਾਇ ਬਣਾ ਸਕਣਾ ਕਠਿਨ ਹੈ, ਕਿਉਂਕਿ ਪਰੰਪਰਾ ਵਿੱਚ ਇਸ ਦਾ ਕੋਈ ਸੰਕੇਤ ਪ੍ਰਾਪਤ ਨਹੀਂ ਹੁੰਦਾ। ਆਮ ਵਿਚਾਰ ਇਹੀ ਹੈ ਕਿ ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਆਪਣੀਆਂ ਚਾਰੇ ਉਦਾਸੀਆਂ ਸੰਪੂਰਨ ਕਰਨ ਤੋਂ ਪਿੱਛੋਂ ਕਰਤਾਰਪੁਰ ਆਕੇ ਟਿਕ ਗਏ ਅਤੇ ਖੇਤੀ ਆਦਿ ਕਰਨ ਲੱਗੇ ਤਾਂ ਉਸ ਵੇਲੇ ਜਪੁਜੀ ਦਾ ਪਾਠ ਸਵੇਰੇ ਨੇਮ ਨਾਲ ਕੀਤਾ ਜਾਂਦਾ ਸੀ। ਇੱਥੋਂ ਤੱਕ ਜਦੋਂ ਭਾਈ ਲਹਿਣਾ ਜੀ, ਹਜ਼ੂਰ ਦੇ ਦਰਸ਼ਨ ਕਰਕੇ ਹਜ਼ੂਰ ਦੇ ਅੰਗ ਹੋ ਗਏ ਤਾਂ ਹਜ਼ੂਰ ਨੇ ਉਹਨਾਂ ਨੂੰ ਜਪੁਜੀ ਆਪ ਲਿਖਵਾਇਆ ਅਤੇ ਜਪੁਜੀ ਦੇ ਨਿੱਤ ਪਾਠ ਦਾ ਪ੍ਰਬੰਧ ਕਰ ਦਿੱਤਾ। ਭਾਵੇਂ ਸਿੱਖ ਧਰਮ ਦਾ ਮੋਢੀ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਮੰਨਿਆ ਜਾਂਦਾ ਹੈ ਪਰ ਸਿੱਖ ਧਰਮ ਦਾ ਆਰੰਭ ਵੇਈ ਪ੍ਰਵੇਸ਼ ਤੋਂ ਬਾਅਦ ਹੁੰਦਾ ਹੈ ਕਿਉਂਕਿ ਵੇਈ ਪ੍ਰਵੇਸ਼ ਪਿੱਛੋਂ ਹੀ ਗੁਰੂ ਜੀ ਸਿੱਧਾਂਤਕ ਘੋਸ਼ਣਾ ਕਰਦੇ ਹਨ।ਪੁਰਾਤਨ ਜਨਮ ਸਾਖੀ ਦਾ ਕਰਤਾ ਵੇਈ ਪ੍ਰਵੇਸ਼ ਸੰਬੰਧੀ ਸਾਖੀ ਦਾ ਬਿਆਨ ਕਰਦਾ ਹੋਇਆ ਲਿਖਦਾ ਹੈ, "ਤਬਿ ਆਵਾਜ਼ ਹੋਆ ਨਾਨਕ। ਮੇਰਾ ਹੁਕਮ ਤੇਰੀ ਨਦਰ ਆਇਆ ਹੈ, ਤੂੰ ਮੇਰੇ ਹੁਕਮ ਕੀ ਸਿਫਤ ਕਰੁ।ਤਬਿ ਬਾਬਾ ਬੋਲਿਆ। ਧੁਨਿ ਉਠੀ ਰਾਗ, ਆਸਾ ਜਪੁ ਮ. 1।ਸਲੋਕ। ਆਦਿ ਸਚੁ ਜੁਗਾਦਿ ਸਚੁ।ਹੈ ਭੀ ਸਚੁ। ਨਾਨਕ ਹੋਸੀ ਭੀ ਸਚੁ। ਜਪੁ 1 ਸੰਪੂਰਣ ਕੀਤਾ" ਵੇਈ ਪ੍ਰਵੇਸ਼ ਵੇਲੇ ਗੁਰੂ ਜੀ ਦੀ ਉਮਰ 38 ਸਾਲ ਦੇ ਲਗਭਗ ਸੀ ਤੇ ਇਹ ਸਾਖੀ 1507 ਈ. ਵਿੱਚ ਮੰਨੀ ਜਾਂਦੀ ਹੈ।ਭਾਈ ਲਹਿਣੇ ਤੋਂ ਜਪੁਜੀ ਨੂੰ ਲਿਖਵਾਏ ਜਾਣ ਵਾਲੀ ਵੀ ਸਾਖੀ ਆਉਂਦੀ ਹੈ। ਜਦੋਂ ਗੁਰੂ ਨਾਨਕ ਦੇਵ ਜੀ ਕਰਤਾਰਪੁਰ ਟਿਕੇ ਹੋਏ ਸਨ ਤਾਂ "ਦਰਗਾਹ ਪਰਮੇਸ਼ਰ ਕੀ ਬੁਲਾਇਆ" ਵਾਪਸ ਆ ਕੇ ਆਪਣੇ ਸਿੱਖ ਅੰਗਦ ਨੂੰ ਆਖਣ ਲੱਗੇ, ਪਰਚਾ ਪਰਮੇਸ਼ਰ ਦਾ ਹੁਕਮ ਹੈ ਕਿ ਸਿਫਿਤ ਮੇਰੀ ਕਰਨੀ ਹੈ।ਗੁਰੂ ਨਾਨਕ ਦੇਵ ਜੀ ਨੇ "ਆਪਣਾ ਖਜ਼ਾਨਾ ਅੰਗਦ ਸਿੱਖ ਦੇ ਹਵਾਲੇ ਕੀਤਾ।ਕਹਿ ਓਹੁ-ਪੁਰਖਾ। ਹੁਣ ਤੂੰ ਜਪੁ ਰਚ। ਤਬ ਗੁਰਬਾਬੇ ਦੇ ਹਜ਼ੂਰ ਗੁਰੂ ਅੰਗਦ ਬਾਬੇ ਦੀ ਬਾਣੀ ਦਾ ਜੋੜ ਬੰਧਿਆ। ਜਪੁ ਕਾ। ਅਠਤੀਸ ਪਉੜੀਆਂ ਸਾਰੀ ਬਾਣੀ ਵਿਚਹੁ ਮਥਿ ਕਰਿ ਕੱਢੀ ਹੈ।" ਜਿਸ ਤੇ ਆਮ ਇਹੀ ਧਾਰਣਾ ਮੰਨੀ ਜਾਂਦੀ ਹੈ ਕਿ ਜਪੁਜੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਉਮਰ ਦੇ ਆਖਰੀ ਸਾਲਾਂ ਵਿੱਚ ਕਰਤਾਰਪੁਰ ਵਿਖੇ ਗੁਰੁ ਅੰਗਦ ਦੇਵ ਜੀ ਤੋਂ ਲਿਖਵਾਇਆ। ਜਪੁਜੀ ਇੱਕ ਅਜਿਹੀ ਬਾਣੀ ਹੈ ਜਿਸ ਨੂੰ ਸਭ ਤੋਂ ਵੱਧ ਪਿਆਰਿਆ ਤੇ ਸਤਿਕਾਰਿਆ ਜਾਂਦਾ ਹੈ। ਜਿਸ ਦੀ ਪੁਸ਼ਟੀ ਇਸ ਦੀ 100 ਤੋਂ ਵੱਧ ਭਾਸ਼ਾਵਾਂ ਵਿੱਚ ਰਚੇ ਗਏ ਟੀਕਿਆਂ ਤੋਂ ਹੁੰਦੀ ਹੈ। ਅੱਜ ਸੰਸਾਰ ਦੀ ਹਰ ਪ੍ਰਮੁੱਖ ਭਾਸ਼ਾ ਵਿੱਚ ਇਸ ਦਾ ਟੀਕਾ ਹੋਣਾ, ਇਸ ਦੀ ਹਰਮਨ ਪਿਆਰਤਾ ਦੀ ਨਿਸ਼ਾਨੀ ਹੈ।

**1.6.4 ਮੂਲ ਮੰਤਰ :**

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਮੂਲ ਮੰਤਰ ਨੂੰ ਬਹੁਤ ਮਹੱਤਵ ਪ੍ਰਾਪਤ ਹੈ। ਮੂਲ ਮੰਤਰ ਦਾ ਯੋਗਦਾਨ ਵੀ ਜਪੁਜੀ ਸਾਹਿਬ ਦਾ ਹੀ ਪ੍ਰਵਾਨਿਆ ਕਿਹਾ ਜਾ ਸਕਦਾ ਹੈ ਕਿਉਂਕਿ ਜਪੁਜੀ ਸਾਹਿਬ ਦੇ ਮੁੱਢ ਵਿੱਚ ਹੀ ਮੂਲ ਮੰਤਰ ਸੁਸ਼ੋਭਿਤ ਕੀਤਾ ਗਿਆ ਹੈ। ਮੂਲ ਮੰਤਰ ੴ ਸਤਿਨਾਮੁ, ਕਰਤਾ ਪੁਰਖੁ, ਨਿਰਭਉ, ਨਿਰਵੈਰੁ, ਅਕਾਲ ਮੂਰਤਿ, ਅਜੂਨੀ ਸੈਭੰ, ਗੁਰਪ੍ਰਸਾਦਿ ਤੱਕ ਹੈ। ਇੱਕ ਰਾਇ ਮੁਤਾਬਕ ਮੂਲ ਮੰਤਰ "ਨਾਨਕ ਹੋਸੀ ਭੀ ਸਚੁ" ਤੱਕ ਹੈ ਪਰ ਇਹ ਠੀਕ ਨਹੀਂ ਲਗਦੀ। ਮੂਲ ਮੰਤਰ ਭਾਵੇਂ ਪੂਰਾ ਦਿੱਤਾ ਗਿਆ ਹੈ, ਭਾਵੇਂ ਸੰਖੇਖ ਰੂਪ ਵਿੱਚ ਪਰ ਇਹ ੴ ਤੋਂ ਲੈ ਕੇ ਗੁਰਪ੍ਰਸਾਦਿ ਤੱਕ ਹੈ। 'ਜਪੁਜੀ' ਬਾਣੀ ਦਾ ਸਿਰਲੇਖ ਹੈ ਤੇ ਇਸ ਸਿਰਲੇਖ ਤੋਂ ਪਹਿਲਾਂ ਦਿੱਤੇ "ਮੂਲ ਮੰਤਰ" ਦਾ ਸਮਾਧਾਨ ਜਪੁਜੀ ਸਾਹਿਬ ਵਿੱਚ ਹੋ ਗਿਆ ਹੈ। ਇਹ ਮੂਲ ਮੰਤਰ ਫਿਰ ਸਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਕਈ ਥਾਈਂ ਸੰਖੇਪ ਤੇ ਕਈ ਥਾਈਂ ਸੰਪੂਰਣ ਤੌਰ ਤੇ ਦੁਹਰਾਇਆ ਗਿਆ ਹੈ। ਜਪੁਜੀ ਸਾਹਿਬ ਦੀਆਂ ਅਠੱਤੀ ਪਉੜੀਆਂ ਵਿੱਚ ਮਨੁੱਖੀ ਜੀਵਨ ਦੇ ਵੱਖ-ਵੱਖ ਰਹੱਸਾਂ ਉੱਤੇ ਚਾਨਣਾ ਪਾਇਆ ਹੈ। ਜਪੁਜੀ ਦੇ ਅਖੀਰ ਵਿੱਚ ਆਇਆ ਸਲੋਕ ਵੀ ਮੂਲ ਮੰਤਰ ਵਾਂਗੂੰ ਮੂਲ ਬਾਣੀ ਦਾ ਮੌਲਿਕ ਭਾਗ ਨਹੀਂ। ਸਲੋਕ "ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ" ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 46 ਤੇ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਨਾਂ ਹੇਠ ਆਇਆ ਹੋਇਆ ਹੈ ਤੇ ਕੇਵਲ ਦੋ ਅੱਖਰਾਂ ਦਾ ਫਰਕ ਹੈ, ਇੱਕ ਤਾਂ ਪਵਣ ਦੀ ਥਾ ਪਾਉਣ ਤੇ ਦਿਵਸ ਦੀ ਦਿਨਸੁ ਹੈ ਜਿਸ ਤੇ ਕੁਝ ਟੀਕਾਕਾਰਾਂ ਨੇ ਇਹ ਅੰਦਾਜ਼ਾ ਲਾਇਆ ਹੈ ਕਿ ਇਹ ਬਾਣੀ ਸੰਪਾਦਿਤ ਕੀਤੀ ਹੋਈ ਹੈ ਜਿਸ ਲਈ ਆਧਾਰ ਉਹਨਾਂ ਨੇ ਇਸ ਬਾਣੀ ਤੇ ਮਹਲਾ ਦੀ ਮੋਹਰ ਦਾ ਨਾਂ ਹੋਣਾ ਤੇ ਰਾਗਾਂ ਤੋਂ ਦਿੱਤੀ ਛੋਟ ਤੋਂ ਵੀ ਬਣਾਇਆ ਹੈ। ਪਰੰਤੂ ਅਜਿਹੀ ਗੱਲ ਨਹੀਂ। ਜਪੁਜੀ ਸਾਹਿਬ ਨੂੰ ਸੰਪਾਦਿਤ ਰਚਨਾ ਮੰਨਣ

ਦੇ ਜੋ ਆਧਾਰ ਦਿੱਤੇ ਹਨ ਉਹ ਇੰਨੇ ਠੋਸ ਨਹੀਂ ਜਿਸ ਦਾ ਵਰਨਣ ਪਿੱਛੇ ਕੀਤਾ ਜਾ ਚੁੱਕਾ ਹੈ, ਇਸ ਲਈ ਇਹ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸੁਤੰਤਰ ਰਚਨਾ ਹੈ ਤੇ ਇਸ ਦਾ ਸੰਪੂਰਣ ਪ੍ਰਕਾਸ਼ਨ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸ਼ਾਮਿਲ ਬਾਣੀ ਰਾਹੀਂ ਹੋਇਆ ਹੈ, ਮੂਲ ਰੂਪ ਵਿੱਚ ਜਪੁਜੀ ਸਾਹਿਬ ਗੁਰਮਤਿ ਦਾ ਬੀਜ ਰੂਪ ਹੈ।

**1.6.5 ਰਹੱਸਵਾਦੀ ਰਚਨਾ :**

ਮਹਾਨ ਕੋਸ਼ ਦਾ ਕਰਤਾ ਰਹੱਸ ਦੇ ਅਰਥ ਕਰਦਾ ਹੋਇਆ ਲਿਖਦਾ ਹੈ ਕਿ ਰਹੱਸ ਛੁਪਾਉਣ ਲਾਇਕ ਬਾਤ ਜਾਂ ਗੁਪਤ ਭੇਤ ਹੁੰਦਾ ਹੈ। ਸੂਫੀ ਦਰਵੇਸ਼ ਇਸ ਨੂੰ ਸਿਰਫ (ਰਾਜ, ਭੇਦ) ਦੱਸਦੇ ਹਨ ਜਿਸ ਨੂੰ ਜ਼ਾਹਰ ਕਰਨਾ ਵਿਵਰਜਤ ਹੈ। ਇਹੀ ਕਾਰਨ ਹੈ ਕਿ ਸੂਫੀ ਦਰਵੇਸ਼ਾਂ ਨੇ ਆਪਣੇ ਪਿਆਰੇ ਪ੍ਰਭੂ ਦੇ ਭੇਦ ਨੂੰ ਜ਼ਾਹਰ ਨਹੀਂ ਕੀਤਾ । ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਵੀ ਸਿਰ ਤਾਂ ਦਿੱਤਾ ਪਰ ਸਿਰਰ (ਪ੍ਰਭੂ ਦਾ ਭੇਦ) ਨਾ ਦਿੱਤਾ। ਗੁਰੂ ਨਾਨਕ ਦੇਵ ਜੀ ਮੂਲ ਰੂਪ ਵਿੱਚ ਸ਼ਰੋਮਣੀ ਰਹੱਸਵਾਦੀ ਸਨ। ਜਪੁਜੀ ਮੂਲ ਰੂਪ ਵਿੱਚ ਰਹੱਸਵਾਦੀ ਰਚਨਾ ਹੈ ਜਿਸ ਵਿੱਚ ਗੁਰੂ ਜੀ ਨੇ ਆਪਣੇ ਨਿੱਜੀ ਅਧਿਆਤਮਕ ਅਨੁਭਵਾਂ ਨੂੰ ਬਿਆਨ ਕੀਤਾ ਹੈ । ਇਹ ਮਾਣੇ ਤਾਂ ਜਾ ਸਕਦੇ ਹਨ, ਉਤਸ਼ਾਹ ਤੇ ਪ੍ਰੇਰਣਾ ਦੇ ਵੀ ਸਮਰੱਥ ਹਨ ਪਰ ਇਹਨਾਂ ਨੂੰ ਨਿਰਾ ਬੌਧਿਕ ਪੱਧਰ ਤੇ ਸਮਝ ਸਕਣਾ ਸੰਭਵ ਨਹੀਂ ਹੈ।

**1.6.6 ਵਿਸ਼ਾ :**

ਗੁਰੂ ਨਾਨਕ ਦੇਵ ਜੀ ਨੇ ਇਸ ਰਚਨਾ ਵਿੱਚ ਪਰਮ ਸਤਿ ਦੇ ਸਰੂਪ ਨੂੰ ਉਜਾਗਰ ਕਰਦੇ ਹੋਏ ਉਸ ਦੇ ਗੁਣਾਂ ਨੂੰ ਗ੍ਰਹਿਣ ਕਰਨ ਦਾ ਉਪਦੇਸ਼ ਦਿੱਤਾ ਹੈ। ਪਰਮਾਤਮਾ ਦੀ ਨਿਕਟਤਾ ਪ੍ਰਾਪਤ ਕਰਨ ਲਈ ਉਸ ਦੇ ਨਾਮ ਦੀ ਵਡਿਆਈ ਕਰਨਾ ਤੇ ਉਸ ਦੇ ਭਾਣੇ ਵਿੱਚ ਰਹਿਣ ਲਈ 'ਹੁਕਮਿ ਰਜਾਈ ਚਲਣਾ' ਦਾ ਉਪਦੇਸ਼ ਦਿੱਤਾ ਹੈ।ਆਮ ਭਾਸ਼ਾ ਵਿੱਚ ਜਪੁਜੀ ਇਹਨਾਂ ਦੋ ਪ੍ਰਸ਼ਨਾਂ ਦਾ ਉੱਤਰ ਹੈ ਕਿ ਸੱਚ ਕੀ ਹੈ? ਤੇ ਸੱਚ ਨੂੰ ਪਾਉਣਾ ਕਿਵੇਂ ਹੈ।ਮੂਲ ਮੰਤਰ ਉਸ ਸੱਚ ਦੀ ਹੀ ਵਿਆਖਿਆ ਹੈ, ਸੱਚ ਕੀ ਹੈ? ਤੇ ਸੱਚ ਨੂੰ ਪਾਉਣਾ ਕਿਵੇਂ ਹੈ। ਮੂਲ ਮੰਤਰ ਉਸ ਸੱਚ ਦੀ ਹੀ ਵਿਆਖਿਆ ਹੈ ਤੇ ਸਮੁੱਚਾ ਜਪੁਜੀ ਉਸ ਸੱਚ ਨੂੰ ਪਾਉਣ ਦਾ ਰਸਤਾ ਦੱਸਦਾ ਹੈ।ਗੁਰੂ ਨਾਨਕ ਦੇਵ ਜੀ ਅਨੁਸਾਰ ਮਨੁੱਖ ਆਪਣੀ ਬੁੱਧੀ, ਭਾਵਾਂ ਤੇ ਕਲਪਨਾ ਨੂੰ ਠੀਕ ਢੰਗ ਨਾਲ ਸੋਧ ਕੇ ਇੱਕ ਅਜਿਹੀ ਮਨੋ-ਅਵਸਥਾ ਵਿੱਚ ਪਹੁੰਚ ਜਾਂਦਾ ਹੈ, ਜਿੱਥੇ ਉਸ ਦੇ ਹਉਮੈ ਜਾਂ ਕੂੜ ਦੀ ਪਾਲ ਟੁੱਟ ਜਾਂਦੀ ਹੈ ਤੇ ਉਸ ਨੂੰ ਸਾਰੀ ਕੁਦਰਤ ਤੇ ਸਾਰੇ ਮਾਨਵੀ ਸੰਸਾਰ ਵਿੱਚ ਇੱਕ ਹੀ ਜੋਤਿ ਨਜਰ ਆਉਣ ਲੱਗ ਪੈਂਦੀ ਹੈ। ਮਨ ਵਿੱਚ ਦਇਆ ਤੇ ਸੰਤੋਖ ਆ ਜਾਂਦੇ ਹਨ ਜਿਸ ਤੇ ਸਾਰੀ ਕੁਦਰਤ ਤੇ ਉਸ ਵਿੱਚ ਵਸੀ ਹੋਈ ਸ਼ਾਂਤੀ ਤੋਂ ਬਲਿਹਾਰੇ ਜਾਣ ਨੂੰ ਜੀ ਕਰਦਾ ਹੈ। ਇਸ ਤਰ੍ਹਾਂ ਜਪੁ ਦਾ ਕੇਂਦਰੀ ਵਿਸ਼ਾ ਉਸ ਪਰਮਸਤਿ ਦੀ ਉਸਤਤਿ ਹੈ ਜਿਸ ਦੀ ਸਿਫਤ ਤੇ ਸਰੂਪ ਨੂੰ ਮੰਗਲਾਚਰਣ ਵਿੱਚ ਇਉਂ ਨਿਰੂਪਿਆ ਗਿਆ ਹੈ-

ਏਕੇ ਕਉ ਨਾਹੀ ਭਉ ਕੋਇ ॥

ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ - 796

**1.6.7 ਮੂਲ ਮੰਤਰ ਅਨੁਸਾਰ ਪਰਮਸਤਿ ਦਾ ਸਰੂਪ**

ੴ ਤੋਂ ਲੈ ਕੇ ਗੁਰ ਪ੍ਰਸਾਦਿ ਤੱਕ ਮੂਲ ਮੰਤਰ ਪਰਮਾਤਮਾ ਦੇ ਨਿਰਗੁਣ ਅਤੇ ਸਰਗੁਣ ਸਰੂਪ ਦੀ ਵਿਆਖਿਆ ਕਰਦਾ ਹੈ। ੴ ਤੋਂ ਪਹਿਲਾਂ ਇਕ (੧) ਲਾਉਣ ਦਾ ਅਰਥ ਹੈ ਕਿ ਰੱਬ ਕੇਵਲ ਇੱਕ ਹੈ ਜੋ ਸਦੀਵੀ ਤੇ ਇਕ ਰਸ ਵਿਆਪਕ ਹੈ। ਗੁਰੂ ਜੀ ਤੋਂ ਪਹਿਲਾਂ ਵੀ ਪ੍ਰਮਾਤਮਾ ਦਾ ਸਰੂਪ ਉਲੀਕਿਆ ਮਿਲਦਾ ਹੈ। ਪ੍ਰੰਤੂ ਉਸ ਵਿੱਚ ਅਨੇਕਤਾ ਸੀ। ਗੁਰੂ ਜੀ ਨੇ ਪ੍ਰਭੂ ਦੀ ਏਕਤਾ ਅਤੇ ਅਖੰਡਤਾ ਨੂੰ ਦ੍ਰਿੜ ਕਰਵਾਉਣ ਲਈ ਇਕ ਲਾਇਆ ।ਓਅੰਕਾਰ ਅਰਥਾਤ ਪਰਮਾਤਮਾ ਸਾਰੀ ਸ੍ਰਿਸ਼ਟੀ ਨੂੰ ਪੈਦਾ ਕਰਨ, ਸੰਭਾਲਣ ਵਾਲਾ ਅਤੇ ਰਚਨਾ ਦੀ ਰੱਖਿਆ ਕਰਨ ਵਾਲਾ ਹੈ। ਓਅੰਕਾਰ ਦੀ ਮਹਿਮਾ ਦਾ ਵਰਨਣ ਕਰਦੇ ਹੋਏ ਗੁਰੂ ਜੀ ਲਿਖਦੇ ਹਨ -

ਓਅੰਕਾਰਿ ਬ੍ਰਹਮਾ ਉਤਪਿਤ॥ ਓਅੰਕਾਰੁ ਕੀਆ ਜਿਨਿ ਚਿਤਿ॥
ਓਅੰਕਾਰਿ ਸੈਲ ਜੁਗ ਭਏ॥ ਓਅੰਕਾਰਿ ਬੇਦ ਨਿਰਮਏ॥

ਰਾਗ ਰਾਮਕਲੀ, ਮ. 1 ਪੰਨਾ 929-30

**ਸਤਿਨਾਮੁ :** ਇਹ ਸ਼ਬਦ ਪਰਮਾਤਮਾ ਦੇ ਸਦੀਵੀ ਅਤੇ ਹੋਂਦ ਵਾਦੀ ਲੱਛਣਾਂ ਦਾ ਉਲੇਖ ਕਰਦਾ ਹੈ ਸਤਿਨਾਮ ਨਾਲ ਪ੍ਰੇਮ ਲਾਉਣਾ ਉਸ ਦਾ ਸਰੂਪ ਤੱਤਵਾਦੀ ਨਾ ਰਹਿ ਕੇ ਰਹੱਸਵਾਦੀ ਹੋ ਜਾਂਦਾ ਹੈ।ਸਤਿ ਉਹ ਹੁੰਦਾ ਹੈ ਜਿਸ ਨੂੰ ਝੂਠ ਸਿੱਧ ਨਹੀਂ ਕੀਤਾ ਜਾ ਸਕਦਾ। ਸੰਸਾਰ ਦੇ ਸਾਰੇ ਪਦਾਰਥਾਂ ਨੇ ਸਮਾਂ ਪਾਕੇ ਖਤਮ ਹੋ ਜਾਣਾ ਹੁੰਦਾ ਹੈ। ਪਰ ਪਰਮਾਤਮਾ ਦਾ ਨਾਮ ਸਦਾ ਸਥਿਰ ਹੈ। ਉਸ ਉੱਤੇ ਸਮੇਂ ਦਾ ਕੋਈ ਅਸਰ ਨਹੀਂ। ਉਹ ਹਮੇਸ਼ਾਂ ਸਤਿ ਸੀ ਤੇ

ਹਮੇਸ਼ਾਂ ਸਤਿ ਰਹੇਗਾ । ਪਰਮਾਤਮਾ ਸਦਾ ਸਥਿਰ ਹੋਂਦ ਵਾਲਾ ਹੈ, ਇਸ ਲਈ ਸੱਚ ਹੈ ਜਿਵੇਂ -

ਆਦਿ ਸਚੁ ਜੁਗਾਦਿ ਸਚੁ ॥
ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥

ਬ੍ਰਹਮ ਦੇ ਸਰਗੁਣ ਸਰੂਪ ਨੂੰ ਵੀ ਨਾਮ ਕਿਹਾ ਹੈ। ਜੋ ਸਭ ਪਾਸੇ ਵਿਆਪਕ ਹੈ,

ਜੇਤਾ ਕੀਤਾ ਤੇਤਾ ਨਾਉ।
ਵਿਣੁ ਨਾਵੈ ਨਾਹੀ ਕੋ ਥਾਉ।

**ਕਰਤਾ ਪੁਰਖ** : ਕਰਤਾ ਪੁਰਖ ਰਾਹੀਂ ਬ੍ਰਹਮ ਦੇ ਸਦੀਵਤਾ ਵਾਲੇ ਤੱਤਾਂ ਦੀ ਪੁਸ਼ਟੀ ਕੀਤੀ ਗਈ। ਪਰਮਾਤਮਾ ਸ੍ਰਿਸ਼ਟੀ ਦਾ ਰਚਨਹਾਰ ਕਰਤਾ ਵੀ ਹੈ ਤੇ ਪੁਰਖ ਵੀ ਹੈ ਤੇ ਉਸ ਵਿੱਚ ਸਜੀਵ ਹਸਤੀ ਵਜੋਂ ਕੰਮ ਕਰ ਰਿਹਾ ਹੈ।

**ਨਿਰਭਉ :** ਨਿਰਭਉ ਉਹ ਹੁੰਦਾ ਹੈ ਹੈ ਜਿਸ ਨੂੰ ਕਿਸੇ ਦਾ ਡਰ ਨਾ ਹੋਵੇ । ਭੈ ਰਹਿਤ ਨਿਡਰ ਹੋਵੇ। ਡਰਦਾ ਉਹ ਹੈ ਜਿਸ ਤੋਂ ਵੱਡਾ ਜਾਂ ਜਿਸ ਤੋਂ ਉੱਤੇ ਕੋਈ ਹੋਰ ਹੋਵੇ। ਪਰਮਾਤਮਾ ਤੋਂ ਉੱਤੇ ਕੋਈ ਹੋਰ ਨਹੀਂ, ਇਸ ਲਈ ਉਸ ਨੂੰ ਕਿਸੇ ਦਾ ਡਰ ਨਹੀਂ।

**ਨਿਰਵੈਰ :** ਇਹ ਸ਼ਬਦ ਵੀ ਪਰਮਾਤਮਾ ਦੀ ਵਿਸ਼ਾਲਤਾ ਦੀ ਵਿਆਖਿਆ ਕਰਦਾ ਹੈ। ਨਿਰਵੈਰ ਦਾ ਭਾਵ ਹੈ ਵੈਰ ਰਹਿਤ। ਪਰਮਾਤਮਾ ਕਿਸੇ ਨਾਲ ਵੈਰ ਨਹੀਂ ਰੱਖਦਾ। ਵੈਰੀ ਉਸ ਦਾ ਹੁੰਦਾ ਹੈ ਜਿਸ ਦੇ ਬਰਾਬਰ ਦਾ ਕੋਈ ਹੋਵੇ। ਪਰਮਾਤਮਾ ਦੇ ਬਰਾਬਰ ਦਾ ਕੋਈ ਨਹੀਂ ਹੈ, ਇਸ ਲਈ ਉਸ ਦਾ ਕਿਸੇ ਨਾਲ ਵੈਰ ਵਿਰੋਧ ਨਹੀਂ ਹੋ ਸਕਦਾ।ਜਿਵੇਂ :

ਨਾਨਕ ਨਿਰਭਉ ਨਿਰੰਕਾਰ ਸਚੁ ਏਕੁ

**ਅਕਾਲ ਮੂਰਤਿ :** ਇਹ ਸ਼ਬਦ ਵੀ ਪਰਮਾਤਮਾ ਦੀ ਸਦੀਵੀ ਹੋਂਦ ਨੂੰ ਪ੍ਰਗਟ ਕਰਦਾ ਹੈ ਕਿਉਂਕਿ ਕਾਲ ਉਸ ਨੂੰ ਆਉਂਦਾ ਹੈ ਜਿਸ ਨੇ ਜਨਮ ਲਿਆ ਹੋਵੇ ਜੋ ਮਾਤਾ ਦੇ ਗਰਭ ਤੋਂ ਪੈਦਾ ਹੁੰਦਾ ਹੈ, ਉਸ ਨੂੰ ਕਾਲ ਜ਼ਰੂਰ ਆਉਂਦਾ ਹੈ।ਪਰਮਾਤਮਾ ਸਭ ਦਾ ਮਾਤਾ-ਪਿਤਾ ਹੈ ਪਰ ਉਸ ਦਾ ਕੋਈ ਮਾਤਾ-ਪਿਤਾ ਨਹੀਂ ਕਿਉਂਕਿ ਉਸ ਨੇ ਜਨਮ ਨਹੀਂ ਧਾਰਿਆ ਉਹ ਕਾਲ ਦੀ ਸੀਮਾ ਤੋਂ ਪਰੇ ਅਕਾਲ ਹੈ -

ਤੂ ਅਕਾਲ ਪੁਰਖੁ ਨਾਹੀ ਸਿਰਿ ਕਾਲਾ।
ਤੂ ਪੁਰਖੁ ਅਲਖ ਅਗੰਮ ਨਿਰਾਲਾ।

ਪਰਮਾਤਮਾ ਜਨਮਿਆ ਹੀ ਨਹੀਂ । ਉਹ ਤਾਂ ਸਦਾ ਸਥਿਰ ਰਹਿਣ ਵਾਲਾ ਪਰਮਾਤਮਾ ਹੈ। ਇਸ ਲਈ ਉਹ ਅਕਾਲ ਵੀ ਹੈ ਮੂਰਤਿ ਵੀ ਕਿਉਂਕਿ ਉਹ ਸਮੇਂ ਦੇ ਸਥਾਨ ਦੀ ਪਕੜ ਵਿੱਚ ਨਹੀਂ ਆਉਂਦਾ। ਉਹ ਸਭ ਥਾਂ ਹੋਣ ਦੇ ਬਾਵਜੂਦ ਵੀ ਕਿਸੇ ਨੂੰ ਦਿਖਾਈ ਨਹੀਂ ਦਿੰਦਾ। ਇਹੀ ਉਸ ਦੀ ਵਡਿਆਈ ਹੈ -

ਥਾਪਿਆ ਨ ਜਾਇ ਕੀਤਾ ਨ ਹੋਇ॥
ਆਪੇ ਆਪ ਨਿਰੰਜਨੁ ਸੋਇ॥

**ਅਜੂਨੀ ਸੈਭੰ :** ਜੂਨ ਉਹ ਧਾਰਣ ਕਰਦਾ ਹੈ ਜਿਸ ਦਾ ਕੋਈ ਮਾਤਾ-ਪਿਤਾ ਹੋਵੇ।ਪਰਮਾਤਮਾ ਦੇ ਨਾ ਕੋਈ ਮਾਤਾ ਹੈ ਤੇ ਨਾ ਪਿਤਾ ਹੈ।ਇਸ ਲਈ ਉਹ ਜੂਨਾਂ ਦੇ ਗੇੜ ਵਿੱਚ ਨਹੀਂ ਪੈਂਦਾ। ਜਨਮ ਮਰਨ ਦੇ ਚੱਕਰ ਵਿੱਚ ਨਹੀਂ ਪੈਂਦਾ।ਉਹ ਅਜੂਨੀ ਹੈ, ਜਨਮ ਮਰਨ ਦੀ ਅਵਸਥਾ ਤੋਂ ਉੱਤੇ ਹੈ। ਇਹੀ ਉਸ ਦੀ ਵਡਿਆਈ ਹੈ। ਸੈਭੰ ਅਰਥਾਤ ਉਸ ਦਾ ਪ੍ਰਕਾਸ਼ ਆਪਣੇ ਆਪ ਤੋਂ ਹੀ ਹੋਇਆ ਹੈ, ਉਹ ਆਪਣੇ ਆਪ ਤੋਂ ਪ੍ਰਕਾਸ਼ ਸਰੂਪ ਹੈ। ਗੁਰ ਪ੍ਰਸਾਦਿ ਉਸ ਪਰਮਾਤਮਾ ਦੇ ਕਲਿਆਣਕਾਰੀ ਪੱਖ ਨੂੰ ਉਘਾੜਦਾ ਹੈ। ਗੁਰੂ ਦਾ ਅਰਥ ਹੈ ਰਾਹ ਦੱਸਣ ਵਾਲਾ, ਹਨੇਰਾ ਦੂਰ ਕਰਨ ਵਾਲਾ, ਮਾਇਆ ਦੇ ਅਗਿਆਨ ਤੋਂ ਪ੍ਰਕਾਸ਼ ਰੂਪੀ ਪ੍ਰਮਾਤਮਾ ਦੇ ਗਿਆਨ ਵੱਲ ਲੈ ਜਾਣ ਵਾਲਾ। ਪ੍ਰਸਾਦਿ ਦਾ ਅਰਥ ਹੈ ਕ੍ਰਿਪਾ।ਪਰਮਾਤਮਾ ਦੀ ਕ੍ਰਿਪਾ ਦਾ ਪਾਤਰ ਮਨੁੱਖ ਗੁਰੂ ਦੀ ਕ੍ਰਿਪਾ ਦੁਆਰਾ ਬਣ ਸਕਦਾ ਹੈ। ਅਰਥਾਤ ਉਸ ਪ੍ਰਮਾਤਮਾ ਦੀ ਪ੍ਰਾਪਤੀ ਗੁਰੂ ਦੀ ਕ੍ਰਿਪਾ ਦੁਆਰਾ ਕੀਤੀ ਜਾ ਸਕਦੀ ਹੈ।

ਜਪੁਜੀ ਵਿੱਚ ਅਗਲੀ ਸਮੱਸਿਆ ਜਿਸ ਨੂੰ ਗੁਰੂ ਸਾਹਿਬ ਨੇ ਲਿਆ ਹੈ ਉਹ ਹੈ ਕਿ ਮਨੁੱਖ ਸਚਿਆਰਾ ਕਿਵੇਂ ਬਣੇ ਅਤੇ ਆਪਣੇ ਅੰਦਰੋਂ ਝੂਠ ਦੀ, ਪਾਪਾਂ ਦੀ, ਛਲ ਕਪਟ ਦੀ, ਮਾਇਆ ਦੀ ਕੰਧ ਕਿਸ ਤਰ੍ਹਾਂ ਤੋੜੇ -

ਕਿਵ ਸਚਿਆਰਾ ਹੋਇਐ ਕਿਵ ਕੂੜੈ ਤੁਟੈ ਪਾਲਿ। (ਜਪੁਜੀ)

ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਸਚਿਆਰ ਬਣਨ ਲਈ ਚਾਰ ਗੁਣ ਪ੍ਰਵਾਨ ਕੀਤੇ ਜਾਂਦੇ ਸਨ, ਇਹ ਹਨ

ਸੋਚ, ਚੁੱਪ, ਭੁੱਖ ਤੇ ਸਿਆਣਪ। ਇਹਨਾਂ ਚਾਰਾਂ ਰਾਹੀਂ ਧਾਰਮਿਕ ਸਮੱਸਿਆਵਾਂ ਹੱਲ ਕੀਤੀਆਂ ਜਾਂਦੀਆਂ ਰਹੀਆਂ ਹਨ ਤੇ ਪਰਮਾਤਮਾ ਨੂੰ ਪਾਉਣ ਵਾਲੇ ਜਗਿਆਸੂ ਇਹਨਾਂ ਚਾਰਾਂ ਵਿੱਚੋਂ ਕਿਸੇ ਇੱਕ ਨੂੰ ਸਬੰਧਿਤ ਹੋ ਜਾਂਦੇ ਰਹੇ। ਇਸੇ ਲਈ ਗੁਰੂ ਜੀ ਨੇ ਵੀ ਇਹਨਾਂ ਚਾਰਾਂ ਨੂੰ ਪ੍ਰਵਾਨ ਕਰਦੇ ਹੋਏ ਕਿਹਾ ਕਿ ਇਹ ਚਾਰੇ ਸਚਿਆਰ ਬਣਨ ਲਈ ਕਾਫੀ ਨਹੀਂ ਹਨ ਕਿਉਂਕਿ ਇਹ ਚਾਰੇ ਸਾਧਨ ਵਿਅਕਤੀਗਤ-ਉੱਥਾਨ ਸੀਮਾ ਵਿੱਚ ਹਨ। ਜਪੁਜੀ ਦੀ ਪਹਿਲੀ ਪਉੜੀ ਵਿੱਚ ਇਹ ਚਾਰੇ ਇਸ ਤਰ੍ਹਾਂ ਪੇਸ਼ ਕੀਤੇ ਗਏ ਹਨ -

ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ॥
ਚੁਪੈ ਚੁਪ ਨ ਹੋਵਈ ਜੇ ਲਾਇ ਰਹਾ ਲਿਵ ਤਾਰ॥
ਭੁਖਿਆ ਭੁਖ ਨਾ ਉਤਰੀ ਜੇ ਬੰਨਾ ਪੁਰੀਆ ਭਾਰ॥
ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ॥

ਜੇ ਇਹ ਚਾਰੇ ਸਚਿਆਰ ਬਣਨ ਲਈ ਕਾਫੀ ਨਹੀਂ ਸਨ ਤਾਂ ਹੀ ਸਚਿਆਰ ਬਣਨ ਦੀ ਸਮੱਸਿਆ ਆਈ ਤੇ ਇਸ ਸਮੱਸਿਆ ਦਾ ਹੱਲ ਪਹਿਲੀ ਪਉੜੀ ਦੀ ਅਖ਼ੀਰਲੀ ਤੁਕ ਵਿੱਚ ਦਿੱਤਾ ਗਿਆ।

ਕਿਵ ਸਚਿਆਰਾ ਹੋਈਐ ਕਿਵ ਕੂੜੇ ਤੁਟੈ ਪਾਲਿ॥
ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥ (ਜਪੁਜੀ)

ਇਹ ਸਰਬ ਪ੍ਰਵਾਣਿਤ ਸੱਚਾਈ ਹੈ ਕਿ ਹਾਜ਼ਰ ਜਗਤ ਇੱਕ ਰੰਗ ਭੂਮੀ ਹੈ ਤੇ ਇਸ ਵਿੱਚ ਵਿਚਰ ਰਹੇ ਸਾਰਜੀਵ ਪਾਤਰ ਮਾਤਰ ਹਨ। ਭਾਵੇਂ ਪਾਤਰਾਂ ਦੇ ਰੋਲ ਅਵੱਸ਼ ਨਿਸ਼ਚਿਤ ਹਨ ਪਰੰਤੂ ਨਿਸ਼ਚਿਤ ਰੋਲ ਕਰਦਿਆਂ ਵੀ ਸਚਿਆਰ ਬਣਿਆ ਜਾ ਸਕਦਾ ਹੈ। ਇਹਨਾਂ ਪਾਤਰਾਂ ਦੇ ਦੋ ਵਰਗ ਪ੍ਰਵਾਨ ਕੀਤੇ ਗਏ ਹਨ। ਇਹਨਾਂ ਵਿਚੋਂ ਇੱਕ ਉਹ ਪਾਤਰ ਹਨ ਜੋ ਮਾਇਆ ਦੀ ਖੇਡ ਖੇਡਦੇ ਹਨ ਤੇ ਆਪਣੇ ਵਰਤਾਰੇ ਕਰਕੇ ਕੁੜਿਆਰ ਗਰਦਾਨੇ ਗਏ ਹਨ ਤੇ ਦੂਜੇ ਉਹ ਹਨ ਜਿਹਨਾਂ ਨੇ ਪਰਮਾਤਮਾ ਦੇ ਨਾਮ ਦੀ ਖੇਡ ਖੇਡੀ ਹੈ ਤੇ ਉਹ ਸਚਿਆਰ ਹਨ। ਸਚਿਆਰ ਬਣਨ ਲਈ ਗੁਰੂ ਜੀ ਨੇ ਹੁਕਮ ਤੇ ਰਜ਼ਾ ਦਾ ਮਾਰਗ ਅਪਨਾਉਣ ਲਈ ਕਿਹਾ ਹੈ। ਭਾਵ ਕਿ ਮਨੁੱਖ ਆਪਣੇ ਆਪ ਨੂੰ ਪ੍ਰਭੂ ਨੂੰ ਸਮਰਪਿਤ ਕਰਕੇ ਸਭ ਉਸ ਦਾ ਹੁਕਮ ਮੰਨੇ ਤੇ ਸਵੀਕਾਰ ਕਰੇ ਤੇ ਉਸ ਦੇ ਸਬਰ ਸ਼ੁਕਰ ਵਿੱਚ ਜੀਵਨ ਬਿਤਾਵੇ। ਮਨੁੱਖ ਪਰਮ ਸਤਿ, ਸੱਚ ਸਰੂਪ ਵਾਹਿਗੁਰੂ ਦਾ ਅੰਸ਼ ਹੈ ਤੇ ਉਸ ਦੇ ਹੁਕਮ ਅਧੀਨ ਹੀ ਜੰਮਦਾ, ਵਿਚਰਦਾ ਤੇ ਬਿਨਸਦਾ ਹੈ -

ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ। (ਜਪੁਜੀ)
ਹੁਕਮੁ ਸਾਜਿ ਹੁਕਮੈ ਵਿਚਿ ਰਖੈ
ਹੁਕਮੈ ਅੰਦਰਿ ਵੇਖੈ।

(ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ - 1243)

ਹੁਕਮ ਨੂੰ ਕਰਤਾਰੀ ਸ਼ਕਤੀ ਗਰਦਾਨਿਆ ਗਿਆ ਹੈ। ਸੰਸਾਰ ਦਾ ਸਮੁੱਚਾ ਕਾਰ-ਵਿਹਾਰ ਸਭ ਉਸ ਦੇ ਹੁਕਮ ਵਿੱਚ ਹੈ। ਹੁਕਮ ਵਿੱਚ ਹੀ ਆਕਾਰ ਹੈ ਤੇ ਹੁਕਮ ਵਿੱਚ ਹੀ ਸੰਘਾਰ ਹੈ। ਜਿਵੇਂ -

ਹੁਕਮੇ ਜਗੁ ਮਹਿ ਆਇਆ, ਚਲਣੁ ਹੁਕਮਿ ਸੰਜੋਗਿ ਜੀਉ॥
ਹੁਕਮੇ ਪਰਪੰਚੁ ਪਸਰਿਆ, ਹੁਕਮਿ ਕਰੇ ਰਸ ਭੋਗ ਜੀਉ॥

(ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ - 760)

ਹੁਕਮ ਨੂੰ ਨਾਮ ਵੀ ਕਿਹਾ ਜਾਂਦਾ ਹੈ। ਹੁਕਮ ਦੀ ਪ੍ਰਾਪਤੀ ਵੀ ਗੁਰੂ ਦੀ ਕ੍ਰਿਪਾ ਮੇਹਰ ਦੁਆਰਾ ਹੁੰਦੀ ਹੈ। ਜਿਵੇਂ-

ਏਕੋ ਨਾਮ ਹੁਕਮ ਹੈ, ਨਾਨਕ ਸਤਿਗੁਰ ਦੀਆ ਬੁਝਾਇ ਜੀਉ॥

ਜਿਸ ਮਨੁੱਖ ਤੇ ਪਰਮਾਤਮਾ ਦੀ ਕ੍ਰਿਪਾ ਹੋ ਗਈ ਜਿਸ ਤੇ ਉਸ ਦੀ ਨਦਰਿ ਹੋ ਗਈ ਜਿਸ ਨੂੰ ਉਸ ਦੇ ਹੁਕਮ ਦੀ ਸਮਝ ਆ ਗਈ ਉਸ ਦੇ ਅੰਦਰੋਂ ਹਉਮੈ ਦਾ ਨਾਸ਼ ਹੋ ਜਾਂਦਾ ਹੈ-

ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ॥

ਪਰ ਪਰਮਾਤਮਾ ਦੇ ਹੁਕਮ ਨੂੰ ਤਾਂ ਹੀ ਪਛਾਣਿਆ ਜਾ ਸਕਦਾ ਹੈ ਜੇ ਉਸ ਦਾ ਨਾਮ ਸਿਮਰਿਆ ਜਾਵੇ। ਅੰਮ੍ਰਿਤ ਵੇਲੇ ਜਾਗ ਕੇ ਉਸ ਦੇ ਨਾਮ ਦੀ ਮਹਿਮਾ ਗਾਈ ਜਾਵੇ। ਭਾਵੇਂ ਗੁਰਬਾਣੀ ਵਿੱਚ ਹਰ ਵੇਲੇ ਨੂੰ ਹੀ ਮਹਾਨਤਾ ਦਿੱਤੀ ਗਈ ਹੈ ਫਿਰ ਵੀ ਅੰਮ੍ਰਿਤ ਵੇਲੇ ਵਾਤਾਵਰਣ ਵਿੱਚ ਛਾਈ ਹੋਈ ਸ਼ਾਂਤੀ, ਪਰਮਾਤਮਾ ਦੀ ਸਿਫਤ ਸਲਾਹ ਵਿੱਚ

ਹੋਰ ਵਾਧਾ ਕਰ ਸਕਦੀ ਹੈ, ਜਿਵੇਂ -

ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ ॥

ਮਨੁੱਖ ਦੇ ਮਨ ਉੱਤੇ ਹਉਮੈ ਤੇ ਹੋਰ ਕੂੜ ਭਾਵਾਂ ਕਾਰਨ ਜਨਮਾਂ ਜਨਮਾਂ ਦੀ ਮੈਲ ਜੰਮੀ ਹੋਈ ਹੈ। ਅਗਿਆਨਤਾ ਦੀ ਮੈਲ ਸਿਰਫ ਨਾਮ ਦੀ ਕਮਾਈ ਕਰਕੇ ਹੀ ਕੱਟੀ ਜਾ ਸਕਦੀ ਹੈ। ਜਿਵੇਂ -

ਭਰੀਐ ਮਤਿ ਪਾਪਾ ਕੈ ਸੰਗਿ॥
ਓਹੁ ਧੋਪੈ ਨਾਵੈ ਕੇ ਰੰਗ॥

ਮਨੁੱਖ ਨੇ ਪਰਮਾਤਮਾ ਅੱਗੇ ਇਹੀ ਅਰਦਾਸ ਕਰਨੀ ਹੈ ਕਿ ਰੱਬ ਤੂੰ ਸਦਾ ਮੇਰੀ ਸਦ ਚੇਤਨਾ ਵਿੱਚ ਵਸਿਆ ਰਹਿ ਤਾ ਕਿ ਸਚਿਆਰ ਦੀ ਪਦਵੀ ਤੱਕ ਪਹੁੰਚਣ ਦੇ ਸਮਰੱਥ ਹੋ ਸਕਾਂ।ਜਿਵੇਂ-

ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨਾ ਜਾਈ॥

ਪ੍ਰਭੂ ਦੀ ਦਰਗਾਹ ਵਿੱਚ ਚੰਗੇ ਤੇ ਮਾੜੇ ਕਰਮ ਵਿਚਾਰੇ ਜਾਣਗੇ ।ਉਸ ਦੇ ਕੀਤੇ ਕਰਮਾਂ ਅਨੁਸਾਰ ਮੁਕਤੀ ਮਿਲਣੀ ਜਾਂ ਬੰਧਨਾਂ ਵਿੱਚ ਪੈਣਾ ਹੈ -

ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ॥

ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ॥ ਪਿਛਲੇ ਕੀਤੇ ਹੋਏ ਕਰਮਾਂ ਅਨੁਸਾਰ ਤੈਨੂੰ ਇਹ ਮਨੁੱਖੀ ਸਰੀਰ ਮਿਲਿਆ ਹੈ ਤੇ ਇਸ ਜਨਮ ਵਿੱਚ ਵੀ ਤੂੰ ਪ੍ਰਭੂ ਦੀ ਕ੍ਰਿਪਾ ਦਾ ਪਾਤਰ ਬਣ ਤਾਂ ਹੀ ਸਚਿਆਰ ਪਦ ਨੂੰ ਪ੍ਰਾਪਤ ਕਰ ਸਕੇਗਾ -

ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ।
ਨਾਨਕ ਏਵੈ ਜਾਣੀਐ ਸਭੁ ਆਪੈ ਸਚਿਆਰੁ॥

ਕਿਉਂਕਿ ਕਰਮਾਂ ਬਿਨਾਂ ਕੁਝ ਵੀ ਪ੍ਰਾਪਤ ਨਹੀਂ ਹੁੰਦਾ ,

ਜੇਤੀ ਸਿਰਠਿ ਉਪਾਈ ਵੇਖਾ ਵਿਣੁ ਕਰਮਾ ਕਿ ਮਿਲੈ ਲਈ।

ਇਸੇ ਲਈ ਸੰਸਾਰ ਤਿਆਗ ਕੇ ਭੱਜੇ ਹੋਏ ਜੋਗੀਆਂ ਨੂੰ ਗੁਰੂ ਜੀ ਕਰਮਸ਼ੀਲ ਹੋਣ ਦੀ ਪ੍ਰੇਰਨਾ ਦਿੰਦੇ ਹਨ-

ਮੁੰਦਾ ਸੰਤੋਖੁ ਸਰਮੁ ਪਤੁ ਝੋਲੀ...............

**1.6.8 ਆਦਰਸ਼ ਮਨੁੱਖ :**

ਪਹਿਲਾਂ, ਦਰਸਾਏ ਗਏ ਨਾਮ ਸਿਮਰਨ ਦੇ ਵੱਖ-ਵੱਖ ਪੜਾਵਾਂ ਵਿੱਚੋਂ ਲੰਘਦਾ ਹੋਇਆ ਸਾਧਕ ਜਦੋਂ ਜੀਵਨ ਆਦਰਸ਼ ਪ੍ਰਤੀ ਚੇਤੰਨ ਹੋ ਜਾਂਦਾ ਤਦ ਸੰਸਾਰ ਦੀਆਂ ਸਾਰੀਆਂ ਜਿੰਮੇਵਾਰੀਆਂ ਪ੍ਰਤੀ ਉਹ ਪੂਰੀ ਤਰ੍ਹਾਂ ਜਾਗਰੂਕ ਹੁੰਦਾ ਹੈ। ਗੁਰੂ ਜੀ ਨੇ ਅਜਿਹੇ ਮਨੁੱਖ ਲਈ ਪੰਚ ਸ਼ਬਦ ਦੀ ਵਰਤੋਂ ਕੀਤੀ ਹੈ। ਪਰ ਪੰਚ ਜਿੱਥੇ ਪ੍ਰਭੂ ਦੇ ਦਰ ਤੇ ਪ੍ਰਵਾਨ ਚੜ੍ਹਦਾ ਹੈ ਉੱਥੇ ਸਮਾਜ ਵਿੱਚ ਵੀ ਪ੍ਰਧਾਨ ਹੁੰਦਾ ਹੈ। ਉਹ ਸੰਸਾਰ ਦੇ ਵਿਵਹਾਰਿਕ ਪੱਖ ਤੋਂ ਪੂੰਰੀ ਤਰ੍ਹਾਂ ਜਾਣੂ ਹੁੰਦਾ ਹੈ।ਉਹ ਸੰਸਾਰ ਦੇ ਵਿਵਹਾਰਿਕ ਪੱਖ ਤੋਂ ਪੂਰੀ ਤਰ੍ਹਾਂ ਜਾਣੂ ਹੁੰਦਾ ਹੋਇਆ ਇਹ ਜਾਣਦਾ ਹੈ ਕਿ ਇਹ ਸੰਸਾਰ ਸੱਚ ਹੁੰਦਾ ਹੋਇਆ ਵੀ ਸਦੀਵੀ ਸੱਚ ਨਹੀਂ। ਇਹਨਾਂ ਪਦਾਰਥਾਂ ਨਾਲ ਵਿਵਹਾਰਿਕ ਸੱਚਾਈ ਜੁੜੀ ਹੋਈ ਹੈ।

ਪੰਚ ਪਰਵਾਣ ਪੰਚ ਪਰਧਾਨੁ॥
ਪੰਚੇ ਪਾਵਹਿ ਦਰਗਹਿ ਮਾਨੁ॥

ਅਜਿਹਾ ਆਦਰਸ਼ਕ ਮਨੁੱਖ ਪੰਜ ਗੁਣਾਂ ਦਾ ਧਾਰਨੀ ਮੰਨਿਆ ਗਿਆ ਹੈ। ਉਹ ਸਤ, ਸੰਤੋਖ, ਦਇਆ, ਧਰਮ ਤੇ ਧੀਰਜ ਨੂੰ ਗ੍ਰਹਿਣ ਕਰਦਾ ਹੈ ਤੇ ਪੰਜ ਵਿਕਾਰਾਂ ਕਾਮ, ਕਰੋਧ, ਮੋਹ ਤੇ ਹੰਕਾਰ ਨੂੰ ਤਿਆਗਦਾ ਹੈ।

ਪੰਚਾ ਕਾ ਗੁਰੁ ਏਕੁ ਧਿਆਨੁ॥

ਆਦਰਸ਼ਕ ਮਨੁੱਖ ਆਪਣੀ ਸਫਲਤਾ ਲਈ ਪੰਜ ਮੁੱਖ ਅਧਿਆਤਮਕ ਕੀਮਤਾਂ ਨੂੰ ਜੀਵਨ ਦਾ ਆਧਾਰ ਬਣਾਉਂਦਾ ਹੈ।ਇਹ ਹਨ - ਪ੍ਰਭੂ ਦਾ ਹੁਕਮ ਮੰਨਣਾ, ਉਸ ਦਾ ਜਸ ਗਾਉਣਾ, ਜਸ ਸੁਣਨਾਂ ਮੰਨਣਾ ਤੇ ਮਨ ਵਿੱਚ ਵਸਾਉਣਾ ਤੇ ਸੰਤੋਖੀ ਹੋਣਾ। ਧਾਰਮਿਕ ਖੇਤਰ ਵਿੱਚ ਅਜਿਹੇ ਮਨੁੱਖ ਨੂੰ ਯੋਧਾ ਜਾਂ ਮਹਾਂਬਲੀ ਆਖਦੇ ਹਨ, ਜਿਸ ਨੇ ਆਪਣੇ ਮਨ ਨੂੰ ਦੁਨਿਆਵੀ ਪਦਾਰਥਾਂ ਦੀ ਲਾਲਸਾ ਤੋਂ ਮੋੜ ਲਿਆ ਹੈ ਤੇ ਤਨ, ਮਨ ਸਭ ਕੁਝ ਉਸ ਦੇ ਅਰਪਣ ਕਰ ਦਿੱਤਾ ਹੈ-

ਮਨੁ ਬੇਚੈ ਸਤਿਗੁਰ ਕੇ ਪਾਸੁ॥
ਤਿਸੁ ਸੇਵਕ ਕੇ ਕਾਰਜ ਰਾਸਿ॥

**1.6.9 ਪੰਜ ਖੰਡ**

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਧਰਤੀ ਨੂੰ ਧਰਮਸ਼ਾਲ ਮੰਨਿਆ ਹੈ ਅਰਥਾਤ ਇਥੇ ਮਨੁੱਖ ਨੇ ਧਰਮ ਕਮਾਉਣਾ ਹੈ। ਧਰਤੀ ਤੇ ਮਨੁੱਖ ਵਿੱਚੋਂ ਹੀ ਕੁਝ ਲੋਕ ਪੰਚ ਬਣਦੇ ਹਨ ਜੋ ਆਪਣੇ ਸ਼ੁਭ ਕਰਮਾਂ ਤੇ ਵਾਹਿਗੁਰੂ ਦੀ ਨਦਰ ਸਦਕਾ ਉਸ ਦੇ ਦਰ ਤੇ ਕਬੂਲ ਹੋਣ ਦੇ ਯੋਗ ਬਣਦੇ ਹਨ।ਇਹ ਪਰਮਾਤਮਾ ਦੇ ਦਰ ਦੀ ਕਬੂਲੀ ਇੱਕ ਦਮ ਪ੍ਰਾਪਤ ਨਹੀਂ ਹੁੰਦੀ। ਇਸ ਪਿੱਛੇ ਮਨੁੱਖ ਦੀ ਇੱਕ ਲੰਮੀ ਸਾਧਨਾਂ ਕੰਮ ਕਰਦੀ ਹੈ। ਇਹਨਾਂ ਸਾਧਨਾ ਨੂੰ ਵੱਖ ਵੱਖ ਧਰਮਾਂ ਵਿਚ ਵੱਖ-ਵੱਖ ਨਾਵਾਂ ਨਾਲ ਯਾਦ ਕੀਤਾ ਜਾਂਦਾ ਹੈ ਪਰ ਜਪੁਜੀ ਸਾਹਿਬ ਵਿਚ ਗੁਰੂ ਜੀ ਨੇ ਇਸ ਸਾਧਨਾ ਨੂੰ ਖੰਡਾਂ ਦਾ ਨਾਂ ਦਿੱਤਾ ਹੈ ਜਿੱਥੇ ਮਨੁੱਖ ਇਸ ਪੜਾਅ ਨੂੰ ਗ੍ਰਹਿਣ ਕਰਨ ਪਿੱਛੋਂ ਅਗਲੇ ਖੰਡ ਵਿੱਚ ਦਾਖਲ ਹੁੰਦਾ ਹੈ ਤੇ ਅੰਤ ਵਿੱਚ ਸੱਚ ਖੰਡ ਵਿੱਚ ਪ੍ਰਵੇਸ਼ ਕਰਕੇ ਪਰਮਾਤਮਾ ਨਾਲ ਲੀਨਤਾ ਪ੍ਰਾਪਤ ਕਰ ਲੈਂਦਾ ਹੈ ਇਹਨਾਂ ਪੰਜ ਖੰਡਾਂ ਨੂੰ ਵਿਦਵਾਨਾਂ ਤੇ ਦਾਰਸ਼ਨਿਕਾਂ ਨੇ ਵੱਖ-ਵੱਖ ਪੱਖਾਂ ਤੋਂ ਵੇਖਿਆ ਤੇ ਘੋਖਿਆ ਹੈ ਇਹਨਾਂ ਪੰਜ ਖੰਡਾਂ ਦਾ ਵਰਨਣ ਪਉੜੀ 35 ਤੋਂ 37 ਤੱਕ ਹੈ। ਇਹ ਪੰਜ ਖੰਡ ਇਸ ਪ੍ਰਕਾਰ ਹਨ - 1. ਧਰਮ ਖੰਡ, 2. ਗਿਆਨ ਖੰਡ, 3. ਸਰਮ ਖੰਡ 4. ਕਰਮ ਖੰਡ, 5. ਸੱਚ ਖੰਡ।

**ਧਰਮ ਖੰਡ**

ਧਰਮ ਖੰਡ, ਧਰਮ ਕਮਾਵਣ ਜਾਂ ਫਰਜ਼ ਪਛਾਨਣ ਦਾ ਮੰਡਲ ਹੈ। ਕੁਦਰਤ ਪਸਾਰੇ ਵਿੱਚ ਪਰਮਾਤਮਾ ਨੇ ਧਰਤੀ ਨੂੰ ਧਰਮਸ਼ਾਲ ਕਿਹਾ ਹੈ ਜਿੱਥੇ ਪੰਚਾਂ ਦਾ ਵਾਸਾ ਹੈ। ਭਾਈ ਜੋਧ ਸਿੰਘ (ਜਪੁਜੀ ਸਟੀਕ ਪੰਨਾ 63-64) ਦੇ ਕਥਨ ਅਨੁਸਾਰ ਇਹ ਪੰਚ ਸੁਭਾਅ ਅਨੁਸਾਰ ਕਰਮਾਂ ਵਿੱਚ ਲੱਗੇ ਰਹਿੰਦੇ ਹਨ ।ਜ਼ਿਹਨਾਂ ਦੇ ਫਲਸਰੂਪ ਉਹਨਾਂ ਦੀ ਬੁੱਧੀ ਵਿੱਚ ਵਿਚਾਰ ਪ੍ਰਗਟ ਹੁੰਦੇ ਹਨ ਤੇ ਉਹਨਾਂ ਦੀ ਆਤਮਕ ਉੱਨਤੀ ਆਰੰਭ ਹੋ ਜਾਂਦੀ ਹੈ । ਧਰਮ ਖੰਡ ਦਾ ਪੜਾਅ ਤੈਅ ਕਰਕੇ ਮਨੁੱਖ ਗਿਆਨ ਖੰਡ ਵਿੱਚ ਦਾਖਲ ਹੁੰਦਾ ਹੈ।

**ਗਿਆਨ ਖੰਡ**

ਇਸ ਖੰਡ ਵਿੱਚ ਦਾਖਲ ਮਨੁੱਖ ਨੂੰ ਕੁਦਰਤ ਦੇ ਵਿਸ਼ਾਲ ਵਰਤਾਰੇ ਦਾ ਪਤਾ ਲੱਗ ਜਾਂਦਾ ਹੈ। ਵਿਨੋਭਾ ਭਾਵੇ (ਜਪੁਜੀ ਪੰਨਾ 68) ਅਨੁਸਾਰ ਇਹ ਗਿਆਨ ਬਾਹਰਲੀਆਂ ਇੰਦਰੀਆਂ ਦੁਆਰਾ ਪ੍ਰਾਪਤ ਹੋਇਆ ਸ੍ਰਿਸ਼ਟੀ ਦਾ ਗਿਆਨ ਨਹੀਂ, ਸਗੋਂ ਇਹ ਤਾਂ ਅੰਤਰ ਮਨ ਵਿੱਚ ਪ੍ਰਾਪਤ ਹੁੰਦਾ ਹੈ, ਜੀਵ ਨੂੰ ਪ੍ਰਭੂ ਦੀ ਖੇਡ ਅਤੇ ਆਪਣੀ ਪਦਵੀ ਦੀ ਸਮਝ ਆ ਜਾਂਦੀ ਹੈ ਤੇ ਉਹ ਹੋਰ ਉਚੇਰਾ ਉੱਠਦਾ ਹੈ।

**ਸਰਮ ਖੰਡ**

ਇਥੇ ਮਨੁੱਖ ਹੋਰ ਦਾ ਹੋਰ ਹੋ ਜਾਂਦਾ ਹੈ।ਸੁਰਤਿ, ਮਤਿ, ਮਨ, ਬੁਧਿ ਬਦਲ ਜਾਂਦੇ ਹਨ। ਇੱਥੇ ਮਨੁੱਖ ਜਿਸ ਸ੍ਰੇਸ਼ਟ ਮਨੋ ਅਵਸਥਾ ਵਿੱਚ ਹੁੰਦਾ ਹੈ ਉਸ ਨੂੰ ਬਿਆਨ ਕਰਨਾ ਅਸੰਭਵ ਹੈ। ਇੱਥੇ ਸ਼ਬਦਾਂ ਦੀ ਬੋਲੀ ਕੰਮ ਨਹੀਂ ਦੇ ਸਕਦੀ।ਇੱਥੇ ਰੂਪ ਦੀ ਬੋਲੀ ਚਾਹੀਦੀ ਹੈ। ਇਸ ਰੂਪ ਨੂੰ ਅਨੁਭਵ ਕੀਤਾ ਜਾ ਸਕਦਾ ਹੈ, ਮਾਣਿਆ ਜਾ ਸਕਦਾ ਹੈ ਪਰ ਕਥਿਆ ਨਹੀਂ ਜਾ ਸਕਦਾ।ਇਸ ਅਵਸਥਾ ਵਿੱਚ ਆ ਕੇ ਮਨੁੱਖ ਸੰਪੂਰਣਤਾ ਦੇ ਨੇੜੇ ਪੁੱਜ ਜਾਂਦਾ ਹੈ।

**ਕਰਮ ਖੰਡ**

ਕਪੂਰ ਸਿੰਘ (ਜਰਨਲ ਆਫ ਸਿੱਖ ਸਟੱਡੀਜ਼-ਗੁਰੂ ਨਾਨਕ ਦੇਵ ਯੂਨੀਵਰਸਿਟੀ) ਨੇ ਇਸ ਖੰਡ ਨੂੰ ਪ੍ਰਭੂ ਦੀ ਬਖਸ਼ਿਸ਼ ਦਾ ਦਰਜਾ ਦੱਸਿਆ ਹੈ। ਭਾਈ ਜੋਧ ਸਿੰਘ ਦੇ ਕਥਨ ਅਨੁਸਾਰ ਯਥਾਰਥ ਦੇ ਗਿਆਨ ਮਗਰੋਂ ਠੀਕ ਪਾਸੇ ਘਾਲਣਾ ਨਾਲ ਬਖਸ਼ਿਸ਼ ਦਾ ਦਰ ਲੱਭਦਾ ਹੈ। ਪ੍ਰਭੂ ਦੀਆਂ ਸ਼ਕਤੀਆਂ ਉਸਦੀ ਮਿਹਰ ਸਦਕਾ ਜਗਿਆਸੂ ਅੰਦਰ ਪ੍ਰਗਟ ਹੁੰਦੀਆਂ ਹਨ। ਇਹ ਆਤਮਕ ਸੂਰਮਿਆਂ ਦਾ ਖੰਡ ਹੈ ਜਿਹਨਾਂ ਦੇ ਹਿਰਦੇ ਵਿੱਚ ਪ੍ਰਭੂ ਇੱਕ ਰਸ ਸਮਾਇਆ ਰਹਿੰਦਾ ਹੈ ਜਿੱਥੇ ਜੀਵ ਅਮਰ ਤੇ ਅਡੋਲ ਹੋ ਜਾਂਦਾ ਹੈ, ਸਦੀਵੀ ਖੇਡ ਦਾ ਆਨੰਦ ਪ੍ਰਾਪਤ ਕਰਦਾ ਹੈ।

**ਸਚ ਖੰਡ**

ਇਹ ਅੰਤਲਾ ਪੜਾਅ ਹੈ ਜੋ ਕਰਮ ਖੰਡ ਨਾਲ ਸੰਯੁਕਤ ਹੈ। ਇਸ ਖੰਡ ਵਿੱਚ ਪ੍ਰਭੂ ਦਾ ਵਾਸਾ ਹੈ ਤੇ ਬਸ ਉਸ ਦੀ ਬਖਸ਼ਿਸ਼ ਹੈ।ਵਾਸਤਵ ਵਿੱਚ ਕਰਮ ਖੰਡ (ਮੇਹਰ-ਕ੍ਰਿਪਾ-ਬਖਸ਼ਿਸ਼) ਸੱਚ ਖੰਡ ਹੈ ਜਿੱਥੇ ਪ੍ਰਭੂ ਆਪਣੇ ਪਿਆਰੇ ਨੂੰ ਨਦਰੀ ਨਦਰਿ ਨਿਹਾਲ ਕਰ ਦਿੰਦਾ ਹੈ। ਜੀਵ ਪ੍ਰਭੂ ਦੇ ਹੁਕਮ ਵਿੱਚ ਰਹਿਣ ਲੱਗਦਾ ਹੈ। ਇਹ ਸੱਤਚਿਤ ਆਨੰਦਕ ਦਾ ਖੰਡ ਹੈ ਜਿਸ ਦੀ ਵਿਆਖਿਆ ਔਖੀ ਤੇ ਅਸੰਭਵ ਹੈ। ਇਹ ਨਿਰੰਕਾਰ ਦਾ ਖੰਡ ਹੈ। ਇਸ ਦਾ ਹਾਲ ਸ਼ਬਦਾ ਵਿੱਚ ਬਿਆਨ ਨਹੀਂ ਕੀਤਾ ਜਾ ਸਕਦਾ । ਇਹ ਤਾਂ ਗੂੰਗੇ ਦੇ ਗੁੜ ਖਾਣ ਦੀ ਨਿਆਈ ਹੈ ਕਿਉਂਕਿ ਇੱਥੇ ਪਹੁੰਚ ਕੇ

ਆਤਮਾ ਤੇ ਜਗਿਆਸੂ ਵਿੱਚ ਕੋਈ ਅੰਤਰ ਨਹੀਂ ਰਹਿੰਦਾ, ਸਗੋਂ ਉਸੇ ਦਾ ਰੂਪ ਹੋ ਜਾਂਦਾ ਹੈ। ਇਹ ਉੱਚੇ ਤੋਂ ਉੱਚਾ "ਜਾਕਾ ਥਾਨ" ਹੈ। ਇਥੇ ਪੁੱਜ ਕੇ ਜਗਿਆਸੂ ਆਪਣੇ ਪ੍ਰਭੂ ਵਿੱਚ ਲੀਨ ਹੋ ਜਾਂਦਾ ਹੈ -

ਸਚ ਖੰਡਿ ਵਸੈ ਨਿਰੰਕਾਰੁ ॥
ਕਰਿ ਕਰਿ ਵੇਖੈ ਨਦਰਿ ਨਿਹਾਲ ॥
ਤਿਥੈ ਖੰਡ ਮੰਡਲ ਵਰਭੰਡ ॥
ਜੇ ਕੋ ਕਥੈ ਤ ਅੰਤ ਨ ਅੰਤ ॥
ਤਿਥੈ ਲੋਅ ਲੋਅ ਆਕਾਰ ॥
ਜਿਵ ਜਿਵ ਹੁਕਮੁ ਤਿਵੈ ਤਿਵ ਕਾਰ ॥
ਵੇਖੈ ਵਿਗਸੈ ਕਰਿ ਵੀਚਾਰੁ ॥
ਨਾਨਕ ਕਥਨਾ ਕਰੜਾ ਸਾਰੁ ॥

(ਜਪੁਜੀ ਸਾਹਿਬ)

### 1.6.10 ਸਿੱਟਾ

ਅੰਤ ਵਿੱਚ ਅਸੀਂ ਸੰਖੇਪ ਰੂਪ ਵਿਚ ਕਹਿ ਸਕਦੇ ਹਾਂ ਕਿ ਜਪੁਜੀ ਦੀ ਰਚਨਾ ਨੂੰ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਦਾ ਸਾਰ ਕਿਹਾ ਜਾ ਸਕਦਾ ਹੈ। ਇਸਦਾ ਕੇਂਦਰੀ ਬਿੰਦੂ ਮਨੁੱਖ ਹੈ, ਜਿਸਦੀ ਸ਼ਖਸੀਅਤ ਨੂੰ ਅੰਦਰੋਂ ਅਤੇ ਬਾਹਰੋਂ ਘੜ ਕੇ ਐਸੀ ਟਕਸਾਲੀ ਸਿੱਕੇ ਵਾਂਗ ਬਣਾ ਦਿੰਦੀ ਹੈ ਜੋ ਰੱਬੀ ਖਜਾਨੇ ਵਿੱਚ ਪ੍ਰਵਾਨ ਹੁੰਦੀ ਹੈ।

### 1.6.11 ਅਭਿਆਸ ਲਈ ਪ੍ਰਸ਼ਨ :

1. ਜਪੁਜੀ ਬਾਣੀ ਵਿਚਲੇ ਪਰਮਸਤਿ ਦੇ ਸਰੂਪ ਬਾਰੇ ਤੁਸੀਂ ਕੀ ਜਾਣਦੇ ਹੋ? ਸੰਖੇਪ ਵਿਚ ਲਿਖੋ।
2. 'ਜਪੁ' ਬਾਣੀ ਗੁਰੂ ਗ੍ਰੰਥ ਸਾਹਿਬ ਦਾ ਸਾਰ ਹੈ' ਵਿਸਤਾਰ ਸਹਿਤ ਲਿਖੋ।
3. 'ਜਪੁਜੀ' ਵਿਚਲੇ ਅਧਿਆਤਮਕ ਉਚਾਈ ਦੇ ਪੰਜਾਂ ਪੜਾਵਾਂ ਦੀ ਜਾਣਕਾਰੀ ਦਿਉ।

### 1.6.12 ਸਹਾਇਕ ਪੁਸਤਕਾਂ

1) ਸਾਹਿਬ ਸਿੰਘ, ਜਪੁਜੀ ਸਾਹਿਬ ਸਟੀਕ, ਸਿੰਘ ਬ੍ਰਦਰਜ਼, ਅੰਮ੍ਰਿਤਸਰ
2) Rajinder Kaur Rohi, Japuji text and travnslation, Pbi University, Patiala.
3) ਤਾਰਨ ਸਿੰਘ, ਗੁਰੂ ਗ੍ਰੰਥ ਸਾਹਿਬ ਦਾ ਸਾਹਿਤਿਕ ਇਤਿਹਾਸ।

**ਪਾਠ ਨੰਬਰ : 1.7** **ਲੇਖਕ : ਡਾ. ਸ਼ਮਸ਼ੇਰ ਸਿੰਘ**

# ਬਾਰਹਮਾਹ ਮਾਂਝ– ਮੁਢਲੀ ਜਾਣਕਾਰੀ

1.7.1 ਉਦੇਸ਼
1.7.2 ਭੂਮਿਕਾ
1.7.3 ਨਾਮ ਮਾਰਗ
1.7.4 ਆਚਰਨ ਦੀ ਉੱਚਤਾ
1.7.5 ਕ੍ਰਮਵਾਰ ਬਾਣੀ ਵਿਚਾਰ
1.7.6 ਸਿੱਟਾ
1.7.7 ਸਹਾਇਕ ਪੁਸਤਕਾਂ

## 1.7.1 ਉਦੇਸ਼

ਇਸ ਪਾਠ ਦਾ ਉਦੇਸ਼ ਬਾਰਹਮਾਹ ਮਾਂਝ ਬਾਰੇ ਮੁੱਢਲੀ ਜਾਣਕਾਰੀ ਦੇਣਾ ਹੈ।

## 1.7.2 ਭੂਮਿਕਾ

ਇਸ ਪਾਠ ਵਿਚ ਵਿਦਿਆਰਥੀਆਂ ਨੂੰ ਪੰਜਾਬੀ ਸਾਹਿਤ ਦੇ ਇਕ ਪ੍ਰਮੁੱਖ ਅਤੇ ਪ੍ਰਾਚੀਨ ਕਾਵਿ–ਰੂਪ 'ਬਾਰਾਮਾਹ' ਦੀ ਬਣਤਰ, ਪਿਛੋਕੜ ਅਤੇ ਇਸ ਰਾਹੀਂ ਨਿਭਾਏ ਜਾਂਦੇ ਵਿਸ਼ਿਆਂ ਦੇ ਬਦਲਦੇ ਸਰੂਪਾਂ ਤੋਂ ਵਾਕਿਫ ਕਰਵਾਇਆ ਗਿਆ ਹੈ। ਗੁਰਮਤਿ ਕਾਵਿ–ਖੇਤਰ ਵਿਚ ਇਸ ਕਾਵਿ–ਰੂਪ ਦੀ ਪ੍ਰੰਪਰਾ ਅਤੇ ਮਹੱਤਵ ਨੂੰ ਵੀ ਉਜਾਗਰ ਕੀਤਾ ਗਿਆ ਹੈ। ਇਸ ਸਭ ਤੋਂ ਵਾਕਿਫ ਕਰਵਾਉਣ ਉਪਰੰਤ ਮਾਝ ਰਾਗ ਵਿਚ ਰਚੇ ਗਏ ਬਾਰਾਮਾਹ (ਗੁਰੂ ਅਰਜਨ ਦੇਵ) ਸਬੰਧੀ ਵੱਖਰੇ–ਵੱਖਰੇ ਪਹਿਲੂਆਂ ਨੂੰ ਬਿਆਨ ਵਿਚ ਰੱਖਦਿਆਂ ਹੋਇਆ ਭਰਪੂਰ ਜਾਣਕਾਰੀ ਪ੍ਰਸਤੁਤ ਕੀਤੀ ਗਈ ਹੈ।

ਬਾਰਹਮਾਹ, ਲੋਕ ਕਾਵਿ ਦਾ ਇੱਕ ਰੂਪ ਹੈ।ਇਸ ਕਾਵਿ ਵਿੱਚ ਦੇਸੀ ਬਾਰਾਂ ਮਹੀਨਿਆਂ ਦੇ ਬਦਲਦੇ ਕੁਦਰਤੀ ਵਾਤਾਵਰਣ ਨੂੰ ਪਿਛੋਕੜ ਵਿੱਚ ਰੱਖ ਕੇ, ਪ੍ਰੀਤਮ ਤੋਂ ਵਿਛੜੀ ਬਿਰਹਨ (ਇਸਤਰੀ ਰੂਪ ਆਤਮਾ) ਦੀਆਂ ਪ੍ਰੇਮ ਪੀੜਾਂ ਨੂੰ ਪੇਸ਼ ਕੀਤਾ ਗਿਆ ਹੈ ਜਿਹਨਾਂ ਦੀ ਦ੍ਰਿਸ਼ਟੀ ਬਹੁਤ ਹਿਰਦੇ–ਵੇਧਿਕ ਤੇ ਪ੍ਰਭਾਵੀ ਹੁੰਦੀ ਹੈ। ਪਹਿਲੇ ਤੋਂ ਲੈ ਕੇ ਗਿਆਰਾਂ ਮਹੀਨਿਆਂ ਤੱਕ ਵਿਯੋਗ ਦੀ ਦਸ਼ਾ ਦਾ ਚਿਤਰਨ ਹੁੰਦਾ ਹੈ ਅਤੇ ਬਾਰ੍ਹਵੇਂ ਮਹੀਨੇ ਵਿੱਚ ਭਾਰਤੀ ਸੁਖਾਂਤਿਕ ਪ੍ਰੰਪਰਾ ਅਨੁਸਾਰ ਸੰਜੋਗ ਦੀ ਸਥਿਤੀ ਪੈਦਾ ਹੁੰਦੀ ਹੈ ਤੇ ਸੁਖ ਅਤੇ ਅਨੰਦ ਦੀ ਪ੍ਰਾਪਤੀ ਦੱਸੀ ਹੁੰਦੀ ਹੈ। ਡਾ. ਰਤਨ ਸਿੰਘ ਜੱਗੀ (ਗੁਰੂ ਨਾਨਕ ਵਿਚਾਰ ਧਾਰਾ ਪੰਨਾ 60) ਅਨੁਸਾਰ ਇਸ ਕਾਵਿ ਪ੍ਰਸੰਗ ਅਨੁਸਾਰ ਵਿਯੋਗ ਸਥਿਤੀ ਉਤਪੰਨ ਕਰਨ ਲਈ ਪਹਿਲਾਂ ਨਾਇਕ ਨੂੰ ਪ੍ਰਦੇਸ਼ ਭੇਜਿਆ ਜਾਂਦਾ ਹੈ ਤੇ ਪਿੱਛੋਂ ਨਾਇਕਾ ਨੂੰ ਬਿਰਹਾ ਦੀ ਅਗਨੀ ਵਿੱਚ ਤੜਫਦੀ ਦਿਖਾ ਕੇ ਉਸ ਦੀ ਮਾਨਸਿਕ ਦਸ਼ਾ ਨੂੰ ਪ੍ਰਕ੍ਰਿਤੀ ਦੇ ਪ੍ਰਰਕਣ ਵਿੱਚ ਰੱਖ ਕੇ ਪੇਸ਼ ਕੀਤਾ ਜਾਂਦਾ ਹੈ।

ਬਿਰਹਾ ਵਰਣਨ ਪੁਰਾਣੇ ਸਮੇਂ ਤੋਂ ਕਵੀਆਂ ਦੀ ਕਵਿਤਾ ਦਾ ਪ੍ਰਧਾਨ ਸੁਰ ਰਿਹਾ ਹੈ।ਇਹੋ ਕਾਰਣ ਹੈ ਕਿ ਸੂਫੀ ਕਵੀਆਂ ਨੇ ਬਿਰਹਾ ਨੂੰ ਸੁਲਤਾਨ ਤੱਕ ਆਖ ਦਿੱਤਾ –

ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨ।
ਫਰੀਦਾ ਜਿਤੁ ਤਨਿ ਬਿਰਹੁ ਨ ਉਪਜੈ, ਸੋ ਤਨੁ ਜਾਣੁ ਮਸਾਨੁ।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1379)

ਸੂਫੀਆਂ ਨੇ ਬਿਰਹਾ ਨੂੰ ਜੀਵਨ ਦਾ ਅਨਿੱਖੜ ਗਮ ਮੰਨਿਆ ਹੈ ਤੇ ਗਮ ਜੀਵਨ ਦਾ ਸਭ ਤੋਂ ਮਿੱਠਾ ਗੀਤ ਹੈ। ਇਹੀ ਕਾਰਨ ਹੈ ਕਿ ਬਾਰਹਮਾਹ ਵਿੱਚ ਵਿਜੋਗ ਅਤੇ ਬਿਰਹਾ ਦੇ ਵਰਨਣ ਦੀ ਪ੍ਰਧਾਨਤਾ ਰਹੀ। ਆਰੰਭ ਵਿੱਚ ਬਾਰਹਮਾਹ ਦੇ ਵਿਸ਼ੇ ਬਿਰਹੁੰਕੁੰਠੀ ਨਾਇਕਾ ਦੇ ਦੰਪਤੀ ਪਿਆਰ ਦੀ ਆਦਰਸ਼ਕਤਾ ਨੂੰ ਸ਼ਿੰਗਾਰ ਕੇ ਸਜ ਧਜ ਨਾਲ ਬਿਆਨ ਕਰਨਾ ਹੈ।ਪਰ ਸਮੇਂ ਦੀ ਗਤੀ ਅਨੁਸਾਰ ਇਸ ਦੇ ਵਿਸ਼ੇ ਵਰਨਣ ਵਿੱਚ ਤਬਦੀਲੀ ਆਉਂਦੀ ਗਈ।

ਇਸ ਲੋਕ ਕਾਵਿ ਪਰੰਪਰਾ ਦੇ ਜਨਮ ਸੰਬੰਧੀ ਨਿਸ਼ਚੇ ਨਾਲ ਕੁਝ ਵੀ ਨਹੀਂ ਕਿਹਾ ਜਾ ਸਕਦਾ। ਕਈ ਵਿਦਵਾਨ ਇਸ ਦਾ ਜਨਮ ਸੰਸਕ੍ਰਿਤ ਦੇ ਖੱਟ ਰਿਤੂ ਤੋਂ ਹੋਇਆ ਦੱਸਦੇ ਹਨ। ਪ੍ਰਿੰਸੀਪਲ ਪ੍ਰੀਤਮ ਸਿੰਘ (ਪੰਜਾਬੀ ਆਲੋਚਨਾ, ਪੰਨਾ 76/1955) ਵੀ ਰੁੱਤ ਵਰਨਣ ਦਾ ਹੀ ਵਿਗਸਿਆ ਰੂਪ ਬਾਰਹਮਾਹ ਨੂੰ ਮੰਨਦੇ ਹੋਏ ਆਖਦੇ ਹਨ ਕਿ ਹੌਲੀ ਹੌਲੀ ਖੱਟ ਰਿਤੂ ਦੀ ਥਾਂ ਬਾਰਹਮਾਹ ਨੇ ਲੈ ਲਈ ਕਿਉਂ ਜੋ ਬਾਰਹਮਾਹ ਵਿੱਚ ਮਾਨਸਿਕ ਤੇ ਪ੍ਰਾਕ੍ਰਿਤਕ ਵਿਸਥਾਰ ਚਿਤਰਨ ਦੀ ਯੋਗਤਾ ਰੁੱਤ ਵਰਨਣ ਨਾਲੋਂ ਵੱਧ ਸੀ। ਖੱਟ ਰੁੱਤ ਦੀਆਂ ਛੇ ਰੁੱਤਾਂ ਦੀ ਥਾਂ ਬਾਰਹਮਾਹ ਵਿੱਚ ਬਾਰਾਂ ਮਹੀਨਿਆਂ ਦਾ ਵਰਨਣ ਹੁੰਦਾ ਹੈ ਬਾਕੀ ਗੱਲਾਂ ਸਾਂਝੀਆਂ ਹਨ। ਸੰਸਕ੍ਰਿਤ ਸਾਹਿਤ ਵਿੱਚ ਮਹਾਂਕਵੀ ਕਾਲੀਦਾਸ ਨੇ ਸਭ ਤੋਂ ਪਹਿਲਾ ਰਿਤੂ ਸੰਹਾਰ ਲਿਖਿਆ। ਪ੍ਰੋ. ਪਿਆਰਾ ਸਿੰਘ ਪਦਮ ਪੰਜਾਬੀ ਬਾਰਹਮਾਹ ਪੰਨਾ 38 ਅਨੁਸਾਰ ਹਿੰਦੀ ਵਿੱਚ ਸਭ ਤੋਂ ਪੁਰਾਣਾ ਬਾਰਹਮਾਹ ਜਾਇਸੀ ਦੇ ਪਦਮਾਵਤੀ ਵਿੱਚ ਦੱਸਦੇ ਹਨ। ਪਦਮ ਸਾਹਿਬ ਮੁਤਾਬਕ ਸ਼ਾਇਦ ਸੁਤੰਤਰ ਰੂਪ ਵਿੱਚ ਪਹਿਲਾਂ ਬਾਰਹਮਾਹ ਅਕਬਰ ਦੇ ਦਰਬਾਰੀ ਕਵੀ ਗੰਗਾ ਭੱਟ ਨੇ ਲਿਖਿਆ। ਸਹਿਜੇ ਸਹਿਜੇ ਇਹ ਲੋਕ ਕਾਵਿ ਪ੍ਰਚੱਲਿਤ ਹੋ ਗਿਆ ਤੇ ਉੱਤਰੀ ਭਾਰਤ ਦੀਆਂ ਲਗਭਗ ਸਾਰੀਆਂ ਭਾਸ਼ਾਵਾਂ ਵਿੱਚ ਬਾਰਹਮਾਹ ਲਿਖੇ ਜਾਣ ਲੱਗੇ।

ਸ਼ਾਸ਼ਤਰੀ ਆਲੋਚਕ ਬਾਰਹਮਾਹ ਵਿੱਚ ਨਾਇਕਾ ਦਾ ਹੋਣਾ ਆਵੱਸ਼ਕ ਸਵੀਕਾਰਦੇ ਹਨ। ਮਨੁੱਖੀ ਮਨ ਦੇ ਸਥਾਈ ਮਨੋਭਾਵਾਂ ਅਤੇ ਮਨੋਬ੍ਰਿਤੀਆਂ ਨੂੰ ਪ੍ਰਗਟਾਉਂਦੇ ਹੋਏ ਵਿਯੋਗ ਦੀਆਂ ਸਥਿਤੀਆਂ ਨੂੰ ਉਲੀਕਿਆ ਗਿਆ ਹੁੰਦਾ ਹੈ, ਪਰ ਗੁਰੂ ਕਵੀਆਂ ਨੇ ਇੱਥੇ ਪਰਿਵਰਤਨ ਲਿਆਂਦਾ।ਉਹਨਾਂ ਨੇ ਜੀਵ ਆਤਮਾ ਨੂੰ ਨਾਇਕਾ ਦੇ ਰੂਪ ਵਿੱਚ ਚਿਤਰਿਆ ਅਤੇ ਨਾਇਕ ਦੀ ਥਾਂ ਈਸ਼ਵਰ ਨੂੰ ਸਥਾਪਿਤ ਕਰਕੇ ਮਹਾਂ ਨਾਇਕ ਵਜੋਂ ਸਿਰਜਿਆ। ਭਾਵੇਂ ਬਾਰਹਮਾਹ ਸਾਹਿਤ ਵਿੱਚ ਕੁਦਰਤ ਦਾ ਵਰਨਣ ਸੰਯੋਗ ਤੇ ਵਿਯੋਗ ਦੀ ਭਾਵਨਾ ਉਭਾਰਨ ਲਈ ਆਉਂਦਾ ਹੈ ਪਰ ਗੁਰੂ ਕਵੀਆਂ ਨੇ ਆਪਣੇ ਆਪ ਨੂੰ ਹਮੇਸ਼ਾ ਪ੍ਰਭੂ ਤੋਂ ਵਿਛੜੇ ਹੋਏ ਸਮਝਿਆ ਤੇ ਉਸ ਨੂੰ ਪਾਉਣ ਦੀ ਤੜਪ ਤੇ ਬਿਹਬਲਤਾ ਨੂੰ ਬਾਰਹਮਾਹ ਦੇ ਰੂਪ ਵਿੱਚ ਨਿਰੂਪਣ ਕੀਤਾ। ਇਹ ਲੋਕ ਕਾਵਿ ਗੁਰੂ ਕਵੀਆਂ ਦੇ ਹੱਥਾਂ ਵਿੱਚ ਆਕੇ ਉਪਦੇਸ਼ਾਤਮਕਤਾ ਵਾਲਾ ਹੋ ਗਿਆ। ਇਸ ਦੇ ਹਰ ਬੰਦ ਵਿੱਚ ਗੁਰੂ ਕਵੀਆਂ ਨੇ ਮਨੁੱਖੀ ਜੀਵਨ ਦੇ ਪਰਮ ਲਕਸ਼ ਦਾ ਉਲੇਖ ਕਰਕੇ ਉਸ ਦੀ ਪ੍ਰਾਪਤੀ ਦੇ ਮਾਰਗ ਦਾ ਵਰਨਣ ਕੀਤਾ।

ਪੰਜਾਬੀ ਵਿੱਚ ਬਾਰਹਮਾਹ ਲਿਖਣ ਦੀ ਪਰੰਪਰਾ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਾਰਹਮਾਹ ਤੁਖਾਰੀ ਲਿਖ ਕੇ ਤੋਰੀ। ਇਨ੍ਹਾਂ ਪਦ ਚਿੰਨ੍ਹਾਂ ਤੇ ਚਲਦੇ ਹੋਏ ਗੁਰੂ ਅਰਜਨ ਦੇਵ ਜੀ ਨੇ ਬਾਰਹਮਾਹ ਮਾਝ ਲਿਖਿਆ। ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਰਾਗ ਤੁਖਾਰੀ ਵਿੱਚ ਲਿਖੇ ਹੋਏ ਬਾਰਹਮਾਹ ਵਿੱਚ ਕਲਪਣਾ ਦੀ, ਬੁੱਧੀ ਦੀ ਅਤੇ ਕੁਦਰਤ ਦੇ ਪਿਛੋਕੜ ਵਿੱਚ ਮੌਜੂਦ ਰਹੱਸ ਤੱਤਾਂ ਦੀ ਪ੍ਰਧਾਨਤਾ ਹੈ ਜਿਸ ਕਾਰਨ ਇਹ ਆਮ ਲੋਕਾਂ ਦੀ ਸਮਝ ਵਿੱਚ ਆਉਣਾ ਕਠਿਨ ਹੋ ਗਿਆ। ਬਾਰ ਦੇ ਇਲਾਕੇ ਦੇ ਮੋਰ, ਡੱਡੂ, ਮੌਸਮਾਂ, ਰੁੱਤਾ, ਮੀਂਹ, ਮੱਛਰ, ਮੱਖੀ ਆਦਿ ਦਾ ਡਸਣਾ ਇਤਿਆਦਿ ਬਹੁਰੰਗੀ, ਬਹੁਭਾਂਤੀ ਕੁਦਰਤ ਦੇ ਪਿਛੋਕੜ ਵਿੱਚ ਗੁਰੂ ਨਾਨਕ ਦੇਵ ਜੀ ਨੇ ਭਾਵ ਚਿਤਰਨ ਕੀਤਾ ਹੈ। ਇਸ ਕਾਰਨ ਇਸ ਦੀ ਭਾਸ਼ਾ ਕਠਿਨ ਹੋ ਗਈ।ਇਸ ਦੇ ਮੁਕਾਬਲੇ ਵਿੱਚ ਗੁਰੂ ਅਰਜਨ ਦੇਵ ਜੀ ਦਾ ਬਾਰਹਮਾਹ ਸਰਲ, ਸੁਖੈਨ ਤੇ ਦਿਲ ਦੀ ਸਪਸ਼ਟ ਬੋਲੀ ਬੋਲਦਾ ਹੈ ਅਤੇ ਸਮਝਣਾ ਸੌਖਾ ਹੈ । ਇਹੀ ਕਾਰਨ ਹੈ ਕਿ ਗੁਰੂ ਅਰਜਨ ਦੇਵ ਵਾਲਾ ਬਾਰਹਮਾਹ ਬਹੁਤਾ ਪੜ੍ਹਿਆ ਸੁਣਿਆ ਤੇ ਗਾਇਆ ਜਾਂਦਾ ਹੈ।

ਇਨ੍ਹਾਂ ਦੋਹਾਂ ਬਾਰਹਮਾਹਿਆਂ ਵਿੱਚ ਆਤਮਿਕ ਵਿਛੋੜੇ ਅਤੇ ਮਿਲਾਪ ਦਾ ਜ਼ਿਕਰ ਹੈ ਅਤੇ ਦੋਹਾਂ ਵਿੱਚ ਬਹੁਰੰਗੀ ਵਚਿੱਤਰ ਕੁਦਰਤ ਨੂੰ ਪਿਛੋਕੜ ਵਿੱਚ ਰੱਖ ਕੇ ਭਾਵ ਚਿਤਰਨ ਕੀਤਾ ਗਿਆ ਹੈ। ਕਈ ਥਾਈਂ ਕੁਦਰਤ ਨੂੰ ਪ੍ਰਤੀਕਾਤਮਕ ਜਾਂ ਔਖਿਆਈਆਂ ਰੂਪ ਵਿੱਚ ਵਰਤਿਆ ਗਿਆ ਹੈ। ਆਪਣੇ ਪਤੀ ਤੋਂ ਵਿਛੜੀ ਇਸਤਰੀ ਦੀ ਜੋ ਹਾਲਤ ਹੁੰਦੀ ਹੈ ਜਿਨ੍ਹਾਂ ਮੁਸ਼ਕਲਾਂ ਦਾ, ਔਖਿਆਈਆਂ ਦਾ ਉਸ ਨੂੰ ਸਾਹਮਣਾ ਕਰਨਾ ਪੈਂਦਾ ਹੈ, ਉਸੇ ਬੋਲੀ ਵਿੱਚ ਹੀ ਪਰਮਾਤਮਾ ਤੋਂ ਵਿਛੜੀ ਹੋਈ ਆਤਮਾ ਦੇ ਬਿਰਹਾ ਦੀ ਕਹਾਣੀ ਦੱਸੀ ਗਈ ਹੈ। ਇਸੇ ਤਰ੍ਹਾਂ ਜਿਵੇਂ ਪਤਨੀ ਪਤੀ ਦੇ ਮਿਲਾਪ ਲਈ ਵਿਲਕਦੀ ਹੈ, ਅਜਿਹੀ ਵਿਵਸਥਾ ਜਾਂ ਬਿਹਬਲਤਾ ਆਤਮਾ ਵਿੱਚ ਦਰਸਾਈ ਗਈ ਹੈ।ਸੰਜੋਗ ਵਿੱਚ ਮੁੱਖ ਆਨੰਦ ਤੇ ਰਸ ਦੀ ਪ੍ਰਾਪਤੀ ਦਾ ਅਨੁਭਵ ਹੁੰਦਾ ਹੈ, ਅਜਿਹੇ ਆਨੰਦ ਦਾ ਹੀ ਚਿਤਰਨ ਆਤਮਾ, ਪਰਮਾਤਮਾ ਦੇ ਸੁਮੇਲ ਵਿੱਚ ਦਰਸਾਇਆ ਗਿਆ ਹੈ। ਇਹ ਸੱਚ ਹੈ ਕਿ ਦੁਖੀ ਮਨੁੱਖ ਨਾਲ ਸਾਰੀ ਕੁਦਰਤ ਦੁਖ ਮਨਾਉਂਦੀ ਹੈ ਤੇ ਸੁਖ ਵਿੱਖ ਕੁਦਰਤ ਦੀ ਬਹੁਰੰਗਤਾ, ਵਿਚਿਤਰਤਾ, ਰੂਪ ਰੰਗ ਅਤੇ ਸੁੰਦਰਤਾ ਉਸ ਦੇ ਸੁਖ ਆਨੰਦ ਵਿੱਚ ਅਪਾਰ

ਵਾਧਾ ਕਰਦੇ ਹਨ। ਬਾਰਹਮਾਹ ਵਿੱਚ ਇਸ ਦਾ ਪ੍ਰਯੋਗ ਕੀਤਾ ਗਿਆ ਹੈ।

ਬਾਰਹਮਾਹ ਮਾਝ ਵਿੱਚ ਜੋ ਆਤਮਿਕ ਰੋਮਾਂਸ ਪ੍ਰਗਟਾਇਆ ਗਿਆ ਹੈ, ਆਤਮਾ, ਪਰਮਾਤਮਾ ਦੇ ਵਿਛੋੜੇ ਅਤੇ ਮਿਲਾਪ ਦੀ ਜਿਸ ਅਵਸਥਾ ਦਾ ਜ਼ਿਕਰ ਹੈ, ਉਸ ਦਾ ਵਰਗੀਕਰਣ ਇਸ ਪ੍ਰਕਾਰ ਕੀਤਾ ਜਾ ਸਕਦਾ ਹੈ :

1. **ਜਨਮ ਦਾ ਕਾਰਣ :** ਗੁਰੂ ਸਾਹਿਬਾਨ ਇਹ ਗੱਲ ਮੰਨ ਕੇ ਚੱਲਦੇ ਹਨ ਕਿ ਮਨੁੱਖ ਨੂੰ ਇਹ ਜੀਵਨ ਪਿਛਲੇ ਜਨਮਾਂ ਦੀ ਕਮਾਈ ਸਦਕਾ ਪ੍ਰਾਪਤ ਹੋਇਆ ਹੈ। "ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ।" ਗੁਰੂ ਜੀ ਭਾਰਤੀ ਦਰਸ਼ਨ ਦੇ ਆਵਾਗਵਣ ਦੇ ਸਿਧਾਂਤ ਦੀ ਪੁਸ਼ਟੀ ਕਰਦੇ ਹੋਏ, ਇਹ ਗੱਲ ਮੰਨਦੇ ਹਨ ਕਿ ਮਨੁੱਖ ਆਪਣੇ ਕਰਮਾਂ ਅਨੁਸਾਰ ਸਰੀਰ ਰੂਪੀ ਚੋਲਾ ਬਦਲਦਾ ਰਹਿੰਦਾ ਹੈ ਤੇ ਮਨੁੱਖ ਦੇ ਕੀਤੇ ਹੋਏ ਕਰਮ ਉਸ ਦੇ ਸੰਸਕਾਰ ਬਣ ਕੇ ਸਦਾ ਉਸ ਦੇ ਨਾਲ ਰਹਿੰਦੇ ਹਨ ਅਤੇ ਉਸ ਦੇ ਜੀਵਨ ਦੀ ਪ੍ਰੇਰਣਾ ਬਣਦੇ ਹਨ।

2. **ਵਿਛੋੜੇ ਦਾ ਕਾਰਣ ਕਰਮ :** ਸਾਰੀਆਂ ਜੀਵ ਰੂਪੀ ਇਸਤਰੀਆਂ ਆਪਣੇ ਕਰਮਾਂ ਕਾਰਨ ਪਤੀ ਰੂਪੀ ਪਰਮਾਤਮਾ ਤੋਂ ਵਿਛੜੀਆਂ ਹੋਈਆਂ ਹਨ। ਇਸ ਵਿਛੋੜੇ ਦਾ ਕਾਰਨ ਸਾਡੇ ਕਰਮ ਹਨ ਕਿਉਂਕਿ ਮਨੁੱਖ ਆਪਣੇ ਕਰਮਾਂ ਦੀ ਕਮਾਈ ਅਨੁਸਾਰ ਪਰਮਾਤਮਾ ਤੋਂ ਵਿਛੜੇ ਹੋਏ ਹਨ -

ਕਿਰਤਿ ਕਰਮ ਕੇ ਵੀਛੁੜੇ ਕਰਿ ਕਿਰਪਾ ਮੇਲਹੁ ਰਾਮ ॥

ਸ੍ਰੀ ਗੁਰੂ ਨਾਨਕ ਦੇਵ ਜੀ ਵੀ ਆਪਣੇ ਬਾਰਹਮਾਹ ਦੇ ਆਰੰਭ ਵਿੱਚ ਦੱਸਦੇ ਹਨ ਕਿ ਜੀਵ ਪੂਰਬਲੀ ਕਮਾਈ ਕੀਤੇ ਕਰਮਾਂ ਅਨੁਸਾਰ ਦੁਖ ਸੁਖ ਝਲਦਾ ਹੈ -

ਤੂ ਸੁਣਿ ਕਿਰਤ ਕਰੰਮਾ ਪੁਰਬਿ ਕਮਾਇਆ।

ਕੁਦਰਤ ਦਾ ਨਿਯਮ ਅਜਿਹਾ ਹੈ ਕਿ ਮਨੁੱਖ ਜੇਹਾ ਬੀਜਦਾ ਹੈ, ਉਸ ਅਨੁਸਾਰ ਫਲ ਪ੍ਰਾਪਤ ਕਰਦਾ ਹੈ। ਪਿਛਲੇ ਕੀਤੇ ਕਰਮਾਂ ਅਨੁਸਾਰ ਉਸ ਦਾ ਲੇਖਾ ਉਸ ਦੇ ਮੱਥੇ ਤੇ ਲਿਖਿਆ ਜਾਂਦਾ ਹੈ ਤੇ ਉਸ ਅਨੁਸਾਰ ਫਲ ਪ੍ਰਾਪਤ ਕਰਦਾ ਹੈ।

ਜੇਹਾ ਬੀਜੈ ਸੋ ਲੁਣੈ ਮਥੈ ਜੋ ਲਿਖਿਆਸੁ॥

ਮਨੁੱਖ ਆਪਣਾ ਸਮਾਂ ਬੇਅਰਥ ਗੁਆਂਦਾ ਰਹਿੰਦਾ ਹੈ ਪਰੰਤੂ ਜਦੋਂ ਮੌਤ ਨੇੜੇ ਆਈ ਦੇਖਦਾ ਹੈ ਤਾਂ ਪਛਤਾਉਂਦਾ ਹੈ।ਉਸ ਦਾ ਸਰੀਰ ਔਖਾ ਹੁੰਦਾ ਹੈ ਤੇ ਉਸ ਨੂੰ ਲਿਖਿਆ ਆਪਣੇ ਕੀਤੇ ਕਰਮਾਂ ਤੇ ਪਛਤਾਵਾ ਹੁੰਦਾ ਹੈ। ਇਹ ਸਰੀਰ ਮਨੁੱਖ ਦੇ ਬੀਜੇ ਕਰਮਾਂ ਦਾ ਖੇਤ ਹੈ, ਜੋ ਕੁਝ ਮਨੁੱਖ ਇਸ ਸਰੀਰ ਵਿੱਚ ਬੀਜਦਾ ਹੈ, ਉਹੀ ਫਸਲ ਵੱਢਦਾ ਹੈ, ਅਰਥਾਤ ਜੇਹੇ ਕਰਮ ਕਰਦਾ ਹੈ ਤੈਸਾ ਹੀ ਫਲ ਪਾਉਂਦਾ ਹੈ -

ਜੇਹਾ ਬੀਜੈ ਸੋ ਲੁਣੈ, ਕਰਮਾ ਸੰਦੜਾ ਖੇਤੁ॥

ਭਾਰਤੀ ਪਰੰਪਰਾ ਵਿੱਚ ਕਈ ਰੁੱਤਾਂ, ਮਹੀਨਿਆਂ ਨੂੰ ਸੁਹਾਵਣੇ ਮੰਨਿਆ ਜਾਂਦਾ ਹੈ। ਗੁਰੂ ਜੀ ਵੀ ਇਸ ਸੁਹਾਵਣੀ ਰੁੱਤ ਦਾ ਵਰਨਣ ਕਰਦੇ ਹੋਏ ਆਖਦੇ ਹਨ ਕਿ ਕੱਤਕ ਦੀ ਸੁਹਾਵਣੀ ਰੁੱਤ ਵਿੱਚ ਵੀ ਪ੍ਰਭੂ ਪਤੀ ਨਾਲੋਂ ਵਿਛੋੜਾ ਰਹਿੰਦਾ ਹੈ ਤਾਂ ਇਹ ਉਸ ਦੇ ਆਪਣੇ ਕਰਮਾਂ ਦਾ ਹੀ ਸਿੱਟਾ ਹੈ ਕਿਉਂਕਿ ਪੂਰਬਲੇ ਕੀਤੇ ਕਰਮ ਜੀਵ ਇਸਤਰੀ ਦਾ ਪ੍ਰਭੂ-ਪਤੀ ਨਾਲ ਮੇਲ ਨਹੀਂ ਹੋਣ ਦਿੰਦੇ। ਵਿਛੋੜੇ ਦਾ ਦੋਸ਼ ਕਿਸੇ ਹੋਰ ਦੇ ਮੱਥੇ ਤੇ ਨਹੀਂ ਲਾਇਆ ਜਾ ਸਕਦਾ -

ਕਤਕਿ ਕਰਮ ਕਮਾਵਣੇ, ਦੋਸ ਨ ਕਾਹੂ ਜੋਗ॥

ਇਹ ਵਿਛੋੜਾ ਦੂਰ ਹੋ ਸਕਦਾ ਹੈ, ਵਿਛੋੜਾ ਮਿਲਾਪ ਵਿੱਚ ਬਦਲ ਸਕਦਾ ਹੈ। ਇਸ ਜੀਵਨ ਵਿੱਚ ਹੀ ਅਜਿਹਾ ਹੋ ਸਕਣ ਦੀ ਸੰਭਾਵਨਾ ਹੈ ।ਵਿਛੋੜੇ ਵਿੱਚ ਦੁੱਖ ਤੇ ਸੰਤਾਪ ਹੈ। ਪ੍ਰਭੂ ਤੋਂ ਟੁੱਟਾ ਜੀਵਨ ਮਾਇਆ ਦੇ ਮੋਹ ਭਰਮਣ ਦਾ ਜੀਵਨ ਹੈ ਜਿਸ ਵਿੱਚ ਭਟਕਣਾ ਤੇ ਥਕਾਵਟ ਹੈ। ਅੰਤ ਪ੍ਰਭੂ ਦੀ ਸ਼ਰਨ ਆ ਕੇ ਹੀ ਇਹ ਭਰਮ, ਦੁੱਖ ਸੰਤਾਪ ਅਤੇ ਥਕਾਵਟ ਦੂਰ ਹੋ ਸਕਦੀ ਹੈ-

ਚਾਰਿ ਕੁੰਟ ਦਹਦਸਿ ਭ੍ਰਮੇ, ਥਕਿ ਆਏ ਪ੍ਰਭ ਕੀ ਸਾਮ॥

ਪਰਮਾਤਮਾ ਦਾ ਸਿਮਰਨ ਕਰਕੇ ਪੂਰਨ ਆਤਮਿਕ ਅਨੰਦ ਦੀ ਪ੍ਰਾਪਤੀ ਹੁੰਦੀ ਹੈ, ਪਰ ਇਹ ਪ੍ਰਭੂ ਸਿਮਰਨ ਦੀ ਦਾਤ ਵੀ ਸੰਤ ਜਨਾਂ ਨਾਲ ਮਿਲ ਕੇ ਪ੍ਰਾਪਤ ਹੁੰਦੀ ਹੈ।ਨਾਮ ਸਿਮਰਨ ਵਿੱਚ ਪ੍ਰਭੂ ਮਿਲਾਪ ਹੈ -

ਚੇਤਿ ਗੋਵਿੰਦ ਅਰਾਧੀਐ, ਹੋਵੈ ਅਨੰਦ ਘਣਾ॥
ਸੰਤ ਜਨਾ ਮਿਲਿ ਪਾਈਐ, ਰਸਨਾ ਨਾਮ ਭਣਾ॥

**ਪ੍ਰਭੂ ਕਿਰਪਾ** : ਮਿਲਾਪ ਦੀ ਸੰਭਾਵਨਾ ਵਿੱਚ ਸਭ ਤੋਂ ਵਿਸ਼ੇਸ਼ ਸਹਾਇਕ ਗੁਰੂ ਦੀ ਕ੍ਰਿਪਾ ਹੈ ਕ੍ਰਿਪਾ ਦ੍ਰਿਸ਼ਟੀ ਰਾਹੀਂ ਹੀ ਜੀਵ ਪ੍ਰਭੂ ਨੂੰ ਮਿਲ ਸਕਦਾ ਹੈ-

ਕਿਰਤਿ ਕਰਮ ਕੇ ਵੀਛੁੜੇ ਕਰਿ ਕਿਰਪਾ ਮੇਲਹੁ ਰਾਮ॥

ਗੁਰੂ ਦੀ ਕ੍ਰਿਪਾ ਦੁਆਰਾ ਜੀਵ ਨੂੰ ਨਾਮ ਦੀ ਦਾਤ ਪ੍ਰਾਪਤ ਹੁੰਦੀ ਹੈ ਅਤੇ ਨਾਮ ਅਭਿਆਸ ਦੁਆਰਾ ਮਨੁੱਖ ਪਰਮਾਤਮਾ ਨਾਲ ਮੇਲ ਪ੍ਰਾਪਤ ਕਰ ਲੈਂਦਾ ਹੈ ਜਿਸ ਦਾ ਸਥਾਨ ਸਥਿਰ ਹੈ।ਭਾਵ ਫਿਰ ਵਿਛੋੜਾ ਨਹੀਂ ਪੈਂਦਾ-

ਨਾਨਕ ਕੀ ਬੇਨੰਤੀਆ, ਕਰਿ ਕਿਰਪਾ ਦੀਜੈ ਨਾਮੁ॥<br>ਹਰਿ ਮੇਲਹੁ ਸੁਆਮੀ ਸੰਗਿ ਪ੍ਰਭ, ਜਿਸ ਕਾ ਨਿਹਚਲ ਧਾਮ॥

ਪ੍ਰਭੂ ਦੇ ਮਿਲਾਪ ਨਾਲ ਸਾਰਾ ਜਗਤ ਹਰਿਆ ਭਰਿਆ ਹੋ ਜਾਂਦਾ ਹੈ। ਪ੍ਰਭੂ ਸਭ ਕਰਨ ਯੋਗ ਹੈ, ਵਿਆਪਕ ਹੈ, ਬੇਅੰਤ ਹੈ।ਉਸ ਨਾਲ ਮਿਲਾਪ ਕਰਨਾ ਹਰ ਜੀਵ ਦੇ ਜੀਵਨ ਦਾ ਪਰਮ ਆਦਰਸ਼ ਹੈ, ਪਰ ਪ੍ਰਭੂ ਆਪਣੀ ਮੇਹਰ ਨਾਲ ਹੀ ਮੇਲ ਕਰਾਉਂਦਾ ਹੈ।ਗੁਰੂ ਦਾ ਸ਼ਬਦ ਕੁਝ ਸਵਾਰਨ ਯੋਗ ਹੈ-

ਨਾਨਕ ਹਰਿ ਜੀ ਮਇਆ ਕਰਿ, ਸਬਦ ਸਵਾਰਣ ਹਾਰ॥<br>ਸਾਵਣੁ ਤਿਨਾ ਸੁਹਾਗਣੀ ਜਿਨ ਰਾਮ ਨਾਮੁ ਉਰਿ ਹਾਰੁ॥

ਜੀਵ ਇਸਤਰੀ ਪ੍ਰਭੂ ਖਸਮ ਨਾਲ ਮਿਲਾਪ ਪ੍ਰਾਪਤ ਕਰਨ ਤੋਂ ਬਾਅਦ ਵਿੱਛੜ ਨਹੀਂ ਸਕਦੀ। ਪ੍ਰਭੂ ਤੋਂ ਬਿਨਾਂ ਹੋਰ ਕੋਈ ਸਥਾਨ ਨਹੀਂ, ਜਿੱਥੇ ਜੀਵ ਇਸਤਰੀ ਜਾ ਸਕਦੀ ਹੈ। ਗੁਰੂ ਦੀ ਕ੍ਰਿਪਾ ਦੁਆਰਾ ਪ੍ਰਭੂ ਨਾਲ ਮੇਲ ਹੁੰਦਾ ਹੈ-

ਪ੍ਰਭੁ ਵਿਣੁ ਦੂਜਾ ਕੋ ਨਹੀਂ, ਨਾਨਕ ਹਰਿ ਸਰਣਾਇ॥<br>ਅਸੂ ਸੁਖੀ ਵਸੰਦੀਆਂ, ਜਿੰਨਾ ਪਾਇਆ ਹਰਿ ਰਾਇ॥

ਪਰਮਾਤਮਾ ਦੀ ਕ੍ਰਿਪਾ ਦੁਆਰਾ ਪ੍ਰਾਪਤ ਹੋਈ ਸਿਮਰਨ ਦੀ ਦਾਤ ਤੋਂ ਮਨੁੱਖ ਸਹੀ ਰਸਤੇ ਦੀ ਪਛਾਣ ਕਰਦਾ ਹੈ ਤੇ ਸਿਆਣਾ ਹੋ ਜਾਂਦਾ ਹੈ-

ਜਿਸਨੋ ਦੇਵੈ ਦਇਆ ਕਰਿ, ਸੋਈ ਪੁਰਖੁ ਸੁਜਾਨੁ॥

**ਵਿਛੋੜਾ :** ਵਿਛੋੜਾ ਦੁੱਖਾ ਦਾ ਘਰ ਹੈ। ਪਤੀ ਤੋਂ ਵਿਛੜ ਕੇ ਇਸਤਰੀ ਲਈ ਦੁੱਖ ਹਨ। ਇੰਜ ਹੀ ਜੀਵ ਰੂਪੀ ਇਸਤਰੀ ਪਰਮਾਤਮਾ ਤੋਂ ਵਿਛੜ ਕੇ ਕਈ ਤਰ੍ਹਾਂ ਦੇ ਦੁੱਖਾਂ ਤੇ ਸੰਤਾਪਾਂ ਵਿੱਚ ਘਿਰ ਜਾਂਦੀ ਹੈ। ਜਿਵੇਂ ਦੁੱਧ ਤੋਂ ਬਿਨਾਂ ਗਾਂ ਨਿਰਾਰਥਕ ਹੈ, ਪ੍ਰਾਣੀ ਤੋਂ ਬਿਨਾਂ ਖੇਤ ਬੇਅਰਥ ਹਨ। ਇੰਜ ਹੀ ਸਾਜਨ ਮਿਲਾਪ ਤੋਂ ਬਿਨਾ ਜੀਵ ਰੂਪੀ ਇਸਤਰੀ ਨੂੰ ਸ਼ਾਂਤੀ ਪ੍ਰਾਪਤ ਨਹੀਂ ਹੁੰਦੀ -

ਧੇਨੁ ਦੁਧੈ ਤੇ ਬਾਹਰੀ, ਕਿਤੈ ਨ ਆਵੈ ਕਾਮਿ॥<br>ਜਲ ਬਿਨੁ ਸਾਖ ਕੁਮਲਾਵਤੀ, ਉਪਜਹਿ ਨਾਹਿ ਦਾਮ॥<br>ਹਰਿ ਨਾਹ ਨ ਮਿਲੀਐ ਸਾਜਨੈ, ਕਤ ਪਾਈਐ ਬਿਸਰਾਮ॥

ਜੇ ਪ੍ਰਭੂ ਪਤੀ ਦਾ ਮਿਲਾਪ ਨਹੀਂ ਤਾਂ ਫਿਰ ਘਰ, ਪਿੰਡ, ਸ਼ਹਿਰ ਸਾਰੇ ਹੀ ਭੱਠ ਦੇ ਨਿਆਈਂ ਦਿਖਾਈ ਦਿੰਦੇ ਹਨ। ਸਾਰੇ ਹਾਰ-ਸ਼ਿਗਾਰ, ਖਾਣ, ਰਸ ਅਤੇ ਸਰੀਰ ਵੀ ਨਿਸਫਲ ਹੁੰਦੇ ਹਨ। ਸਾਰੇ ਦੋਸਤ, ਮਿੱਤਰ, ਸੰਬੰਧੀ ਜਮਦੂਤ ਪ੍ਰਤੀਤ ਹੁੰਦੇ ਹਨ-

ਜਿਤੁ ਘਰਿ ਹਰਿ ਕੰਤ ਨ ਪ੍ਰਗਟਈ, ਭਠਿ ਨਗਰ ਸੇ ਗ੍ਰਾਮ॥<br>ਸ੍ਰਬ ਸੀਗਾਰ ਤੰਬੋਲ ਰਸ, ਸਣੁ ਦੇਹੀ ਸਭ ਖਾਮ॥<br>ਪ੍ਰਭ ਸੁਆਮੀ ਕੰਤ ਵਿਹੂਣੀਆਂ, ਮੀਤ ਸਜਣ ਸਭਿ ਜਾਮ॥

**ਮਿਲਾਪ :** ਜੀਵਨ ਦਾ ਲਕਸ਼ ਪ੍ਰਭੂ ਮਿਲਾਪ ਹੈ। ਵਿਛੋੜੇ ਨੂੰ ਦੂਰ ਕਰਕੇ ਆਤਮਾ ਤੇ ਪਰਮਾਤਮਾ ਦਾ ਸੁਮੇਲ ਹੈ। ਸੰਜੋਗ ਪ੍ਰਾਪਤ ਕਰਨਾ ਹੈ। ਵਿਯੋਗ ਦੂਰ ਕਰਨਾ ਹੈ। ਵਿਯੋਗ ਵਿੱਚ ਦੁੱਖ ਅਤੇ ਸੰਤਾਪ ਹਨ, ਪਰ ਮਿਲਾਪ ਵਿੱਚ ਸੁੱਖ, ਸ਼ਾਂਤੀ, ਸਹਿਜ ਘਣੇ ਆਨੰਦ ਦੀ ਪ੍ਰਾਪਤੀ ਹੈ। ਗੁਰੂ ਕਿਰਪਾ ਕਰੇ ਤਾਂ ਅਜਿਹਾ ਸੰਯੋਗ ਸੰਭਵ ਹੈ -

ਹਰਿ ਮੇਲਹੁ ਸੁਆਮੀ ਸੰਗਿ ਪ੍ਰਭੂ, ਜਿਸ ਕਾ ਨਿਹਚਲ ਧਾਮ ॥

ਜੇਕਰ ਜੀਵ ਇਸਤਰੀ ਦਾ ਪਿਆਰ ਪ੍ਰਭੂ ਪ੍ਰੀਤਮ ਪਤੀ ਤੋਂ ਬਿਨਾ ਕਿਸੇ ਹੋਰ ਨਾਲ ਲੱਗ ਜਾਂਦਾ ਹੈ ਤਾਂ ਉਹ ਭਟਕਣਾ ਦੇ ਕਾਰਨ ਜੀਵਨ ਦੇ ਸਹੀ ਮਾਰਗ ਤੋਂ ਖੁੰਝ ਜਾਂਦੀ ਹੈ। ਫਿਰ ਭਾਵੇਂ ਉਹ ਲੱਖਾਂ ਸ਼ਿੰਗਾਰ ਬਣਾਵੇ, ਸੁਹੱਪਣ

ਉਸ ਦੇ ਕੋਈ ਕੰਮ ਨਹੀਂ ਆਉਂਦਾ -

ਭਾਦੁਇ ਭਰਮਿ ਭੁਲਾਣੀਆ ਦੂਜੈ ਲਗਾ ਹੇਤੁ॥
ਲਖ ਸੀਗਾਰ ਬਣਾਇਆ, ਕਾਰਜਿ ਨਾਹੀ ਕੇਤੁ॥

ਸ੍ਰੀ ਗੁਰੂ ਨਾਨਕ ਦੇਵ ਜੀ ਵੀ ਆਪਣੇ ਬਾਰਹਮਾਹ ਵਿੱਚ ਲਿਖਦੇ ਹਨ ਕਿ ਜਿਹੜੀ ਇਸਤਰੀ ਭਰ ਜੋਬਨ ਵਿੱਚ, ਜੋਬਨ ਦੇ ਮਾਣ ਦੇ ਭੁਲੇਖੇ ਵਿੱਚ ਗਲਤੀ ਕਰ ਗਈ, ਉਸ ਨੂੰ ਪ੍ਰਭੂ ਪਤੀ ਦੇ ਵਿਛੋੜੇ ਵਿੱਚ ਪਛਤਾਉਣਾ ਪੈਂਦਾ ਹੈ-

ਭਾਦਉ ਭਰਮਿ ਭੁਲੀ ਜੋਬਨਿ ਪਛੁਤਾਣੀ॥

ਇਸ ਦੁਨੀਆਂ ਨਾਲ ਪਿਆਰ ਝੂਠਾ ਹੈ ਕਿਉਂਕਿ ਜਦੋਂ ਜੀਵ ਮਰ ਜਾਂਦਾ ਹੈ ਤਾਂ ਜਿਹਨਾਂ ਨਾਲ ਉਸ ਦਾ ਐਨਾ ਪਿਆਰ ਹੁੰਦਾ ਹੈ ਉਹ ਜੀਵ ਨੂੰ ਪ੍ਰੇਤ ਆਤਮਾ ਆਖਦੇ ਹਨ ਪਰ ਜਿਹਨਾਂ ਦਾ ਪਿਆਰ ਪ੍ਰਭੂ ਨਾਲ ਲੱਗਾ ਹੁੰਦਾ ਹੈ, ਉਹਨਾਂ ਦੀ ਰੂਹ ਵਿਛੜਦੀ ਨਹੀਂ ਨਾਲ ਹੀ ਰਹਿੰਦੀ ਹੈ ਤੇ ਉਸ ਨੂੰ ਨਰਕਾਂ ਤੋਂ ਬਚਾਉਂਦੀ ਹੈ।

ਸੇ ਭਾਦੁਇ ਨਰਕ ਨ ਪਾਇਅਹਿ, ਗੁਰੁ ਰਖਣ ਵਾਲਾ ਹੇਤੁ॥

**1.7.3 ਨਾਮ ਮਾਰਗ :** ਗੁਰੂ ਦਾ ਮਾਰਗ ਨਾਮ ਦਾ ਮਾਰਗ ਹੈ। ਨਾਮ ਨਾਮੀ ਦੀ ਪ੍ਰਗਟ ਸ਼ਕਤੀ ਹੈ। ਨਾਮ ਨਿਰਗੁਣ ਪਰਮਾਤਮਾ ਦਾ ਸਰਗੁਣ ਸਰੂਪ ਹੈ। ਨਾਮ ਨਾਮੀ ਤੱਕ ਪਹੁੰਚਣ ਦਾ ਰਾਹ ਹੈ। ਨਾਮ ਪਰਮਾਤਮਾ ਦਾ ਸਿਮਰਨ ਹੈ, ਉਸ ਦੀ ਯਾਦ ਹੈ, ਉਸ ਦੇ ਗੁਣਾਂ ਦਾ ਗਾਇਨ ਤੇ ਵਖਿਆਨ ਹੈ । ਗੁਰੂ ਜੀ ਨਾਮ ਦੀ ਜਾਚਨਾ ਕਰਦੇ ਹਨ-

ਨਾਨਕ ਕੀ ਬੇਨੰਤੀਆ, ਕਰਿ ਕਿਰਪਾ ਦੀਜੈ ਨਾਮ॥

ਨਾਮ ਤੋਂ ਟੁੱਟ ਕੇ ਜੀਵ ਮਾਇਆ ਦੇ ਪ੍ਰਭਾਵ ਵਿੱਚ ਚਲਾ ਜਾਂਦਾ ਹੈ। ਮਾਇਆ ਕਈ ਰੂਪਾਂ ਵਿੱਚ ਪ੍ਰਗਟ ਹੁੰਦੀ ਹੈ। ਸੰਸਾਰਕ ਧਨ ਪਦਾਰਥ, ਸਾਕ ਸੰਬੰਧੀ, ਪੁੱਤਰ ਇਸਤਰੀ ਆਦਿ ਮੋਹ ਵਿੱਚ ਸਾਰਾ ਸੰਸਾਰ ਗਲਤਾਨ ਹੈ, ਭਾਵੇ ਂ ਇਹ ਵਿਵਹਾਰ ਝੂਠਾ ਹੈ ਅਤੇ ਸਹਾਇਕ ਨਹੀਂ ਪਰ ਇਸ ਵਿੱਚ ਖਚਿਤ ਇਨਸਾਨ ਇਸ ਨੂੰ ਹੀ ਸੁੱਖਾਂ ਦਾ ਸਾਗਰ ਮੰਨ ਬੈਠਦਾ ਹੈ -

ਹਰਿ ਸਾਜਨੁ ਪੁਰਖੁ ਵਿਸਾਰਿ ਕੈ, ਲਗੀ ਮਾਇਆ ਧੋਹੁ॥
ਪੁਤ੍ਰ ਕਲਤ੍ਰ ਨ ਸੰਗਿ ਧਨਾ, ਹਰਿ ਅਵਿਨਾਸੀ ਓਹੁ॥

ਨਾਮ ਤੋਂ ਬਿਨਾਂ ਜਿਤਨੇ ਵੀ ਕੰਮ ਇੱਥੇ ਕਰੀਏ ਉਹ ਸਭ ਮਰਨ ਤੋਂ ਪਹਿਲਾਂ ਹੀ ਖੋਹ ਲਏ ਜਾਂਦੇ ਹਨ। ਆਪਣੇ ਪਿਆਰੇ ਸਰੂਪ ਪ੍ਰਭੂ ਨੂੰ ਵਿਸਾਰ ਕੇ ਖੁਆਰੀ ਹੀ ਹੁੰਦੀ ਹੈ। ਪਰਮਾਤਮਾ ਤੋਂ ਬਿਨਾਂ ਜ਼ਿੰਦ ਨੂੰ ਬਹੁਤ ਸਾਰੀਆਂ ਔਖਿਆਈਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸੇ ਲਈ ਗੁਰੂ ਜੀ ਮਨੁੱਖ ਨੂੰ ਉਪਦੇਸ਼ ਦਿੰਦੇ ਹਨ ਕਿ ਇਹ ਸੰਸਾਰ ਮੋਹ ਤਿਆਗ ਕੇ ਪਰਮਾਤਮਾ ਦੀ ਭਗਤੀ ਵਿੱਚ ਲੱਗੇ ਜੋ ਆਖਰ ਸਮੇਂ ਕੰਮ ਆਉਂਦੀ ਹੈ।

**1.7.4 ਆਚਰਨ ਦੀ ਉਂਚਤਾ :** ਗੁਰੂ ਸਾਹਿਬ ਨੇ ਜੀਵ ਨੂੰ ਜੀਵਨ ਦਾ ਉੱਚਾ ਆਦਰਸ਼ ਪ੍ਰਾਪਤ ਕਰਨ ਲਈ ਆਚਰਨ ਦੀ ਉੱਚਤਾ ਤੇ ਬਹੁਤ ਜ਼ੋਰ ਦਿੱਤਾ ਹੈ ਤੇ ਉਸ ਦੀ ਪ੍ਰਾਪਤੀ ਦੇ ਸਾਧਨ ਦੱਸੇ ਹਨ। ਜੋ ਲੋਕ ਉਸ ਪੱਧਰ ਤੇ ਪਹੁੰਚ ਜਾਂਦੇ ਹਨ, ਉਹਨਾਂ ਦਾ ਜੀਵਨ ਆਮ ਲੋਕਾਂ ਲਈ ਉਦਾਹਰਣ ਬਣ ਜਾਂਦਾ ਹੈ-

ਜਨਮ ਕਰਮ ਮਲੁ ਉਤਰੈ ਮਨ ਤੇ ਜਾਇ ਗੁਮਾਨੁ॥
ਕਾਮਿ ਕਰੋਧਿ ਨ ਮੋਹੀਐ, ਬਿਨਸੈ ਲੋਭੁ ਸੁਆਨੁ॥
ਸਚੇ ਮਾਰਗ ਚਲਦਿਆਂ, ਉਸਤਤਿ ਕਰੈ ਜਹਾਨੁ॥

ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਬਾਰਹਮਾਹ ਮਾਝ ਰਾਗ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 133 ਤੋਂ ਪੰਨਾ 136 ਉੱਪਰ ਦਰਜ ਹੈ। ਇਸ ਦੀਆਂ ਕੁੱਲ 14 ਪਉੜੀਆਂ ਹਨ ਅਤੇ ਹਰ ਪਉੜੀ ਦੀਆਂ 13 ਪੰਕਤੀਆਂ ਹਨ। ਪਹਿਲੀ ਪਉੜੀ ਭੂਮਿਕਾ ਵਜੋਂ ਦਿੱਤੀ ਗਈ ਹੈ ਅਤੇ ਫਿਰ 12 ਪਉੜੀਆਂ ਵਿੱਚ ਕ੍ਰਮਵਾਰ ਬਿਕਰਮੀ ਸੰਮਤ ਦੇ 12 ਮਹੀਨਿਆ ਦੇ ਉਪਦੇਸ਼ ਦਿੱਤੇ ਗਏ ਹਨ ਅਤੇ ਅੰਤਲੀ ਇੱਕ ਪਉੜੀ ਸਿੱਟੇ ਵਜੋਂ ਦਿੱਤੀ ਗਈ ਜਿਸ ਵਿੱਚ ਸਾਰੀ ਰਚਨਾ ਦਾ ਸਾਰੰਸ਼ ਹੈ।

**1.7.5 ਕ੍ਰਮਵਾਰ ਬਾਣੀ ਵਿਚਾਰ :**ਬਾਣੀ ਕ੍ਰਮ ਅਨੁਸਾਰ ਇਸ ਵਿੱਚ ਆਏ ਵਿਚਾਰਾਂ ਦਾ ਵਿਸਤ੍ਰਿਤ ਅਧਿਐਨ ਇਸ ਪ੍ਰਕਾਰ ਹੈ –

ਬਾਰਹਮਾਹ ਦੀ ਪਹਿਲੀ ਪਉੜੀ ਭੂਮਿਕਾ ਵਜੋਂ ਦਿੱਤੀ ਗਈ ਹੈ, ਇਸ ਵਿੱਚ ਗੁਰੂ ਸਾਹਿਬ ਦੱਸਦੇ ਹਨ ਕਿ ਹੇ ਪ੍ਰਭੂ! ਅਸੀਂ ਆਪਣੇ ਕਰਮਾਂ ਦੀ ਕਮਾਈ ਸਦਕਾ ਤੈਥੋਂ ਵਿਛੜ ਗਏ ਹਾਂ। ਮਿਹਰ ਕਰਕੇ ਸਾਨੂੰ ਆਪਣੇ ਨਾਲ ਮਿਲਾ ਲਵੋ।ਮੋਹ ਮਾਇਆ ਕਾਰਨ ਸੁੱਖਾਂ ਦੀ ਖਾਤਰ ਭਟਕਦੇ ਫਿਰ ਰਹੇ ਹਾਂ ਤੇ ਹੇ ਪ੍ਰਭੂ! ਹੁਣ ਥੱਕ ਕੇ ਤੇਰੀ ਸ਼ਰਣ ਵਿੱਚ ਆਏ ਹਾਂ।

ਜਿਵੇਂ ਦੁੱਧ ਤੋਂ ਸੱਖਣੀ ਗਾਂ ਕਿਸੇ ਕੰਮ ਨਹੀਂ ਆਉਂਦੀ ਤੇ ਪਾਣੀ ਤੋਂ ਬਿਨਾਂ ਖੇਤੀ ਸੁੱਕ ਜਾਂਦੀ ਹੈ ਇਸ ਤਰ੍ਹਾਂ ਪ੍ਰਭੂ ਦੇ ਨਾਮ ਤੋਂ ਬਿਨਾ ਸਾਡਾ ਜੀਵਨ ਵਿਅਰਥ ਚਲਾ ਜਾਂਦਾ ਹੈ। ਸੱਜਣ ਪੁਰਖ ਪ੍ਰਭੂ ਨੂੰ ਮਿਲੇ ਬਿਨਾਂ ਕਿਸੇ ਹੋਰ ਥਾਂ ਸੁੱਖ ਨਹੀਂ ਲੱਭਦਾ। ਜਿਸ ਦੇ ਹਿਰਦੇ ਵਿੱਚ ਪ੍ਰਭੂ ਪਤੀ ਦਾ ਵਾਸਾ ਨਹੀਂ, ਉਸ ਦੇ ਭਾਣੇ ਪਿੰਡ ਅਤੇ ਸ਼ਹਿਰ ਤਪਦੀ ਭੱਠੀ ਵਰਗੇ ਹੁੰਦੇ ਹਨ ਅਤੇ ਇਸਤਰੀ ਦੇ ਸਰੀਰ ਦੇ ਸ਼ਿੰਗਾਰ ਬੇਅਰਥ ਹਨ ਤੇ ਮਾਲਕ ਪ੍ਰਭੂ ਦੀ ਯਾਦ ਤੋਂ ਬਿਨਾ ਸਾਰੇ ਸੱਜਣ ਮਿੱਤਰ ਜਿੰਦ ਦੇ ਵੈਰੀ ਹੋ ਜਾਂਦੇ ਹਨ। ਇਸ ਲਈ ਸ੍ਰੀ ਗੁਰੂ ਅਰਜਨ ਦੇਵ ਜੀ ਬੇਨਤੀ ਕਰਦੇ ਹਨ ਕਿ ਪ੍ਰਭੂ ਮੈਨੂੰ ਵੀ ਆਪਣੇ ਨਾਮ ਦੀ ਦਾਤ ਬਖਸ਼, ਹੇ ਰੱਬ ! ਆਪਣੇ ਚਰਨਾਂ ਵਿਚੱ ਮੈਂਨੂੰ ਜੋੜੀ ਰੱਖ ਹੋਰ ਸਾਰੇ ਆਸਰੇ ਖਤਮ ਹੋਣ ਵਾਲੇ ਹਨ। ਤੇਰਾ ਘਰ ਸਦਾ ਅਟੱਲ ਰਹਿਣ ਵਾਲਾ ਹੈ।

**ਚੇਤਰ** ਦੇ ਮਹੀਨੇ ਨੂੰ ਆਧਾਰ ਬਣਾ ਕੇ ਗੁਰੂ ਜੀ ਦੱਸਦੇ ਹਨ ਕਿ ਜਿਸ ਤਰ੍ਹਾਂ ਚੇਤ ਦਾ ਮਹੀਨਾ ਬਾਕੀ ਮਹੀਨਿਆਂ ਤੋਂ ਰੁੱਤ ਵਿੱਚ ਚੰਗਾ ਹੈ, ਇਸ ਤਰ੍ਹਾਂ ਮਨੁੱਖ ਨੂੰ ਵੀ ਇਸ ਮਹੀਨੇ ਦਾ ਫਾਇਦਾ ਉਠਾਉਣਾ ਚਾਹੀਦਾ ਹੈ ਕਿਉਂਕਿ ਇਸ ਸੁਹਾਵਣੇ ਮਹੀਨੇ ਵਿੱਚ ਪ੍ਰਭੂ ਅਰਾਧਣ ਨਾਲ ਬਹੁਤ ਸੁਖ ਅਤੇ ਆਨੰਦ ਪ੍ਰਾਪਤ ਹੁੰਦਾ ਹੈ। ਇਹ ਪ੍ਰਭੂ ਸਿਮਰਨ ਸੰਗਤਾਂ ਭਗਤਾਂ ਦੀ ਸੰਗਤ ਵਿੱਚ ਕੀਤਾ ਜਾ ਸਕਦਾ ਹੈ, ਅਸਲ ਵਿੱਚ ਉਸੇ ਮਨੁੱਖ ਦਾ ਇਸ ਜਗਤ ਵਿੱਚ ਆਉਣਾ ਸਫਲ ਸਮਝਿਆ ਜਾਣਾ ਚਾਹੀਦਾ ਹੈ ਜਿਸ ਨੇ ਆਪਣੇ ਪ੍ਰਭੂ ਨੂੰ ਪ੍ਰਾਪਤ ਕਰ ਲਿਆ ਹੈ।ਉਸ ਦੀ ਯਾਦ ਤੋਂ ਬਿਨਾਂ ਇਕ ਖਿਨ ਲੰਘਣਾ ਵੀ ਜਨਮ ਨੂੰ ਅਜਾਈ ਗਵਾਉਣ ਦੇ ਸਮਾਨ ਹੈ ਪ੍ਰਭੂ ਜਲ, ਥਲ, ਪੁਲਾੜ, ਧਰਤੀ ਤੇ ਉਦਿਆਨ ਹਰ ਥਾਂ ਤੇ ਵਿਆਪਕ ਹੈ। ਜੇ ਐਸਾ ਪ੍ਰਭੂ ਮਨੁੱਖ ਨੂੰ ਯਾਦ ਨਾ ਆਵੇ ਤਾਂ ਉਸ ਦੇ ਦੁੱਖਾਂ ਦਾ ਬਿਆਨ ਨਹੀਂ ਕੀਤਾ ਜਾ ਸਕਦਾ ਤੇ ਜਿਨ੍ਹਾਂ ਨੇ ਪ੍ਰਭੂ ਨੂੰ ਹਿਰਦੇ ਵਿੱਚ ਵਸਾ ਲਿਆ ਹੈ, ਉਹ ਵੱਡੇ ਭਾਗਾਂ ਵਾਲੇ ਹਨ। ਉਨ੍ਹਾਂ ਦਾ ਮਨ ਪ੍ਰਭੂ ਦਰਸ਼ਨਾਂ ਲਈ ਨਿਤ ਲੋਚਦਾ ਹੈ। ਗੁਰੂ ਕਹਿੰਦੇ ਹਨ ਜਿਹੜੇ ਮਨੁੱਖ ਮੈਨੂੰ ਹਰੀ ਨਾਲ ਮਿਲਾ ਦੇਣ, ਮੈਂ ਉਨ੍ਹਾਂ ਦੀ ਚਰਨੀ ਲੱਗਾਂਗਾ।

**ਵੈਸਾਖ** ਦਾ ਮਹੀਨਾ ਜੋ ਖੁਸ਼ੀਆਂ ਦੇ ਖੇੜਿਆਂ ਦਾ ਮਹੀਨਾ ਮੰਨਿਆ ਜਾਂਦਾ ਹੈ, ਦੀ ਟੇਕ ਲੈ ਕੇ ਗੁਰੂ ਸਾਹਿਬ ਕਹਿੰਦੇ ਹਨ ਕਿ ਪ੍ਰਭੂ ਭਗਤੀ ਤੋਂ ਵਿਛੜੀਆਂ ਹੋਈਆਂ ਜੀਵ ਰੂਪੀ ਇਸਤਰੀਆਂ ਇਸ ਸੁਹਾਵਣੇ ਪ੍ਰਾਕ੍ਰਿਤਕ ਵਾਤਾਵਰਣ ਵਿੱਚ ਕਿਵੇਂ ਧੀਰਜ ਤੇ ਸੁੱਖ ਪ੍ਰਾਪਤ ਕਰ ਸਕਦੀਆਂ ਹਨ, ਵਿਸ਼ੇਸ਼ ਤੌਰ ਤੇ ਜਦੋਂ ਉਹ ਦੁਨਿਆਵੀ ਮਾਇਆ ਦੇ ਮੋਹ ਵਿੱਚ 'ਹਰਿ ਸਜਣ ਪੁਰਖ' ਵਿਸਾਰ ਬੈਠੀਆਂ ਹੋਣ ? ਮਨੁੱਖ ਮਾਇਆ ਦੇ ਪ੍ਰਭਾਵ ਅਧੀਨ ਇਹ ਭੁੱਲ ਜਾਂਦੇ ਹਨ ਕਿ ਜਿਸ ਮਨਮੋਹਣੀ ਮਾਇਆ, ਪੁੱਤਰ, ਇਸਤਰੀ ਆਦਿ ਵਿੱਚ ਉਹ ਉਲਝੇ ਹੋਏ ਹਨ, ਉਸ ਨੇ ਸਾਥ ਨਹੀਂ ਦੇਣਾ।ਇਸ ਸਾਰੇ ਪ੍ਰਪੰਚ ਵਿੱਚ ਅਬਿਨਾਸੀ ਹਰਿ ਹੀ ਹੈ ਤੇ ਉਸ ਦੇ ਨਾਮ ਦੀ ਕਮਾਈ ਨੇ ਹੀ ਨਾਲ ਜਾਣਾ ਹੈ। ਇਸ ਲਈ ਮਨੁੱਖ ਨੂੰ ਉਸ ਦਵੈਤ ਭਾਵ ਦਾ ਤਿਆਗ ਕਰ ਦੇਣਾ ਚਾਹੀਦਾ ਹੈ ਜਿਸ ਸਦਕਾ ਉਹ ਖੁਆਰ ਹੁੰਦਾ ਹੈ। ਇਸ ਸੰਸਾਰ ਵਿੱਚ ਨਿਰਮਲ ਸ਼ੋਭਾ ਵਾਲੇ ਉਹੀ ਹਨ ਜੋ ਪ੍ਰਭੂ ਅੱਗੇ ਅਰਦਾਸ ਕਰਦੇ ਹਨ ਕਿ ਹੇ ਪ੍ਰਭੂ ! ਮੈਨੂੰ ਰੱਜਵਾਂ ਮਿਲਾਪ ਦਿਓ। ਵੈਸਾਖ ਦਾ ਮਹੀਨਾ ਤਦੇ ਹੀ ਸੋਹਣਾ ਤੇ ਸੰਤੁਸ਼ਟਤਾ ਭਰਪੂਰ ਹੋ ਸਕਦਾ ਹੈ ਜੇਕਰ ਸੰਤ ਹਰੀ ਪ੍ਰਭੂ ਮਿਲ ਪਵੇ।

**ਜੇਠ** ਦੇ ਮਹੀਨੇ ਨੂੰ ਆਧਾਰ ਬਣਾਉਂਦੇ ਗੁਰੂ ਸਾਹਿਬ ਦੱਸਦੇ ਹਨ ਕਿ ਜਿਸ ਪ੍ਰਭੂ ਦੇ ਚਰਨਾਂ ਵਿੱਚ ਸਭ ਡੰਡਉਤ ਕਰਦੇ ਹਨ, ਜੀਵ ਨੂੰ ਉਸ ਨਾਲ ਜੁੜਨਾ ਚਾਹੀਦਾ ਹੈ ਕਿਉਂਕਿ ਸਮਰੱਥ ਪ੍ਰਭੂ ਦਾ ਲੜ ਫੜਿਆ ਜਮ ਉਸ ਨੂੰ ਬੰਨ੍ਹ ਕੇ ਨਹੀਂ ਲਿਜਾ ਸਕਦੇ । ਪ੍ਰਭੂ ਦਾ ਨਾਮ ਵਡਮੁੱਲਾ ਪਦਾਰਥ ਹੈ ਜਿਸ ਨੂੰ ਚੋਰ ਚੁਰਾ ਨਹੀਂ ਸਕਦਾ। ਮਨੁੱਖ ਇਸ ਸੰਸਾਰ ਵਿੱਚ ਜਿੰਨੇ ਵੀ ਵਿਭਿੰਨ ਆਕਰਸ਼ਣ ਵੇਖਦਾ ਹੈ, ਜੋ ਮਨ ਨੂੰ ਚੰਗੇ ਲਗਦੇ ਹਨ ਉਹ ਸਾਰੇ ਪਰਮਾਤਮਾ ਪਾਸ ਹਨ। ਸਾਰੀ ਸ੍ਰਿਸ਼ਟੀ ਹੀ ਵਾਸਤਵ ਵਿੱਚ ਹੁਕਮ ਅਨੁਸਾਰ ਚੱਲ ਰਹੀ ਹੈ । ਜਿਨ੍ਹਾਂ ਨੂੰ ਪ੍ਰਭੂ ਆਪਣੀ ਬਖਸ਼ਿਸ਼ ਦਾ ਪਾਤਰ ਬਣਾ ਲਵੇ ਉਹ ਵਡਭਾਗੇ ਹਨ ਕਿਉਂਕਿ ਨਿਰੇ ਆਪਣੇ ਉੱਦਮ ਨਾਲ ਤਾਂ ਉਨ੍ਹਾ ਦਾ ਵਿਯੋਗ ਮਿਲਾਪ ਦਾ

ਰੂਪ ਧਾਰਨ ਨਹੀਂ ਕਰ ਸਕਦਾ । ਇਸ ਮਿਲਾਪ ਦੀ ਖੁਸ਼ੀ ਨੂੰ ਸਾਧ ਸੰਗਤ ਰਾਹੀਂ ਪ੍ਰਾਪਤ ਕੀਤਾ ਜਾ ਸਕਦਾ ਹੈ। ਸਾਧ ਸੰਗਤ ਵੱਡੇ ਭਾਗਾਂ ਵਾਲਿਆਂ ਨੂੰ ਪ੍ਰਾਪਤ ਹੁੰਦੀ ਹੈ।

**ਆਸਾੜ (ਹਾੜ) :** ਉਨ੍ਹਾਂ ਲਈ ਹੀ ਦੁਖਦਾਈ (ਤਪਸ਼ ਭਰਿਆ ) ਹੈ ਜਿਨ੍ਹਾ ਨੂੰ ਪ੍ਰਭੂ ਦਾ ਸੰਗ ਪ੍ਰਾਪਤ ਨਹੀਂ ਤੇ ਜਿਨ੍ਹਾਂ ਨੇ ਜਗ-ਜੀਵਨ ਪੁਰਖ ਪ੍ਰਭੂ ਨੂੰ ਭੁਲਾ ਕੇ ਸੁਖ ਸ਼ਾਂਤੀ ਤੇ ਮਾਨਸਿਕ ਤ੍ਰਿਪਤੀ ਲਈ ਮਨੁੱਖ ਉੱਤੇ ਆਸ ਰੱਖੀ ਹੋਈ ਹੈ। ਪ੍ਰਭੂ ਪਿਆਰ ਤੁੋਂ ਬਿਨਾਂ ਗਲ ਵਿੱਚ ਜਮਾਂ ਦੀ ਫਾਹੀ ਪੈਂਦੀ ਹੈ ਕਿਉਂਕਿ ਮਨੁੱਖ ਨੇ ਉਹੀ ਪ੍ਰਾਪਤ ਕਰਨਾ ਹੁੰਦਾ ਹੈ ਜੋ ਉਹ ਬੀਜੇ ਅਥਵਾ ਜੋ ਉਸ ਦੇ ਕਰਮਾਂ ਵਿੱਚ ਲਿਖਿਆ ਹੋਵੇ। ਸਾਧ ਸੰਗਤ ਦੀ ਪ੍ਰਾਪਤੀ ਤੋਂ ਬਿਨਾਂ ਇਹ ਜੀਵਨ ਰੂਪੀ ਰਾਤ ਨਿਰਾਰਥਕ ਲੰਘ ਜਾਂਦੀ ਹੈ। ਇਸ ਲਈ ਪ੍ਰਭੂ ! ਬਖਸ਼ਿਸ਼ ਕਰ ਤੇਰੇ ਬਿਨਾਂ ਮਨੁੱਖ ਦਾ ਇਸ ਸੰਸਾਰ ਤੋਂ ਪਾਰ ਉਤਰਨ ਦਾ ਕੋਈ ਸਾਧਨ ਨਹੀਂ। ਮਨ ਅੰਦਰ ਆਪਣੇ ਪ੍ਰੀਤਮ ਦੇ ਦਰਸ਼ਨਾਂ ਦੀ ਤਾਂਘ ਬਣਾਈ ਰੱਖ। ਆਸਾੜ ਦਾ ਮਹੀਨਾ ਉਨ੍ਹਾਂ ਲਈ ਸੁਹਾਵਣਾ ਅਥਵਾ ਦੁੱਖਾਂ ਕਲੇਸ਼ਾਂ ਤੋਂ ਮੁਕਤ ਹੈ ਜਿਨ੍ਹਾਂ ਦਾ ਮਨ ਹਰੀ ਚਰਨਾਂ ਵਿੱਚ ਲੱਗਾ ਹੋਇਆ ਹੈ।

**ਸਾਵਣ :** ਗਰਮੀ ਦੀ ਤਪਸ਼ ਤੋਂ ਬਾਅਦ ਵਰਖਾ ਰਾਹੀਂ ਪ੍ਰਕ੍ਰਿਤੀ ਲਈ ਜੀਵਨ ਦਾਨ ਦੇਣ ਵਾਲਾ ਬਣਦਾ ਹੈ ਅਥਵਾ ਉਸ ਅੰਦਰ ਖੇੜਾ ਤੇ ਹਰਿਆਵਲ ਲੈ ਆਉਂਦਾ ਹੈ ਉਸੇ ਤਰ੍ਹਾਂ ਮਨੁੱਖ ਅੰਦਰ ਵੀ ਇਨ੍ਹਾਂ ਭਾਵਾਂ ਨੂੰ ਉਜਾਗਰ ਕਰਦਾ ਹੈ, ਜਿਸ ਨੇ ਹਰੀ ਨਾਮ ਨੂੰ ਆਪਣੇ ਜੀਵਨ ਦਾ ਅਧਾਰ ਬਣਾ ਕੇ ਤਨ ਤੇ ਮਨ ਨੂੰ ਪ੍ਰਭੂ ਪਿਆਰ ਦੇ ਸੱਚੇ ਰੰਗ ਵਿੱਚ ਰੰਗਿਆ ਹੋਵੇ। ਅਜਿਹੇ ਵਡਭਾਗੇ ਮਨੁੱਖ ਨੂੰ ਦੁਨੀਆਂ ਦੇ ਸਾਰੇ ਰੰਗ ਝੂਠੇ ਤੇ ਨਿਕੰਮੇ ਵਿਖਾਈ ਦਿੰਦੇ ਹਨ ਉਹ ਸਾਧ ਸੰਗਤ ਵਿੱਚ ਹਰੀ ਨਾਮ ਦੀ ਸੁਹਾਵਣੀ ਬੂੰਦ ਨੂੰ ਪੀਂਦਾ ਹੈ ਅਤੇ ਤਨ ਤੇ ਮਨ ਨਾਲ ਪਰਮਾਤਮਾ ਨੂੰ ਮਿਲਣ ਦੀ ਤਾਂਘ ਰੱਖਦਾ ਹੈ।ਇਹ ਮਿਲਾਪ ਪ੍ਰਭੂ ਦੀ ਕ੍ਰਿਪਾ ਸਦਕਾ ਹੀ ਹੈ। ਗੁਰੂ ਸਾਹਿਬ ਕਹਿੰਦੇ ਹਨ ਜਿਨ੍ਹਾਂ ਨੇ ਪ੍ਰਭੂ ਮਿਲਾਪ ਪ੍ਰਾਪਤ ਕਰ ਲਿਆ ਹੈ ਮੈਂ ਉਨ੍ਹਾਂ ਤੋਂ ਆਪਣਾ ਆਪ ਕੁਰਬਾਨ ਕਰਦਾ ਹਾਂ। ਹੇ ਹਰੀ! ਮੇਰੇ ਤੇ ਵੀ ਬਖਸ਼ਿਸ਼ ਕਰਕੇ ਨਾਮ ਦੀ ਪ੍ਰਾਪਤੀ ਦੇਹ ਅਤੇ ਮੈਂ ਵੀ ਇਸ ਨਾਮ ਨੂੰ ਹਿਰਦੇ ਵਿੱਚ ਗ੍ਰਹਿਣ ਕਰਕੇ ਸੁਹਾਗਣ ਹੋ ਕੇ ਇਸ ਮਹੀਨੇ ਦੀ ਪ੍ਰਕ੍ਰਿਤੀ ਨੂੰ ਮਾਣ ਸਕਾਂ।

**ਭਾਦਰੋਂ** ਦੇ ਮਹੀਨੇ ਉਹ ਹੀ ਮਨੁੱਖ ਘਬਰਾਉਂਦੇ ਹਨ ਜਿਨ੍ਹਾਂ ਨੇ ਪ੍ਰਭੂ ਤੋਂ ਬਿਨਾ ਕਿਸੇ ਹੋਰ ਨਾਲ ਆਪਣਾ ਸੰਬੰਧ ਜੋੜਿਆ ਹੈ, ਭਟਕਦੇ ਫਿਰਕੇ ਹਨ। ਉਨ੍ਹਾਂ ਦੇ ਸਾਰੇ ਕਰਮ ਜਿੰਨਾਂ ਰਾਹੀਂ ਉਹ ਆਪਣੇ ਆਪ ਨੂੰ ਸ਼ਿੰਗਾਰਦੇ ਹਨ, ਨਿਰਾਰਥਕ ਬਣ ਜਾਂਦੇ ਹਨ। ਜਿਸ ਦਿਨ ਇਸ ਸਰੀਰ ਨੂੰ ਤਿਆਗਣਾ ਹੈ, ਉਸ ਵੇਲੇ ਇਨ੍ਹਾਂ ਨੇ ਸਾਥ ਨਹੀਂ ਦੇਣਾ।ਸਾਰੇ ਸਾਕ-ਸੰਬੰਧੀ ਜਿਨ੍ਹਾਂ ਨਾਲ ਪਿਆਰ ਹੈ ਮ੍ਰਿਤਕ ਸਰੀਰ ਨੂੰ ਪ੍ਰੇਤ ਕਹਿ ਕੇ ਇੱਕ ਪਾਸੇ ਹੋ ਜਾਂਦੇ ਹਨ ਉਸ ਸਮੇਂ ਨਾਮ ਤੇ ਸ਼ੁਭ ਕਰਮ ਹੀ ਨਾਲ ਨਿਭਦਾ ਹੈ। ਇਸੇ ਲਈ ਗੁਰੂ ਸਾਹਿਬ ਅੰਤ ਵਿੱਚ ਬੇਨਤੀ ਕਰਦੇ ਹਨ ਕਿ 'ਹੇ ਪ੍ਰਭੂ ! ਤੇ ਰੀ ਸ਼ਰਨ ਆਇਆ ਹਾਂ। ਆਪਣੇ ਚਰਨਾਂ ਰੂਪੀ ਬੋਹਿਥ (ਜਹਾਜ਼) ਤੇ ਚੜ੍ਹਾ ਲੈ ਤਾਂ ਜੋ ਇਸ ਭਵਸਾਗਰ ਰੂਪੀ ਸੰਸਾਰ ਤੋਂ ਪਾਰ ਲੰਘ ਜਾਵਾਂ ਅਤੇ ਆਪਣੀ ਭਾਉ ਭਗਤੀ ਕਾਰਨ ਨਰਕ ਦੇ ਦੁੱਖਾਂ ਕਲੇਸ਼ਾਂ ਤੋਂ ਬਚਿਆ ਜਾ ਸਕੇ।

**ਅਸੂ** ਦੇ ਮਹੀਨੇ ਰਾਹੀਂ ਗੁਰੂ ਸਾਹਿਬ ਉਪਦੇਸ਼ ਦਿੰਦੇ ਹਨ ਕਿ ਜਦੋ ਮਨੁੱਖੀ ਮਨ ਵਿੱਚ ਪ੍ਰਭੂ ਮਿਲਾਪ ਦੀ ਤਾਂਘ ਅਤਿ ਤੀਬਰ ਹੋ ਜਾਏ ਤਾਂ ਉਸ ਦੀ ਤ੍ਰਿਪਤੀ ਕੇਵਲ ਪਹੁੰਚੇ ਹੋਏ ਸੰਤਾਂ ਦੇ ਲੜ ਲੱਗਿਆਂ ਹੀ ਹੋ ਸਕਦੀ ਹੈ। ਪ੍ਰਭੂ ਮਿਲਾਪ ਤੋਂ ਬਿਨਾਂ ਕਿਤੇ ਵੀ ਸੁੱਖ ਪ੍ਰਾਪਤ ਨਹੀਂ ਹੋ ਸਕਦਾ ਤੇ ਜਿਨ੍ਹਾਂ ਨੇ ਪ੍ਰਭੂ ਪਿਆਰ ਦੇ ਰਸ ਨੂੰ ਚਖਿਆ ਹੈ, ਉਹ ਤ੍ਰਿਪਤ ਤੇ ਆਨੰਦ ਅਵਸਥਾ ਵਿੱਚ ਹੁੰਦੇ ਹਨ। ਆਪੇ ਦਾ ਤਿਆਗ ਕਰਕੇ ਪ੍ਰਭੂ ਅੱਗੇ ਜੋਦੜੀ ਕਰਦੇ ਹਨ ਕਿ ਉਹ ਉਨ੍ਹਾਂ ਨੂੰ ਆਪਣੇ ਨਾਲ ਮਿਲਾ ਲਵੇ ਤੇ ਜਿਨ੍ਹਾਂ ਨੇ ਹਰੀ ਨੂੰ ਇੱਕ ਵਾਰੀ ਮਿਲ ਲਿਆ ਫਿਰ ਉਹ ਵਿਛੜਦੇ ਨਹੀਂ। ਇਸ ਲਈ ਪ੍ਰਭੂ ਦੀ ਸ਼ਰਨ ਵਿੱਚ ਜਾ ਕੇ ਉਸ ਦੀ ਬਖਸ਼ਿਸ਼ ਦੀ ਯਾਚਨਾ ਹੀ ਕਰਨੀ ਚਾਹੀਦੀ ਹੈ।

**ਕੱਤਕ** ਦੇ ਮਹੀਨੇ ਰਾਹੀਂ ਗੁਰੂ ਸਾਹਿਬ ਦੱਸਦੇ ਹਨ ਕਿ ਮਨੁੱਖ ਸਾਰੇ ਦੁੱਖ ਆਪਣੇ ਕੀਤੇ ਹੋਏ ਕਰਮਾਂ ਕਰਕੇ ਪ੍ਰਾਪਤ ਕਰਦਾ ਹੈ। ਕਿਸੇ ਨੂੰ ਦੋਸ਼ ਦੇਣਾ ਚੰਗਾ ਨਹੀਂ।ਪ੍ਰਭੂ ਤੋਂ ਬੇਮੁੱਖ ਹੋਣ ਨਾਲ ਜਨਮਾਂ ਦਾ ਵਿਛੋੜਾ ਪੈ ਜਾਂਦਾ ਹੈ। ਪ੍ਰਭੂ ਨੂੰ ਭੁੱਲਿਆਂ ਸਾਰੇ ਰੋਗ ਆ ਘੇਰਦੇ ਹਨ, ਸਾਰੀਆਂ ਦੁਨਿਆਵੀ ਖੁਸ਼ੀਆਂ ਤੇ ਦੁੱਖਾਂ ਦੇ ਸਾਧਨ ਦੁਖਦਾਈ ਬਣ ਜਾਂਦੇ ਹਨ। ਪ੍ਰਭੂ ਤੋਂ ਬਿਨਾਂ ਕੋਈ ਵੀ ਸੰਕਟ ਦੀ ਘੜੀ ਵਿੱਚ ਸਹਾਈ ਨਹੀਂ ਹੁੰਦਾ। ਕੀਤਿਆਂ ਕੁਝ ਬਣਦਾ ਵੀ ਨਹੀਂ, ਜੋ ਉਸ ਦਾ ਹੁਕਮ ਹੈ, ਹੋਣਾ ਉਹੀ ਕੁਝ ਹੈ। ਜੇਕਰ ਭਾਗ ਚੰਗੇ ਹੋਣ ਤਾਂ ਪ੍ਰਭੂ ਮਿਲ ਪੈਂਦਾ ਹੈ ਅਤੇ ਸਾਰੇ ਦੁੱਖ ਦੂਰ ਹੋ ਜਾਂਦੇ ਹਨ। ਗੁਰੂ ਸਾਹਿਬ ਪ੍ਰਭੂ ਅੱਗੇ ਅਰਦਾਸ ਕਰਦੇ ਹਨ, ਹੇ ਬੰਦੀ ਛੋੜ ਪ੍ਰਭੂ ! ਮੈਨੂੰ ਬਚਾ ਲੈ। ਸਾਧ ਸੰਗਤ

ਦੀ ਬਖਸ਼ਿਸ਼ ਕਰ ਤਾਂ ਜੋ ਮਨ ਦੇ ਸਾਰੇ ਝੋਰੇ ਤੇ ਚਿੰਤਾਵਾਂ ਮੁੱਕ ਜਾਣ।

**ਮੱਘਰ** ਮਹੀਨੇ ਦੁਆਰਾ ਗੁਰੂ ਅਰਜਨ ਦੇਵ ਜੀ ਉਪਦੇਸ਼ ਕਰਦੇ ਹਨ ਕਿ ਉਹ ਜੀਵਨ ਸੁਹਾਵਣੇ ਹਨ, ਭਾਗਾਂ ਵਾਲੇ ਹਨ, ਜਿਨ੍ਹਾਂ ਨੂੰ ਪ੍ਰਭੂ ਮਿਲ ਪਿਆ ਹੈ।ਉਨ੍ਹਾਂ ਦੀ ਵਡਿਆਈ ਤੇ ਸ਼ੋਭਾ ਬੇਅੰਤ ਹਨ। ਉਹ ਸਾਧ ਸੰਗਤ ਵਿੱਚ ਹਰੀ ਨਾਮ ਦਾ ਸਿਮਰਨ ਕਰਕੇ ਪੂਰਨ ਖੇੜੇ ਵਿੱਚ ਹਨ। ਪਰ ਜਿਹੜੇ ਮਨੁੱਖ ਸਾਧ ਸੰਗਤ ਤੋਂ ਵਿਹੂਣੇ ਰਹਿ ਜਾਂਦੇ ਹਨ, ਉਹ ਨਿੱਤ ਦੁੱਖਾਂ ਕਲੇਸ਼ਾਂ ਵਿੱਚ ਗ੍ਰਸੇ ਰਹਿੰਦੇ ਹਨ। ਜਿਨ੍ਹਾਂ ਨੇ ਪ੍ਰਭੂ ਦਾ ਸਿਮਰਨ ਕੀਤਾ ਹੈ ਅਤੇ ਸ਼ੁਭ ਕਰਮਾਂ ਨਾਲ ਹਿਰਦਾ ਸੁਸ਼ੋਭਿਤ ਕੀਤਾ ਹੈ, ਉਹ ਸ਼ਾਂਤ ਰੂਪ ਪ੍ਰਭੂ ਦੀ ਨਿਕਟਤਾ ਪ੍ਰਾਪਤ ਕਰਦੇ ਹਨ। ਗੁਰੂ ਸਾਹਿਬ ਕਹਿੰਦੇ ਹਨ ਕਿ ਇਹੋ ਜਿਹੇ ਵਡਭਾਗੀ ਮਨੁੱਖ ਜੋ ਪ੍ਰਭੂ ਦੀ ਸ਼ਰਨੀ ਆਏ ਹਨ, ਮੈਂ ਉਨ੍ਹਾਂ ਦੀ ਚਰਨ ਧੂੜੀ ਦੀ ਯਾਚਨਾ ਕਰਦਾ ਹਾਂ। ਅਜਿਹੇ ਵਡਭਾਗੀ ਪ੍ਰਭ ਦਾ ਨਾਮ ਸਿਮਰਨ ਕਰਕੇ ਜਨਮ ਦੇ ਗੇੜ ਤੋਂ ਮੁਕਤ ਹੋ ਜਾਂਦੇ ਹਨ।

**ਪੋਹ** ਮਹੀਨੇ ਰਾਹੀਂ ਗੁਰੂ ਸਾਹਿਬ ਉਪਦੇਸ਼ ਦਿੰਦੇ ਹਨ ਕਿ ਜਿਨ੍ਹਾਂ ਤੇ ਪ੍ਰਭੂ ਦੀ ਬਖਸ਼ਿਸ਼ ਹੋ ਜਾਂਦੀ ਹੈ ਤੇ ਜੋ ਗੁਰੂ ਦੀ ਸ਼ਰਨ ਆ ਪੈਂਦੇ ਹਨ, ਉਨ੍ਹਾਂ ਨੂੰ ਪੋਹ ਦਾ ਪਾਲਾ ਨਹੀਂ ਲੱਗਦਾ।ਉਨ੍ਹਾਂ ਦਾ ਮਨ ਪ੍ਰਭੂ ਚਰਨਾਂ ਵਿੱਚ ਹੁੰਦਾ ਹੈ। ਦੁਨਿਆਵੀ ਖਿੱਚਾਂ ਉਨ੍ਹਾਂ ਲਈ ਕੋਈ ਅਰਥ ਨਹੀਂ ਰੱਖਦੀਆਂ। ਉਹ ਆਪਣੇ ਸੱਚੇ ਪਿਆਰ ਨਾਲ ਆਪਣੇ ਸੋਮੇ ਨਾਲ ਆ ਜੁੜਦੇ ਹਨ ਤੇ ਫਿਰ ਨਹੀਂ ਵਿਛੜਦੇ। ਗੁਰੂ ਸਾਹਿਬ ਕਹਿੰਦੇ ਹਨ ਮੈਂ ਉਸ ਪਰਮਾਤਮਾ ਤੋਂ ਲੱਖਾਂ ਵਾਰੀ ਕੁਰਬਾਨ ਜਾਂਦਾ ਹਾਂ ਜੋ ਸ਼ਰਨ ਪਏ ਦੀ ਲਾਜ ਰੱਖਦਾ ਹੈ। ਜੇ ਉਸ ਪ੍ਰਭੂ ਦੀ ਬਖਸ਼ਿਸ਼ ਹੋ ਜਾਵੇ ਤਾਂ ਇਹ ਜੀਵਨ ਯਾਤਰਾਂ ਸੁੱਖਾ ਭਰੀ ਬਣ ਜਾਂਦੀ ਹੈ।

**ਮਾਘ** ਮਹੀਨੇ ਰਾਹੀਂ ਗੁਰੂ ਸਾਹਿਬ ਕਹਿੰਦੇ ਹਨ ਕਿ ਹੇ ਮਨੁੱਖ ! ਸਾਧ ਸੰਗਤ ਵਿੱਚ ਹਰੀ ਨਾਮ ਦਾ ਸਿਮਰਨ ਕਰਨਾ ਚਾਹੀਦਾ ਹੈ। ਇਸ ਤਰ੍ਹਾਂ ਨਾਮ ਰੂਪੀ ਇਸ਼ਨਾਨ ਕਲਿਆਣਕਾਰੀ ਹੁੰਦਾ ਹੈ। ਜਨਮਾਂ ਜਨਮਾਂ ਦੀ ਮੈਲ ਅਤੇ ਹਉਮੈ ਨਾਮ ਨਾਲ ਉਤਰ ਜਾਂਦੀ ਹੈ। ਕਾਮ, ਕਰੋਧ ਤੋਂ ਮੁਕਤ ਹੋ ਜਾਈਦਾ ਹੈ। ਦਇਆਵਾਨ ਹਰੀ ਦੇ ਨਾਮ ਸਿਮਰਨ ਦੇ ਸੱਚੇ ਮਾਰਗ ਤੇ ਚਲਦਿਆਂ ਅਠਾਹਠ ਤੀਰਥਾਂ ਦਾ ਇਸ਼ਨਾਨ ਤੇ ਸਾਰੇ ਪੁੰਨ ਕਰਮਾਂ ਦਾ ਫਲ, ਸਹਿਜ ਪ੍ਰਾਪਤ ਹੋ ਜਾਂਦਾ ਹੈ ਤੇ ਸੰਸਾਰ ਵਿੱਚ ਵੀ ਉਸਤਤ ਹੁੰਦੀ ਹੈ।ਮਨੁੱਖ ਉਸ ਕ੍ਰਿਪਾ ਦਾ ਪਾਤਰ ਬਣ ਜਾਂਦਾ ਹੈ। ਉਹ ਵਿਅਕਤੀ ਹੀ ਆਤਮਿਕ ਪਵਿੱਤਰਤਾ ਨੂੰ ਪ੍ਰਾਪਤ ਕਰ ਸਕਦੇ ਹਨ ਜਿਨ੍ਹਾਂ ਤੇ ਪੂਰਾ ਸਤਿਗੁਰੂ ਦਇਆਵਾਨ ਹੋ ਜਾਵੇ, ਗੁਰੂ ਸਾਹਿਬ ਕਹਿੰਦੇ ਹਨ, ਇਹੋ ਜਿਹੇ ਮਨੁੱਖ ਆਪਣੇ ਪ੍ਰਭੂ ਨਾਲ ਮਿਲਾਪ ਪ੍ਰਾਪਤ ਕਰ ਲੈਂਦੇ ਹਨ ਤੇ ਮੈਂ ਅਜਿਹੇ ਵਡਭਾਗੀਆਂ ਤੋਂ ਆਪਣਾ ਆਪ ਕੁਰਬਾਨ ਕਰਦਾ ਹਾਂ।

**ਫੱਗਣ** ਦੇ ਮਹੀਨੇ ਰਾਹੀਂ ਗੁਰੂ ਸਾਹਿਬ ਦੱਸਦੇ ਹਨ ਕਿ ਉਹ ਜੀਵ ਆਤਮਿਕ ਆਨੰਦ ਦਾ ਭਾਗੀ ਹੈ, ਜਿਨ੍ਹਾਂ ਨੇ ਪ੍ਰਭੂ ਕ੍ਰਿਪਾ ਦੁਆਰਾ ਅਤੇ ਸੰਤਾਂ ਦੀ ਸਹਾਇਤਾ ਰਾਹੀਂ ਪ੍ਰਭੂ ਪਰਮਾਤਮਾ ਦੇ ਪ੍ਰਤੱਖ ਮਿਲਾਪ ਨੂੰ ਪ੍ਰਾਪਤ ਕੀਤਾ ਹੈ। ਉਨ੍ਹਾਂ ਵਡਭਾਗੀ ਜੀਵਾਂ ਦੀਆਂ ਸਾਰੀਆਂ ਇੱਛਾਵਾਂ ਪੂਰੀਆਂ ਹੋ ਜਾਂਦੀਆਂ ਹਨ।ਉਹ ਸੰਗਤ ਵਿੱਚ ਪ੍ਰਭੂ ਮਿਲਾਪ ਦੀ ਖੁਸ਼ੀ ਦੇ ਗੀਤ ਗਾਉਂਦੇ ਹਨ। ਉਨ੍ਹਾਂ ਨੂੰ ਹਰੀ ਵਰਗਾ ਕੋਈ ਹੋਰ ਵਿਖਾਈ ਹੀ ਨਹੀਂ ਦਿੰਦਾ। ਉਨ੍ਹਾਂ ਦਾ ਹਲਤ ਪਲਤ ਪ੍ਰਭੂ ਸਵਾਰ ਦਿੰਦਾ ਹੈ।ਉਹ ਨਿਹਚਲ ਸਥਾਨ ਪ੍ਰਾਪਤ ਕਰਦੇ ਹਨ, ਜਨਮ ਮਰਨ ਤੋਂ ਮੁਕਤ ਹੋ ਜਾਂਦੇ ਹਨ। ਗੁਰੂ ਸਾਹਿਬ ਫੁਰਮਾਉਂਦੇ ਹਨ ਮੈਂ ਇਕ ਜੀਭ ਨਾਲ ਤੇਰੇ ਅਨੰਤ ਗੁਣਾਂ ਦਾ ਗਿਆਨ ਨਹੀਂ ਕਰ ਸਕਦਾ।ਫੱਗਣ ਦੇ ਦਿਨਾਂ ਵਿੱਚ ਹੋਲੀਆਂ ਵਿੱਚੋਂ ਅਨੰਦ ਲੱਭਣ ਦੀ ਥਾਂ ਪਰਮਾਤਮਾ ਦੀ ਸਿਫਤ ਸਲਾਹ ਕਰਨ ਵਿੱਚ ਹੀ ਭਲਾ ਹੈ। ਅੰਤਲੀ ਪਉੜੀ ਵਿੱਚ ਇਸ ਰਚਨਾ ਦਾ ਸਾਰ ਹੈ ਜਿਸ ਵਿੱਚ ਗੁਰੂ ਸਾਹਿਬ ਦੱਸਦੇ ਹਨ ਕਿ ਜਿਹਨਾਂ ਨੇ ਪਰਮਾਤਮਾ ਦੇ ਨਾਮ ਦੀ ਅਰਾਧਨਾ ਕੀਤੀ ਹੈ, ਗੁਰੂ ਉਹਨਾਂ ਦੇ ਕਾਰਜ ਰਾਸ ਕਰਦਾ ਹੈ ਅਤੇ ਉਹਨਾਂ ਨੂੰ ਦਰਗਾਹ ਵਿੱਚ ਥਾਂ ਪ੍ਰਾਪਤ ਹੁੰਦੀ ਹੈ। ਪ੍ਰਭੂ ਦੇ ਚਰਨਾਂ ਵਿੱਚ ਹੀ ਸਰਬ ਸੁਖਾਂ ਦਾ ਖਜ਼ਾਨਾ ਹੈ ਅਤੇ ਸੰਸਾਰ ਤੋਂ ਤਾਰਨ ਵਾਲਾ ਪ੍ਰਭੂ ਹੈ, ਉਹਨਾਂ ਨੂੰ ਮਾਇਆ ਦੀ ਤ੍ਰਿਸ਼ਨਾ ਵੀ ਕੁਝ ਨਹੀਂ ਆਖਦੀ। ਉਹਨਾਂ ਦਾ ਲਾਲਚ, ਭਟਕਣਾ ਸਭ ਖਤਮ ਹੋ ਜਾਂਦਾ ਹੈ ਜੋ ਇੱਕ ਪਰਮਾਤਮਾ ਉੱਤੇ ਟੇਕ ਰੱਖਦੇ ਹੋਏ, ਇੱਕ ਪਰਮਾਤਮਾ ਦੀ ਜੋਤ ਨੂੰ ਆਪਣੇ ਅੰਦਰ ਵਸਾ ਕੇ ਉਸ ਦਾ ਸਿਮਰਨ ਕਰਦੇ ਹਨ।

### 1.7.6 ਸਿੱਟਾ

ਜਿਹਨਾਂ ਉੱਤੇ ਪਰਮਾਤਮਾ ਦੀ ਮਿਹਰ ਦੀ ਨਦਰ ਹੋ ਗਈ, ਉਹਨਾਂ ਵਾਸਤੇ ਸਾਰੇ ਮਹੀਨੇ, ਦਿਨ ਵਾਰ, ਮਹੂਰਤ ਭਲੇ ਹਨ। ਸ੍ਰੀ ਗੁਰੂ ਅਰਜਨ ਦੇਵ ਜੀ ਪਰਮਾਤਮਾ ਅੱਗੇ ਅਰਦਾਸ ਕਰਦੇ ਹਨ ਕਿ ਹੇ ਰੱਬ ਜੀ ! ਜਿਹਨਾਂ

ਉੱਤੇ ਤੇਰੀ ਕ੍ਰਿਪਾ ਹੋ ਗਈ, ਉਹਨਾਂ ਲਈ ਸਾਰੇ ਦਿਨ, ਮਹੀਨੇ ਤੇ ਵਾਰ ਸੁਲੱਖਣੇ ਹਨ।ਇਸ ਲਈ ਤੂੰ ਮੇਰੇ ਤੇ ਵੀ ਕ੍ਰਿਪਾ ਕਰ, ਮੈਂ ਤੇਰੇ ਕੋਲੋਂ ਇਹੀ ਦਾਨ ਮੰਗਦਾ ਹਾਂ ਕਿ ਮੇਰਾ ਤੇਰੇ ਚਰਨਾਂ ਵਿੱਚ ਵਾਸਾ ਹੋ ਜਾਵੇ।

### 1.7.7 ਸਹਾਇਕ ਪੁਸਤਕਾਂ

1. ਪਿਆਰਾ ਸਿੰਘ ਪਦਮ, ਸ੍ਰੀ ਗੁਰੂ ਗ੍ਰੰਥ ਸਾਹਿਬ।
2. ਟੀਕਾਕਾਰ, ਪ੍ਰੋ. ਸਾਹਿਬ ਸਿੰਘ, ਬਾਰਹਮਾਹ ਤੁਖਾਰੀ ਤੇ ਮਾਂਝ ਬਹੁਪੱਖੀ ਵਿਚਾਰ।

# Mandatory Student Feedback Form

https://forms.gle/KS5CLhvpwrpgjwN98

Note: Students, kindly click this google form link, and fill this feedback form once.